A1 Roofing & Siding Ltd.
• ROOFING • SIDING • SOFFIT • STUCCO • HARDIE • FASCIA • EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 13 No: 294 Website : www.punjabiakhbaar.ca Email: editor@punjabiakhbaar.ca Friday, 19 June 2026

# ਮੈਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਵੀਡੀਓ ਵਿਚਲਾ ਸ਼ਖ਼ਸ ਮੈਂ ਨਹੀਂ ਹਾਂ : ਭਗਵੰਤ ਮਾਨ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ) ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੌਜੂਦਾ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਗੁਰੂ ਦੋਖੀ ਅਤੇ ਪੰਥ ਵਿਰੋਧੀ ਐਲਾਨੇ ਜਾਣ ਤੋਂ ਬਾਅਦ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਖੁਦ ਇਸ ਵਿਵਾਦਤ ਵੀਡੀਓ ਵਿੱਚ ਖੁਦ ਦੇ ਹੋਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਮਾਨ ਨੇ ਇੱਕ ਵੀਡੀਓ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਦਿਲੋਂ ਸਤਿਕਾਰ ਕਰਦੇ ਹਨ, ਪਰ ਮੌਜੂਦਾ ਅਹੁਦੇਦਾਰ, ਜੋ ਕਿ ਸਿਆਸੀ ਤੌਰ 'ਤੇ ਨਿਯੁਕਤ ਕੀਤੇ ਗਏ ਹਨ, ਆਪਣੇ ਸਿਆਸੀ ਆਕਾਵਾਂ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਖ਼ਿਲਾਫ਼ ਬੇਬੁਨਿਆਦ ਦੋਸ਼ ਲਗਾ ਰਹੇ ਹਨ। ਉਨ੍ਹਾਂ ਕਿਹਾ, ਮੈਨੂੰ ਬਦਨਾਮ ਕਰਨ ਲਈ ਮੇਰੇ ਖ਼ਿਲਾਫ਼ ਇੱਕ ਝੂਠਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਭਗਵੰਤ ਮਾਨ ਨੂੰ 'ਗੁਰੂ ਦੋਖੀ' ਕਰਾਰ ਦਿੰਦਿਆਂ ਦਾਅਵਾ ਕੀਤਾ ਸੀ ਕਿ ਉਕਤ ਵਿਵਾਦਤ ਵੀਡੀ ? ਦੀ ਦੋ ਫੋਰੈਂਸਿਕ ਲੈਬਾਰਟਰੀਆਂ ਤੋਂ ਜਾਂਚ ਕਰਵਾਈ ਗਈ ਹੈ, ਜਿਸ ਵਿੱਚ ਉਹ ਬਿਲਕੁਲ ਸਹੀ ਪਾਈ ਗਈ ਹੈ। ਇਨ੍ਹਾਂ ਤੱਥਾਂ ਦੇ ਅਧਾਰ 'ਤੇ ਜਥੇਦਾਰ ਨੇ ਸਿੱਖ ਸੰਗਤ ਨੂੰ ਮੁੱਖ ਮੰਤਰੀ ਮਾਨ ਨਾਲ ਕਿਸੇ ਵੀ ਤਰ੍ਹਾਂ ਦਾ ਸਾਂਝਾ ਨਾਤਾ ਨਾ ਰੱਖਣ ਦਾ ਹੁਕਮਨਾਮਾ ਜਾਰੀ ਕੀਤਾ ਸੀ।ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਪੰਜਾਬ ਦੀ ਕਿਸਾਨੀ, ਪਾਣੀਆਂ ਅਤੇ ਜਵਾਨੀ ਨੂੰ ਬਚਾਉਣ ਲਈ ਉਨ੍ਹਾਂ ਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਬੌਖਲਾ ਗਈਆਂ ਹਨ ਅਤੇ ਹੁਣ ਸਿਆਸੀ ਲਾਹੇ ਲਈ ਸਿੱਖ ਧਰਮ ਦੀ ਵਰਤੋਂ ਕਰ ਰਹੀਆਂ ਹਨ। ਉਨ੍ਹਾਂ ਇਹ ਵੀ ਕਿਹਾ, ਮੈਂ ਇਹ ਸਾਰਾ ਮਾਮਲਾ ਗੁਰੂ ਨਾਨਕ ਨਾਮ ਲੇਵਾ ਸੰਗਤ ਦੀ ਕਚਹਿਰੀ ਵਿੱਚ ਛੱਡਦਾ ਹਾਂ। ਸੰਗਤ ਚੰਗੀ ਤਰ੍ਹਾਂ ਜਾਣਦੀ ਹੈ ਕਿ ਅਕਾਲ ਤਖ਼ਤ 'ਤੇ ਸਿਆਸੀ ਨਿਯੁਕਤੀਆਂ ਕਿਸ ਤਰ੍ਹਾਂ ਹੁੰਦੀਆਂ ਹਨ। ਮੇਰੇ ਖ਼ਿਲਾਫ਼ ਜਾਰੀ ਕੀਤੇ ਗਏ ਫ਼ਰਮਾਨ ਦੇ ਅਧਾਰ (ਵੀਡੀਓ) ਨੂੰ ਮੈਂ ਪੂਰੀ ਤਰ੍ਹਾਂ ਰੱਦ ਕਰਦਾ ਹਾਂ। ਮੁੱਖ ਮੰਤਰੀ ਨੇ ਬਿਨਾਂ ਕਿਸੇ ਦਾ ਨਾਂ ਲਏ (ਪਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲ ਇਸ਼ਾਰਾ ਕਰਦਿਆਂ) ਤਿੱਖਾ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਵਿਰੋਧੀਆਂ ਨੂੰ ਪਤਾ ਹੈ ਕਿ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸੋਧ ਐਕਟ' ਉਨ੍ਹਾਂ ਦੇ ਸਿਆਸੀ ਹਿੱਤਾਂ ਦੇ ਖ਼ਿਲਾਫ਼ ਜਾ ਰਿਹਾ ਹੈ, ਇਸੇ ਲਈ ਇਹ ਹੱਥਕੰਡੇ ਅਪਣਾਏ ਜਾ ਰਹੇ ਹਨ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher, Senior Administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

GOLDEN HARMONY CARE
ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆਕੇ ਅਸੀਂ ਕਰਾਂਗੇ
ਆਪਣੇ ਘਰ ਵਿੱਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ।
ਹੁਣੇ ਕਾਲ ਕਰੋ - 403-439-6688
goldenharmonycare@gmail.com
info@goldenharmonycare.ca
www.goldenharmonycare.ca
ਘਰ ਵਿੱਚ ਦੇਖਭਾਲ ਸੇਵਾ
- ਨਿੱਜੀ ਦੇਖਭਾਲ
- ਡਿਮੈਂਸ਼ੀਆਂ ਕੇਅਰ
- ਖਾਣਾ ਬਣਾਉਣਾ
- ਸਫਾਈ
- ਸਾਥ-ਸੰਗਤ
- ਹੋਸਪਿਸ ਸਮਰਥਨ
- ਆਵਾਜਾਈ ਸੇਵਾ
- ਰੈਸਪਾਈਟ ਕੇਅਰ
- ਨਰਸਿੰਗ ਸੇਵਾਵਾਂ
- 24 ਘੰਟੇ ਦੇਖਭਾਲ
ਮਰੀਜ਼ ਲਈ ਕੋਈ ਖਰਚਾ ਨਹੀਂ
ਏਐਚਐਸ ਦੁਆਰਾ ਮਨਜ਼ੂਰ
ਸੀਡੀਐਚਸੀਆਈ ਦੁਆਰਾ ਮਨਜ਼ੂਰ
ਸਰਕਾਰੀ ਫੰਡ ਨਾਲ ਘਰ ਵਿੱਚ ਦੇਖਭਾਲ ਦੀਆਂ ਸੇਵਾਵਾਂ।
Golden Harmony Care ਤੁਹਾਡੀਆਂ ਮਨਜ਼ੂਰਸ਼ੁਦਾ ਸੇਵਾਵਾਂ ਲਈ AHS ਨੂੰ ਸਿੱਧਾ ਬਿੱਲ ਭੇਜਦਾ ਹੈ, ਬਿਨਾਂ ਕੋਈ ਵਾਧੂ ਖਰਚਾ ਲਏ।
ਕੈਲਗਰੀ, ਐਡਮੰਟਨ ਅਤੇ ਆਲੇ-ਦੁਆਲੇ ਦੇ ਸਾਰੇ ਖੇਤਰਾਂ ਵਿੱਚ ਸੇਵਾ ਪ੍ਰਦਾਨ ਕਰਦਾ ਹੈ
ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM · Dominion Lending Centres

SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
Affinity CABINETS
· Closets · Wet Bars · Book Shelving · Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ, ਵੈੱਟਬਾਰ, ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

# ਗੱਲ ਤਾਂ ਪਰਦੇ ਦੀ ਹੀ ਹੈ !

TWC

TIMELESS WINDOW COVERINGS

ਘਰ ਨਵਾਂ ਹੋਵੇ ਜਾਂ
ਪੁਰਾਣਾ ਉਹਦੀ ਦਿੱਖ
ਤਾਂ ਪਰਦਿਆਂ ਨਾਲ ਹੀ ਬਣਦੀ ਐ !



ਸਾਡੇ ਕੋਲ ਵਿੰਡੋ ਬਲਾਈਂਡ
ਦੀ ਬੇ-ਸ਼ੁਮਾਰ ਵਰਾਇਟੀ ਹੈ

ਕਾਲ: 403 953 1000

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ
ਆਕੇ ਹੀ ਤੁਹਾਨੂੰ ਡਿਜ਼ਾਈਨ
ਦਿਖਾਕੇ ਤੁਹਾਡੀ
ਪਸੰਦ ਦੇ ਬਲਾਈਂਡ
ਬਣਾਕੇ ਦੇਣਗੇ।

E Mail: Contact@twcoverings.com

Web: www.twcoverings.com

Timelesswindowcoverings

ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar
Vol: 13 No: 294 Website : www.punjabiakhbaar.ca Email: editor@punjabiakhbaar.ca Friday, 19 June 2026

# ਲੈਂਗਲੀ 'ਚ ਆਯੋਜਿਤ ਅਕਾਲੀ ਆਗੂਆਂ ਦੀ ਰੈਲੀ ਦੌਰਾਨ ਪੰਜਾਬ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ



ਵੈਨਕੂਵਰ, (ਮਲਕੀਤ ਸਿੰਘ)- ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਲੈਂਗਲੀ ਖੇਤਰ ਵਿੱਚ ਸਥਾਨਕ ਅਕਾਲੀ ਵਰਕਰਾਂ ਵੱਲੋਂ ਆਯੋਜਿਤ ਅਕਾਲੀ ਦਲ ਦੀ ਰੈਲੀ ਚ ਪੰਜਾਬ ਕੈਨੇਡਾ ਤੋਂ ਪੁੱਜੇ ਅਕਾਲੀ ਦਲ ਦੇ ਡੈਲੀਗੇਸ਼ਨ ਚ ਸ਼ਾਮਿਲ ਵੱਖ-ਵੱਖ ਅਕਾਲੀ ਆਗੂਆਂ ਨੇ ਸੰਬੋਧਨ ਕਰਦਿਆਂ ਪੰਜਾਬ ਬਿਜਲੀ ਮੌਜੂਦਾ ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਦੀਆਂ ਵੱਖ ਵੱਖ ਲੋਕ ਮਾਰੂ ਨੀਤੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਇੱਕ ਅਜਿਹੀ ਸਿਆਸੀ ਜਮਾਤ ਹੈ ਜੋ ਪੰਜਾਬ ਅਤੇ ਪੰਜਾਬੀਅਤ ਦੇ ਹੱਕਾਂ ਲਈ ਤਤਪਰ ਅਤੇ ਵਜਨਬੱਧ ਹੈ

ਵੱਖ ਵੱਖ ਬੁਲਾਰਿਆਂ ਨੇ ਆਪਣੀਆਂ ਸੰਖੇਪ ਤਕਰੀਰਾਂ ਦੌਰਾਨ ਪੰਜਾਬ ਚ ਵਿਗੜ ਚੁੱਕੇ ਆ ਹਾਲਾਤਾਂ ਦਾ ਜ਼ਿਕਰ ਕਰਦਿਆਂ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਵਾਅਦਿਆਂ ਤੇ ਖਰੀ ਨਹੀਂ ਉਤਰੀ ਅਤੇ ਹੁਣ ਪੰਜਾਬ ਦੇ ਲੋਕ ਇਸ ਤੋਂ ਨਿਜਾਤ ਚਾਹੁੰਦੇ ਹਨ ਜਿਸ ਕਾਰਨ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਚ ਅਕਾਲੀ ਦਲ ਦੀ ਸਰਕਾਰ ਬਣਨੀ ਤੈਅ ਹੈਕਰਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੀ ਹੋਈ ਪਾਰਟੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਪਾਰਟੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਹਰ ਵਰਗ ਦੇ ਸਹਿਯੋਗ ਦੀ ਲੋੜ ਹੈ।

ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਅਕਾਲੀ ਆਗੂ ਗੁਰਪ੍ਰੀਤ ਸਿੰਘ ਝੱਬਰ, ਬਰਜਿੰਦਰ ਸਿੰਘ ਮੱਖਣ ਬਰਾੜ, ਪਰਮਜੀਤ ਸਿੰਘ ਢਿੱਲੋ, ਜਸਪ੍ਰੀਤ ਸਿੰਘ ਮਾਹਲਾ, ਐਡਵੋਕੇਟ ਰਾਜਕਮਲ ਸਿੰਘ, ਮਨਪ੍ਰੀਤ ਸਿੰਘ ਝੱਬਰ ਸਤਵਿੰਦਰ ਪਾਲ ਸਿੰਘ ਸ਼ਰਨਜੀਤ ਸਿੰਘ ਢਿੱਲੋਂ, ਹਰਜਾਪ ਸਿੰਘ ਸੰਘਾ, ਸਤਵਿੰਦਰ ਸਿੰਘ ਢੱਟ, ਗੁਰਬਖਸ਼ ਸਿੰਘ ਬਾਗੀ, ਉੱਘੇ ਗਾਇਕ ਕੇ ਐਸ ਮੱਖਣ, ਬਲਵਿੰਦਰ ਸਿੰਘ ਕਾਹਲਵਾਂ ਆਦਿ ਆਗੂਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ

ਅੱਜ ਦੀ ਇਸ ਰੈਲੀ ਨੂੰ ਅਕਾਲੀ ਆਗੂ ਪਰਮਬੰਸ ਸਿੰਘ ਬੰਟੀ ਰਮਾਣਾ ਨੇ ਵੀਡੀਓ ਕਾਨਫਰੰਸ ਰਾਹੀਂ ਵੀ ਸੰਬੋਧਨ ਕੀਤਾ ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਗੁਰਦੀਪ ਪੈਂਥਰ, ਬੇਅੰਤ ਕੌਰ ਖਹਿਰਾ, ਸੁਰਿੰਦਰ ਪਾਲ ਸਿੰਘ ਔਲਖ,ਜਗਜੀਤ ਸਿੰਘ ਢਿੱਲੋਂ (ਜੀਤਾ ਦੀਵਾਨੇ),ਵਿਕੀ ਧਾਲੀਵਾਲ ਮੋਗਾ, ਹਰਜੋਤ ਸੰਧੂ, ਲਖਵੀਰ ਮਾਨ ਰਾਜੇਆਣਾ, ਹਰਬਖਸ ਰਾਏ ਧੂਰਕੋਟ,ਰਣਜੀਤ ਸੰਧੂ ਕਪੂਰੇ, ਭਾਗ ਸਿੰਘ, ਕੁਲਵੰਤ ਬਾਪਲਾ, ਗੁਰਮੀਤ ਰਾਏ, ਹਰਦੀਪ ਹੈਰੀ ਮਹਲਕੱਲਾ,ਹਰਦੀਪ ਪਰਮਾਰ, ਹਰਦਿਆਲ ਥਿੰਦ ਆਦਿ ਅਕਾਲੀ ਵਰਕਰ ਵੀ ਹਾਜ਼ਰ ਸਨ।

RANDY SINGH
306.361.7810
REALTOR®, CENTURY 21 Fusion
Residential | Commercial | Farm
Home Buyer & Listing Specialist!
Serving Saskatoon, Warman, Martensville and surrounding area, offering the highest level of expertise and service with integrity.
AWARD WINNING SERVICE
CENTURION® Team (C21 Canada 2025)
Top 30 Under 30 by Units (C21 Canada 2023)
Not intended to solicit properties currently listed for sale or buyers under contract. Each office is independently owned and operated.
randy.singh@c21.ca | randysinghrealty.com

Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorhip · Refugee Applications
· Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigraton Consultant)
306-201-4464
Regina, SK navimmigrationservices@gmail.com

Bullet
Now Hiring
We are hiring Company Drivers & Owner Operators for USA Open Board
SPECIAL OFFER
- Steady Milage and Home time
- Bi Week Directly diposit
- Execellent equipment Dedicated to you
- Paid Border cross and waiting time
- after 2 hHours !
MUST HAVE
- Clean Driver Abstract and CVOR
- Clear Crimnal Search
- Minimum 6 months verifiable experience
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca 306-914-7733/647-221-4700

WE'RE IN THE PEOPLE BUSINESS, WE JUST HAPPEN TO DO MORTGAGES.®
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
VINE GROUP MORTGAGE BROKERAGE
LIC. 512011
200 1965 Broad Street, Regina, SK S4P 1Y1

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

PUNJAB TOWING
Punjab Towing Regina (SK)
New horizon park #9 building, Pilot Butte, SK S0G 3Z0
Punjab Towing Swift Current (SK )
1975 Chaplin St W, Swift Current, SK S9H 5G6
1 306 552 9629, 1 306 510 4929
Dispatch@punjabtowing.co
Semi truck, trailer towing expert
Tow & recovery, storage service
Anywhere in SK, AB, MB, BC, ON 24/7 available

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET , REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

# ਨਸਲਵਾਦ ਦੇ ਖਿਲਾਫ਼ ਜਾਗਰੂਕਤਾ ਸਬੰਧੀ ਕੈਂਪ ਲਗਾਇਆ ਗਿਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨੌਰਥ ਔਫ ਮੈਕਨਾਇਟ ਕਮਿਉਨਿਟੀ ਸੁਸਾਇਟੀ (ਿੰਛ) ਵੱਲੋਂ ਨਸਲਵਾਦ ਦੇ ਖਿਲਾਫ਼ ਜਾਗਰੂਕਤਾ ਫੈਲਾਉਣ ਦੇ ਮਕਸਦ ਨਾਲ ਚਲਾਏ ਜਾ ਰਹੇ ਕੋਰਸ ਦੀ ਪੰਜਵੀਂ ਲੜੀ ਬੀਤੇ ਸ਼ਨੀਵਾਰ ਜੈਨੇਸਿਸ ਸੈਂਟਰ ਵਿੱਚ ਚਲਾਈ ਗਈ। ਲਲਿਤਾ ਸਿੰਘ ਨੇ ਸੈਸ਼ਨ ਦੇ ਮੁੱਖ ਵਕਤਾ ਸੀਨੀਅਰ ਪੱਤਰਕਾਰ ਰਿਸ਼ੀ ਨਾਗਰ ਨਾਲ ਜਾਣ ਪਛਾਣ ਕਰਵਾਈ। ਰਿਸ਼ੀ ਨਾਗਰ ਨੇ ਆਪਣੇ ਕੋਰਸ ਦੇ ਚੌਥੇ ਮੌਡਿਊਲ ਵਿੱਚ ਕੈਨੇਡੀਅਨ ਨਸਲਵਾਦ, ਇਸ ਦੀ ਸ਼ੁਰੂਆਤ, ਫੈਲਾਅ, ਕਾਰਨ, ਰੋਕ ਅਤੇ ਖ਼ਾਤਮੇ ਦੇ ਵੱਖ ਵੱਖ ਹਿਸਿਆਂ ਨੂੰ ਰੌਚਕ ਢੰਗ ਨਾਲ ਸਲਾਇਡਾਂ ਰਾਹੀਂ ਸਮਝਾਇਆ। ਬਾਦ ਵਿੱਚ ਸਵਾਲ ਜਵਾਬ ਵੀ ਕੀਤੇ ਗਏ ਤੇ ਸੁਸਾਇਟੀ ਵੱਲੋਂ 25 ਦੇ ਕਰੀਬ ਕੋਰਸ ਸਿਖਿਆਰਥੀਆਂ ਸਮੇਤ ਸਾਰਿਆਂ ਲਈ ਪੀਜ਼ੇ ਦਾ ਬੰਦੋਬਸਤ ਵੀ ਕੀਤਾ ਗਿਆ ਸੀ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220










ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store
Play Store



# “ਚਾਂਦਨੀ ਚੌਂਕ ਤੋਂ ਸਰਹਿੰਦ ਤੱਕ” ਅਤੇ “ਧਰਤਿ ਵੰਗਾਰੇ ਤਖ਼ਤ ਨੂੰ” ਨਾਟਕ ਹਰਕੇਸ਼ ਚੌਧਰੀ ਜੀ ਦੀ ਨਿਰਦੇਸ਼ਨਾ ਹੇਠ ਪੇਸ਼ ਕੀਤੇ ਗਏ

## “ਜੇ ਕਿਸੇ ਜ਼ੁਲਮ ਨੂੰ ਤੁਸੀਂ ਤਮਾਸ਼ਬੀਨ ਬਣ ਕੇ ਵੇਖਦੇ ਹੋ ਤਾਂ ਤੁਹਾਨੂੰ ਉਸ ਤਮਾਸ਼ੇ ਦੀ ਕੀਮਤ ਉਤਾਰਨੀ ਪਵੇਗੀ






ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ 15ਵੇਂ ਸੋਹਣ ਮਾਨ ਯਾਦਗਾਰੀ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਵਾਰ ਦਾ ਸਮਾਗਮ ਬੱਬਰ ਅਕਾਲੀ ਲਹਿਰ ਦੇ ਘੁਲਾਟੀਆਂ ਨੂੰ ਸਮਰਪਿਤ ਕੀਤਾ ਗਿਆ। ਜਿਹੜੇ ਸੌ ਵਰ੍ਹੇ ਪਹਿਲਾਂ ਲਾਹੌਰ ਸੈਂਟਰਲ ਜੇਲ੍ਹ ਵਿੱਚ ਸ਼ਹਾਦਤਾਂ ਦਾ ਜਾਮ ਪੀ ਗਏ ਸਨ। ਸਮਾਗਮ ਦੀ ਸ਼ੁਰੂਆਤ ਵਿੱਚ ਸੋਹਣ ਮਾਨ ,ਸਵਰਨ ਭੰਗੂ ਅਤੇ ਹਰਬਖ਼ਸ਼ ਸਰੋਆ ਅਤੇ ਵਿੱਦਿਆ ਭੈਣ ਜੀ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਰੈੱਡ ਐਫ ਐਮ ਰੇਡੀਓ ਦੇ ਹੋਸਟ ਰਿਸ਼ੀ ਨਾਗਰ ਨੇ ਸ਼ੁਰੂਆਤੀ ਸ਼ਬਦ ਬੋਲ ਦਿਆਂ ਕਿਹਾ ਕਿ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਡੇ ਯਤਨ ਕਰ ਰਹੀ ਹੈ। ਉਹਨਾਂ ਨੇ ਇਹਨਾਂ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਉਪਰੰਤ ਪ੍ਰੋਗਰੈਸਿਵ ਕਲਾ ਮੰਚ ਦੇ ਛੋਟੇ ਛੋਟੇ ਬੱਚਿਆਂ ਨੇ ਕੋਰੀਓਗ੍ਰਾਫੀ ਪੇਸ਼ ਕੀਤੀ “ਅੰਮੜੀ ਦਾ ਕੱਤਿਆ ਸਾਂਭੀ ਸੂਟ ਮੇਰੀਏ ਦਾਨੀਏ ਧੀਏ” ਬੱਚਿਆਂ ਦੀ ਪੇਸ਼ਕਾਰੀ ਤੋਂ ਉਹਨਾਂ ਦੁਆਰਾ ਕੀਤੀ ਮਿਹਨਤ ਸਾਫ਼ ਝਲਕਦੀ ਸੀ। ਇਸ






ਤੋਂ ਤੁਰੰਤ ਬਾਅਦ ਨਾਟਕ ਮੇਲੇ ਦਾ ਪਹਿਲਾ ਨਾਟਕ ਗੁਰਸ਼ਰਨ ਭਾਅ ਜੀ ਦੀ ਰਚਨਾ “ਚਾਂਦਨੀ ਚੌਂਕ ਤੋਂ ਸਰਹਿੰਦ ਤੱਕ” ਨਾਟਕ ਹਰਕੇਸ਼ ਚੌਧਰੀ ਜੀ ਦੀ ਨਿਰਦੇਸ਼ਨਾ ਹੇਠ ਪੇਸ਼ ਕੀਤਾ ਗਿਆ। ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕਰਨ ਦਾ ਸੰਦੇਸ਼ ਦਿੰਦਾ ਨਾਟਕ ਪੂਰੀ ਤਰ੍ਹਾਂ ਨਾਲ ਕਾਮਯਾਬ ਰਿਹਾ ਕਿ ਸਾਡੇ ਵਿਰਸੇ ਵਿੱਚ ਗੁਰੂ ਸਾਹਿਬਾਨ ਨੇ ਜ਼ੁਲਮ ਨਾਲ ਟੱਕਰ ਲਈ ਸੀ।ਉਹ ਜ਼ੁਲਮ ਵਿਰੁੱਧ ਲੜੇ ਸਨ। ਉਹਨਾਂ ਦੇ ਵਾਰਸਾਂ ਨੂੰ ਵੀ ਅੱਜ ਜ਼ੁਲਮ ਖਿਲਾਫ ਮਾਨਵਤਾ ਬਚਾਉਣ ਦੀ ਲੜਾਈ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਣਾ ਚਾਹੀਦਾ ਹੈ। ਨਾਟਕ ਦੀ ਪੇਸ਼ਕਾਰੀ ਕਮਾਲ ਦੀ ਸੀ।ਨਾਟਕ ਦਰਸ਼ਕਾਂ ਨੂੰ ਹਸਾਇਆ ਵੀ , ਭਾਵੁਕ ਵੀ ਕੀਤਾ। ਔਰੰਗਜ਼ੇਬ ਦਾ ਜਬਰ ਗੁਰੂ ਤੇਗ ਬਹਾਦਰ ਜੀ ਦਾ ਸਬਰ ਅਤੇ ਵਜ਼ੀਰ ਖਾਨ ਦਾ ਜ਼ੁਲਮ ਸਿਤਮ ਅਤੇ ਸਾਹਿਬਜ਼ਾਦਿਆਂ ਦਾ ਸਿਦਕ ਦਰਸ਼ਕਾਂ ਨੂੰ ਨਾਟਕ ਵਿੱਚ ਵਾਰ ਵਾਰ ਝੰਜੋੜਦੇ ਰਹੇ ਕਿ ਜੇਕਰ ਤੁਸੀਂ ਕਿਸੇ ਜ਼ੁਲਮ ਨੂੰ ਤਮਾਸ਼ਬੀਨ ਬਣ ਦੇਖਦੇ ਹੋ ਤਾਂ ਤੁਹਾਨੂੰ ਉਸ ਤਮਾਸ਼ੇ ਦੀ ਕੀਮਤ ਉਤਾਰਨੀ ਪਵੇਗੀ ਤੁਹਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਉਤਾਰਨੀ ਪਵੇਗੀ।ਨਾਟਕ ਪੂਰੀ ਕਾਮਯਾਬੀ ਨਾਲ ਪੇਸ਼ ਹੋਇਆ। ਦਰਸ਼ਕਾਂ ਨੇ ਨਾਟਕ ਖ਼ਤਮ ਹੁੰਦਿਆਂ ਹੀ ਖੜ੍ਹੇ ਹੋ ਕੇ ਭਰਪੂਰ ਤਾੜੀਆਂ ਮਾਰਕੇ ਨਾਟਕ ਦਾ ਅਭਿਨੰਦਨ ਕੀਤਾ।ਇਸ ਨਾਟਕ ਵਿੱਚ ਜਸਵਿੰਦਰ ਕੌਰ ਜੱਸ,ਕਮਲ ਸਿੱਧੂ,ਅੰਮ੍ਰਿਤ ਪਾਲ,ਬੋਬੀ ਢਿੱਲੋਂ, ਨਵਕਿਰਨ ਢੁੱਡੀਕੇ,ਅਮਰਜੀਤ ਗਿੱਲ,ਦਿਲਪ੍ਰੀਤ ਸਿੰਘ,ਸੰਦੀਪ ਗਿੱਲ, ਹਰਕੀਰਤ ਧਾਲੀਵਾਲ ਧਾਲੀਵਾਲ,ਜਸਕਰਨ ਪੁਰਬਾ,ਸਫ਼ਲ ਮਾਲਵਾ, ਹਰਪ੍ਰੀਤ ਕੌਰ,ਗੁਨੀਵ ਕੌਰ,ਸਿਦਕ ਆਦਿ ਨੇ ਸ਼ਾਨਦਾਰ ਭੂਮਿਕਾ ਨਿਭਾਈ। ਮਿਊਜ਼ਿਕ ਤੇ ਐਨੀਆਂ ਨਾਲ ਅਤੇ ਲਾਇਟਿੰਗ ਤੇ ਸਾਹਿਬ ਪੰਧੇਰ, ਮੇਕਅੱਪ ਲਈ ਸੁਖਮਨੀ ਅਤੇ ਅੰਸ਼ ਗਿੱਲ, ਸੈੱਟ ਬਣਾਉਣ ਵਿਚ ਜਸ਼ਨ ਗਿੱਲ,ਹਰਮਨ ਸ਼ੇਖੋਂ,ਅਤੇ ਹਰਮਨ ਢੁਡੀਕੇ ਨੇ ਸਹਿਯੋਗ ਦਿੱਤਾ।ਇਸ ਮੌਕੇ ਤੇ ਹਰਕੇਸ਼ ਚੌਧਰੀ ਨੇ ਬੱਬਰ ਅਕਾਲੀ ਲਹਿਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਨਾਲ ਹੀ ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵਿਖੇ ਸਹਾਇਤਾ ਕਰਨ ਵਾਲੇ ਰਿਸ਼ੀ ਨਾਗਰ,ਹਰਚਰਨ ਪਰਹਾਰ,ਹਰਬਖਸ਼ ਸਰੋਆ ਪਰਿਵਾਰ ਦਾ ਧੰਨਵਾਦ ਕੀਤਾ। ਇਸ ਉਪਰੰਤ ਜਸਵੰਤ ਜਗੈਤ ਦੀ ਪੁਸਤਕ “ਹਵਾ ਵਿੱਚ ਲਟਕਦੇ ਲੋਕ “ ਨੂੰ ਰਿਲੀਜ਼ ਕੀਤਾ ਗਿਆ। ਦਰਸ਼ਕਾਂ ਨਾਲ ਹਾਲ ਨੱਕੋਂ ਨੱਕ ਭਰਿਆ ਪਿਆ ਸੀ। ਅਗਲੀ ਕੌਰੀ-ਗ੍ਰਾਫੀ ਬੱਚਿਆਂ ਦੁਆਰਾ ਪੇਸ਼ ਕੀਤੀ ਗਈ “ਬਾਬਲਾ ਪੁਆਦੇ ਬੇੜੀਆਂ” ਪੇਸ਼ਕਾਰੀ ਐਨੀ ਜਾਨਦਾਰ ਸੀ । ਬਹੁਤ ਸਾਰੇ ਦਰਸ਼ਕਾਂ ਨੂੰ ਕੌਰੀ-ਗ੍ਰਾਫੀ ਦੌਰਾਨ ਨਮ ਅੱਖਾਂ ਨੂੰ ਪੂੰਝਦਿਆਂ ਨੂੰ ਦੇਖਿਆ ਗਿਆ। ਸਮਾਗਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਕਮਲਪ੍ਰੀਤ ਪੰਧੇਰ ਨੇ ਬਹੁਤ ਹੀ ਸਾਰਥਕ ਢੰਗ ਨਾਲ ਨਿਭਾਈ।ਇਸ ਉਪਰੰਤ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੇ ਲੰਮੇ ਸਮੇਂ ਤੋਂ ਬਤੌਰ ਅਦਾਕਾਰ ਕੰਮ ਕਰਨ ਵਾਲੇ ਕਮਲ ਸਿੱਧੂ ਅਤੇ ਜਸਵਿੰਦਰ ਜਸ ਦੋ ਕਲਾਕਾਰਾਂ ਨੂੰ ਉਹਨਾਂ ਦੀਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। ਮਾਸਟਰ ਭਜਨ ਸਿੰਘ, ਸੰਦੀਪ ਗਿੱਲ, ਹਰਕੇਸ਼ ਚੌਧਰੀ ,ਨਵਕਿਰਨ ਢੁੱਡੀਕੇ ਜੀ ਵੱਲੋਂ ਇਹ ਸਨਮਾਨਿਤ ਕੀਤਾ ਗਿਆ।ਇਸ ਮੌਕੇ ਤੇ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵਿਖੇ ਕਮਰਾ ਉਸਾਰਨ ਵਾਲੇ ਸਰੋਆ ਪਰਿਵਾਰ ਦਾ ਵੀ ਸਨਮਾਨਿਤ ਕੀਤਾ ਗਿਆ।ਇਹ ਸਨਮਾਨ ਪ੍ਰਧਾਨ ਜਸਵਿੰਦਰ ਕੌਰ ਮਾਨ, ਗੁਰਦੀਪ ਕੌਰ ਪਰਹਾਰ ਗੁਰਚਰਨ ਕੌਰ ਥਿੰਦ ਨੇ ਕੀਤਾ।ਇਸ ਮੌਕੇ ਤੇ ਮਾਸਟਰ ਭਜਨ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਾਡਾ ਮਕਸਦ ਸਮਾਜ਼ ਨੂੰ ਬੇਹਤਰ ਬਣਾਉਣਾ ਹੈ। ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣਾ ਹੈ।ਨਾਟਕ ਸਮਾਗਮ ਸਿਖ਼ਰ ਵੱਲ ਜਾ ਰਿਹਾ ਅਗਲਾ ਨਾਟਕ ਗ਼ਦਰ ਲਹਿਰ ਦੀ ਵੀਰਾਂਗਣਾਂ ਗੁਲਾਬ ਕੌਰ ਦੀ ਜ਼ਿੰਦਗੀ ਤੇ ਅਧਾਰਿਤ ਨਾਟਕ ਹਰਕੇਸ਼ ਚੌਧਰੀ ਜੀ ਦੁਆਰਾ ਰਚਿਤ ਤੇ ਨਿਰਦੇਸ਼ਿਤ ਨਾਟਕ “ਧਰਤਿ ਵੰਗਾਰੇ ਤਖ਼ਤ ਨੂੰ “ਨਾਟਕ ਪੇਸ਼ ਕੀਤਾ ਗਿਆ।ਇਸ ਨਾਟਕ ਨੇ ਗ਼ਦਰ ਲਹਿਰ ਦੇ ਅਣਫੋਲੇ ਵਰਕਿਆਂ ਦੀ ਦਾਸਤਾਨ ਨੂੰ ਪੇਸ਼ ਕੀਤਾ ਗਿਆ। ਅੱਜ ਵੀ ਗ਼ਦਰੀ ਗੁਲਾਬ ਕੌਰ ਦੀਆਂ ਵਾਰਸ ਜੰਮਦੀਆਂ ਹਨ। ਦੇਸ਼ ਭਗਤਾਂ ਨੇ ਕਿੰਨੀਆਂ ਕੁਰਬਾਨੀਆਂ ਕੀਤੀਆਂ ਸਨ।ਦਰਸ਼ਕਾਂ ਦੀਆਂ ਅੱਖਾਂ ਨਮ ਹੋ ਗਈਆਂ ਸਨ।ਨਾਟਕ ਆਪਣਾ ਸੰਦੇਸ਼ ਦੇਣ ਵਿੱਚ ਕਾਮਯਾਬ ਰਿਹਾ। ਨਾਟਕ ਸਮਾਗਮ ਪੂਰਾ ਸਫ਼ਲ ਰਿਹਾ।



# ਡਾ: ਰਘਬੀਰ ਸਿੰਘ ਸਿਰਜਣਾ 'ਇਕਬਾਲ ਅਰਪਨ ਯਾਦਗਾਰੀ ਪੁਰਸਕਾਰ' ਨਾਲ਼ ਸਨਮਾਨਿਤ ਕੀਤੇ ਗਏ










ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ, ਕੈਲਗਰੀ ਦਾ ਪੰਦਰ੍ਹਵਾਂ ਸਾਲਾਨਾ 'ਇਕਬਾਲ ਅਰਪਨ ਯਾਦਗਾਰੀ ਪੁਰਸਕਾਰ' ਸਮਾਗਮ 13 ਜੂਨ ਨੂੰ ਟੈਂਪਲ ਕਮਿਊਨਿਟੀ ਹਾਲ ਵਿਖੇ ਆਯੋਜਿਤ ਕੀਤਾ ਗਿਆ। ਇਸ ਦੀ ਪ੍ਰਧਾਨਗੀ ਜਸਵੰਤ ਸਿੰਘ ਸੇਖੋਂ, ਡਾ: ਰਘਬੀਰ ਸਿੰਘ ਸਿਰਜਣਾ, ਜਨਾਬ ਮੁਨੱਵਰ ਅਹਿਮਦ ਅਤੇ ਕੁਲਦੀਪ ਕੌਰ ਘਟੌੜਾ ਨੇ ਕੀਤੀ। ਅਨੇਕਾਂ ਵੱਡੇ ਸਮਾਗਮਾਂ ਦੇ ਐਮ ਸੀ ਰਹੇ ਜਸਵੰਤ ਸ਼ਰਮਾ ਨੇ ਸਰੀ ਤੋਂ ਆਏ ਮਹਿਮਾਨਾਂ - ਡਾ: ਰਘਬੀਰ ਸਿੰਘ ਸਿਰਜਣਾ, ਸੁਖਵੰਤ ਹੁੰਦਲ, ਹਰਪ੍ਰੀਤ ਸੇਖਾ, ਮੀਡੀਆ ਕਰਮੀਆਂ ਅਤੇ ਸਮੂਹ ਸਾਹਿਤ-ਪ੍ਰੇਮੀਆਂ ਦਾ ਕਾਵਿ-ਟੋਟਕਿਆਂ ਰਾਹੀਂ ਭੂਮਿਕਾ ਬੰਨ੍ਹ ਕੇ ਸਵਾਗਤ ਕੀਤਾ। ਅਗਲੀ ਕਾਰਵਾਈ ਸਕੱਤਰ ਦਰਸ਼ਨ ਬਰਾੜ ਨੇ ਚਲਾਈ। ਹਰਮਿੰਦਰਪਾਲ ਸਿੰਘ ਨੇ ਸ਼ਬਦ-ਗਾਇਨ ਕੀਤਾ। ਸਭਾ ਦੇ ਪ੍ਰਧਾਨ ਜਸਵੰਤ ਸਿੰਘ ਸੇਖੋਂ ਨੇ ਸਭਾ ਦੇ ਪਿਛੋਕੜ, ਕਾਰਜ ਖੇਤਰ, ਉਦੇਸ਼ਾਂ ਅਤੇ ਪ੍ਰਾਪਤੀਆਂ ਬਾਰੇ ਰਿਪੋਰਟ ਪੇਸ਼ ਕੀਤੀ। ਸਨਮਾਨਿਤ ਕੀਤੇ ਜਾਣ ਵਾਲ਼ੇ ਡਾ: ਰਘਬੀਰ ਸਿੰਘ ਸਿਰਜਣਾ ਬਾਰੇ ਬੋਲਦਿਆਂ ਜਗਦੇਵ ਸਿੱਧੂ ਨੇ ਉਨ੍ਹਾਂ ਦੇ ਜੀਵਨ, ਯੋਗਤਾਵਾਂ, ਕਾਰਜ ਖੇਤਰਾਂ, ਅਹੁਦਿਆਂ, ਜ਼ਿੰਮੇਵਾਰੀਆਂ ਅਤੇ ਪ੍ਰਾਪਤੀਆਂ ਉਪਰ ਪੰਛੀ-ਝਾਤ ਪੁਆਈ। ਉਸ ਨੇ ਕਿਹਾ ਕਿ ਡਾ: ਰਘਬੀਰ ਸਿੰਘ ਉੱਘੇ ਪੱਤਰਕਾਰ, ਕਈ ਪੁਸਤਕਾਂ ਦੇ ਲੇਖਕ, ਅਨੁਵਾਦਕ, ਸੰਪਾਦਕ, ਚਿੰਤਕ, ਆਲੋਚਕ ਤੋਂ ਇਲਾਵਾ ਪੰਜ ਦਰਜਨ ਖੋਜ-ਪੱਤਰਾਂ, ਅਨੇਕਾਂ ਕਿਤਾਬਾਂ ਦੇ ਮੁੱਖ ਬੰਦ ਅਤੇ ਕੋਈ 150 ਪੁਸਤਕਾਂ ਦੀਆਂ ਸਮੀਖਿਆਵਾਂ ਲਿਖਣ ਵਾਲ਼ੇ ਸਾਹਿਤ-ਸੂਰਮੇ ਹਨ। ਉਨ੍ਹਾਂ ਨੂੰ ਮਿਲੇ ਪੁਰਸਕਾਰਾਂ ਤੇ ਸਨਮਾਨਾਂ ਦੀ ਸੂਚੀ ਬਹੁਤ ਲੰਮੀ ਹੈ। ਉਨ੍ਹਾਂ ਨੇ 1965 ਵਿੱਚ ਚਾਲੂ ਕੀਤੇ ਤ੍ਰੈਮਾਸਕ ਰਸਾਲੇ 'ਸਿਰਜਣਾ' ਦੁਆਰਾ ਪੰਜਾਬੀ ਵਿੱਚ ਅਨੇਕਾਂ ਲੇਖਕ ਪੈਦਾ ਕੀਤੇ, ਅਨੇਕਾਂ ਲੇਖਕਾਂ ਨੂੰ ਥਿੜਕਣ ਤੋਂ ਬਚਾਇਆ। ਉਸ ਨੇ ਡਾਕਟਰ ਸਾਹਿਬ ਦੁਆਰਾ ਅਧਿਆਪਨ, ਖੋਜ, ਸਾਹਿਤ ਰਚਨਾ ਅਤੇ ਪੱਤਰਕਾਰੀ ਦੇ ਖੇਤਰਾਂ ਵਿੱਚ ਪਾਏ ਵਡਮੁੱਲੇ ਯੋਗਦਾਨ ਸਦਕਾ ਉਨ੍ਹਾਂ ਨੂੰ ਸਾਹਿਤ ਦੇ ਮਹਾਰਥੀ ਕਿਹਾ। ਸਤਨਾਮ ਢਾਅ ਨੇ ਉਨ੍ਹਾਂ ਦੀਆਂ ਉਪਲਬਧੀਆਂ ਦਾ ਸੰਖੇਪ ਬਿਉਰਾ ਦਿੱਤਾ ਅਤੇ ਉਨ੍ਹਾਂ ਦੁਆਰਾ ਸਰਕਾਰੀ ਦਮਨਕਾਰੀ ਨੀਤੀਆਂ ਅਤੇ ਮੁਸ਼ਕਲ ਹਾਲਤਾਂ ਵਿੱਚ ਵੀ ਨਿਰਪੱਖ ਪੱਤਰਕਾਰੀ ਉਪਰ ਨਿੱਡਰਤਾ ਨਾਲ਼ ਪਹਿਰਾ ਦੇਣ ਦੀ ਜੁਰੱਅਤ ਨੂੰ ਸਲਾਹਿਆ। ਡਾ: ਰਘਬੀਰ ਸਿੰਘ ਨੇ ਪੁਰਸਕਾਰ ਸਵੀਕਾਰ ਕਰਦਿਆਂ ਸਭਾ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਇਕਬਾਲ ਅਰਪਨ, ਸਭਾ ਦੇ ਬਾਨੀਆਂ ਕੇਸਰ ਸਿੰਘ ਨੀਰ, ਇਕਬਾਲ ਅਰਪਨ, ਇਕਬਾਲ ਖਾਨ ਅਤੇ ਸਤਨਾਮ ਢਾਅ ਨਾਲ਼ ਰਹੀ ਗੂੜ੍ਹੀ ਸਾਂਝ ਨੂੰ ਯਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਸਭਾਵਾਂ ਪੰਜਾਬੀ ਨੂੰ ਪ੍ਰਫੁੱਲਤ ਕਰਨ ਵਿੱਚ ਚੰਗਾ ਯੋਗਦਾਨ ਪਾ ਰਹੀਆਂ ਹਨ। ਪ੍ਰਾਈਮ ਏਸ਼ੀਆ ਟੀ ਵੀ ਦੇ ਹੋਸਟ ਪਰਮਵੀਰ ਬਾਠ ਨੇ ਕਿਹਾ ਕਿ ਸਾਨੂੰ ਆਪਣੇ ਰੁਝੇਵਿਆਂ ਅਤੇ ਸਰੋਕਾਰਾਂ ਵਿੱਚੋਂ ਰਤਾ ਬਾਹਰ ਆ ਕੇ ਆਪਣੇ ਸੱਭਿਆਚਾਰ ਨੂੰ ਬਚਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਉੱਘੇ ਲੇਖਕ ਸਾਧੂ ਬਿਨਿੰਗ ਨੇ ਬੀ ਸੀ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਵੱਜੋਂ ਪੜ੍ਹਾਏ ਜਾਣ ਦੀ ਮਾਨਤਾ ਬਾਰੇ ਦੱਸਿਆ। ਪੰਜਾਬੀ ਦੇ ਪਰਸਾਰ ਲਈ ਹੋਰ ਯਤਨ ਕਰਨ ਦੀ ਲੋੜ ਜਤਾਈ। ਰਚਨਾਵਾਂ ਦੇ ਦੌਰ ਵਿੱਚ ਜਰਨੈਲ ਤੱਗੜ, ਸੋਹਣ ਸਿੰਘ ਭੁੱਚੋ,ਚਰਨਦੀਪ ਕੌਰ ਅਤੇ ਸਤਿੰਦਰ ਕੌਰ ਨੇ ਕਵਿਤਾਵਾਂ ਸੁਣਾਈਆਂ, ਸੁਰਿੰਦਰ ਗੀਤ ਨੇ ਆਪਣੀ ਗ਼ਜ਼ਲ ਤਰੱਨਮ ਵਿੱਚ ਪੇਸ਼ ਕੀਤੀ, ਸੁਖਮੰਦਰ ਗਿੱਲ, ਡਾ: ਜੋਗਾ ਸਿੰਘ ਸਹੋਤਾ, ਡਾ: ਮਨਮੋਹਨ ਬਾਠ ਅਤੇ ਭੂਪਿੰਦਰ ਸਿੰਘ ਭਾਗੋਮਾਜਰਾ ਨੇ ਗੀਤਾਂ ਦੀ ਛਹਿਬਰ ਲਾਈ। ਜਸਵੰਤ ਸਿੰਘ ਸੇਖੋਂ, ਸਰੂਪ ਸਿੰਘ ਮੰਡੇਰ ਅਤੇ ਸੁਖਵਿੰਦਰ ਤੂਰ ਨੇ ਕਵੀਸ਼ਰੀ ਗਾ ਕੇ ਅਖਾੜੇ ਦਾ ਮਾਹੌਲ ਸਿਰਜਿਆ। ਹਸਾਉਣ ਦਾ ਕੰਮ ਤਾਂ ਤਰਲੋਕ ਚੁੱਘ ਨੇ ਕਰਨਾ ਹੀ ਸੀ। ਬੱਚਿਆਂ ਦੀ ਪੇਸ਼ਕਾਰੀ ਵਿੱਚ ਸੋਨਮ, ਜਸਮੀਨ, ਮਾਹੀ, ਪ੍ਰਭਨੂਰ ਸਿੰਘ, ਇਸ਼ਟਪ੍ਰੀਤ ਸਿੰਘ, ਸੰਜਮਪ੍ਰੀਤ ਸਿੰਘ ਅਤੇ ਅਮਰੀਨ ਕੌਰ ਨੇ ਕਵਿਤਾ ਪਾਠ ਅਤੇ ਕੋਰੀਉਗ੍ਰਾਫ਼ੀ ਦੇ ਹੁਨਰ ਨਾਲ਼ ਦਰਸ਼ਕਾਂ 'ਤੇ ਚੰਗਾ ਅਸਰ ਛੱਡਿਆ। ਅਖੀਰ ਵਿੱਚ ਇਸ ਯਾਦਗਾਰੀ ਸਮਾਗਮ ਦੀ ਸਫਲਤਾ ਲਈ ਜਸਵੰਤ ਸਿੰਘ ਸੇਖੋਂ ਨੇ ਸਭ ਦਾ ਤਹਿ-ਦਿਲੋਂ ਧੰਨਵਾਦ ਕੀਤਾ।







# ਉਸਕੋ ਭੀ ਅਪਨੇ ਖ਼ੁਦਾ ਹੋਨੇ ਪੇ ਇਤਨਾ ਹੀ ਯਕੀਨ ਥਾ



ਗੁਰਮੀਤ ਸਿੰਘ ਪਲਾਹੀ
9815802070

**ਦੇਸ਼ ਦੀ ਜਨਤਾ ਨੇ ਇੱਕ 'ਚਾਹ ਵੇਚਣ ਵਾਲੇ' ਦੇ ਸਾਧਾਰਨ ਅਤੇ ਗਰੀਬ ਪਿਛੋਕੜ ਤੋਂ ਪ੍ਰਭਾਵਿਤ ਹੋ ਕੇ, ਉਸ ਦੇ ਹੰਝੂਆਂ 'ਤੇ ਵਿਸ਼ਵਾਸ ਕਰਕੇ ਦੇਸ਼ ਦੀ ਕਮਾਨ ਸੌਂਪੀ ਸੀ। ਪਰ ਅੱਜ ਉਹ ਪ੍ਰਧਾਨ ਮੰਤਰੀ, ਉਨ੍ਹਾਂ ਦੇ ਮੰਤਰੀ, ਸੰਸਦ ਮੈਂਬਰ ਅਤੇ ਮੋਦੀ ਭਗਤ ਕਿਸੇ ਤਾਨਾਸ਼ਾਹ ਰਾਜੇ-ਮਹਾਰਾਜੇ ਵਾਂਗ ਅਲੀਸ਼ਾਨ ਬੰਗਲਿਆਂ, ਅਰਬਾਂ ਰੁਪਏ ਦੇ ਹਵਾਈ ਜਹਾਜ਼ਾਂ ਅਤੇ ਮਹਿੰਗੀਆਂ ਗੱਡੀਆਂ ਦੇ ਕਾਫ਼ਲਿਆਂ ਵਿੱਚ ਰਹਿੰਦੇ ਹਨ। ਜਦੋਂ ਇਨ੍ਹਾਂ ਦੇ ਵੀ.ਆਈ.ਪੀ. ਕਾਫ਼ਲੇ ਸੜਕਾਂ 'ਤੇ ਹੂਟਰ ਵਜਾਉਂਦੇ, ਟ੍ਰੈਫਿਕ ਰੋਕ ਕੇ ਨਿਕਲਦੇ ਹਨ, ਤਾਂ ਆਮ ਜਨਤਾ ਕੜਕਦੀ ਧੁੱਪ ਵਿੱਚ ਜਾਮ ਵਿੱਚ ਫਸੀ ਪਰੇਸ਼ਾਨ ਹੁੰਦੀ ਹੈ-ਉਹ ਜਨਤਾ ਜੋ ਮਹਿੰਗਾਈ, ਆਟੇ-ਦਾਲ ਦੇ ਭਾਅ ਅਤੇ ਬੇਰੁਜ਼ਗਾਰੀ ਦੀ ਚੱਕੀ ਵਿੱਚ ਬੁਰੀ ਤਰ੍ਹਾਂ ਪਿਸ ਰਹੀ ਹੈ। ਇਹ ਲੋਕਤੰਤਰ ਨਹੀਂ, ਸਗੋਂ ਜਨਤਾ ਦੇ ਪੈਸੇ 'ਤੇ ਪਲ ਰਹੀ ਇੱਕ ਨਵੀਂ 'ਰਾਜਸ਼ਾਹੀ' ਹੈ।**

ਪਿਛਲੇ ਦਿਨੀਂ ਕੇਂਦਰ ਦੀ ਸੱਤਾ 'ਤੇ ਕਾਬਜ਼ ਨਰਿੰਦਰ ਮੋਦੀ ਸਰਕਾਰ ਦੇ 12 ਸਾਲ ਪੂਰੇ ਹੋਣ 'ਤੇ ਦੇਸ਼ ਭਰ ਵਿੱਚ ਮੋਦੀ ਭਗਤਾਂ, ਕਾਰਪੋਰੇਟ ਘਰਾਣਿਆਂ ਅਤੇ ਸਰਕਾਰੀ ਖ਼ੁਸ਼ਾਮਦੀਆਂ ਵੱਲੋਂ ਬੜੀ ਧੂਮ-ਧਾਮ ਨਾਲ ਜਸ਼ਨ ਮਨਾਏ ਗਏ। ਇਸ ਦੌਰਾਨ ਪ੍ਰਧਾਨ ਮੰਤਰੀ ਦੀਆਂ ਪ੍ਰਾਪਤੀਆਂ ਦੇ ਸੋਹਲੇ ਗਾਏ ਗਏ ਅਤੇ ਉਨ੍ਹਾਂ ਨੂੰ ਅਜੋਕੇ ਭਾਰਤ ਦਾ ਮਸੀਹਾ ਬਣਾ ਕੇ ਪੇਸ਼ ਕੀਤਾ ਗਿਆ। ਚਾਪਲੂਸੀ ਅਤੇ ਖੁਸਾਮਦ ਦਾ ਇਹ ਆਲਮ ਦੇਖ ਕੇ ਸਿਆਸੀ ਮਾਹਰਾਂ ਨੂੰ ਵੀ ਹੈਰਾਨੀ ਹੋਈ, ਕਿਉਂਕਿ ਅਜਿਹੀ ਪੂਜਾ ਅਤੇ ਜਸ਼ਨ ਤਾਂ ਭਾਰਤੀ ਇਤਿਹਾਸ ਵਿੱਚ ਆਪਣੇ ਲੰਬੇ ਕਾਰਜਕਾਲ ਦੌਰਾਨ ਲੋਕਤੰਤਰ ਨੂੰ ਛਿੱਕੇ ਟੰਗ ਕੇ ਐਮਰਜੈਂਸੀ (ਆਪਾਤਕਾਲ) ਲਗਾਉਣ ਵਾਲੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵੀ ਨਹੀਂ ਕਰਵਾਏ ਸਨ। ਜਦੋਂ ਸੱਤਾ ਦੇ ਗਲਿਆਰਿਆਂ ਵਿੱਚ ਹਾਕਮਾਂ ਦੀ ਆਰਤੀ ਉਤਾਰੀ ਜਾਣ ਲੱਗੇ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਲੋਕਤੰਤਰ ਦੀ ਸਿਹਤ ਠੀਕ ਨਹੀਂ ਹੈ।

ਸਾਲ 2014 ਵਿੱਚ ਜਦੋਂ ਨਰਿੰਦਰ ਮੋਦੀ ਪਹਿਲੀ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਬਣੇ, ਤਾਂ ਉਨ੍ਹਾਂ ਨੇ 'ਅੱਛੇ ਦਿਨ' ਅਤੇ ਵੱਡੇ ਬਦਲਾਅ ਦਾ ਵਾਅਦਾ ਕੀਤਾ ਸੀ। ਅੱਜ ਸਰਕਾਰ ਵੱਲੋਂ ਵਿਕਾਸ ਦੇ ਵੱਡੇ-ਵੱਡੇ ਅੰਕੜੇ ਪੇਸ਼ ਕੀਤੇ ਜਾਂਦੇ ਹਨ-ਜਿਵੇਂ ਦੇਸ਼ ਵਿੱਚ ਹਵਾਈ ਅੱਡਿਆਂ ਦੀ ਗਿਣਤੀ 74 ਤੋਂ ਵਧ ਕੇ 160 ਹੋ ਗਈ ਹੈ, ਐਕਸਪ੍ਰੈਸਵੇਅ 1000 ਕਿਲੋਮੀਟਰ ਤੋਂ ਵਧ ਕੇ 5700 ਕਿਲੋਮੀਟਰ ਤੱਕ ਫੈਲ ਗਏ ਹਨ, ਅਤੇ ਮੈਟਰੋ ਰੇਲ ਨੈੱਟਵਰਕ ਜੋ ਕਦੇ ਸਿਰਫ਼ 5 ਸ਼ਹਿਰਾਂ ਵਿੱਚ ਸੀ, ਅੱਜ 20 ਵੱਡੇ ਸ਼ਹਿਰਾਂ ਦੀ ਸਾਨ ਬਣ ਚੁੱਕਾ ਹੈ। ਪਰ ਇਸ ਚਮਕ-ਦਮਕ ਦੇ ਪਿੱਛੇ ਲੁਕੀ ਅਸਲ ਸੱਚਾਈ ਬੇਹੱਦ ਦਰਦਨਾਕ ਹੈ। ਵੱਡਾ ਸਵਾਲ ਇਹ ਉੱਠਦਾ ਹੈ ਕਿ ਇਹ ਗਗਨਚੁੰਬੀ ਇਮਾਰਤਾਂ, ਮਹਿੰਗੇ ਐਕਸਪ੍ਰੈਸਵੇਅ ਅਤੇ ਹਵਾਈ ਅੱਡੇ ਦੇਸ਼ ਦੇ ਕਿਸ ਵਰਗ ਲਈ ਬਣਾਏ ਗਏ ਹਨ? ਕੀ ਦੇਸ਼ ਦਾ ਗਰੀਬ, ਮਜ਼ਦੂਰ ਅਤੇ ਮੱਧਮ ਵਰਗ ਇਨ੍ਹਾਂ ਮਹਿੰਗੀਆਂ ਸਹੂਲਤਾਂ ਦਾ ਆਨੰਦ ਲੈਣ ਦੇ ਸਮਰੱਥ ਹੈ?

ਹਕੀਕਤ ਇਹ ਹੈ ਕਿ ਇਸ ਚਮਕਦੀ ਤਸਵੀਰ ਦੇ ਓਹਲੇ ਦੇਸ਼ ਦਾ ਆਮ ਆਦਮੀ, ਮਜ਼ਦੂਰ ਅਤੇ ਕਿਸਾਨ ਅੱਜ ਵੀ ਬੇਹਾਲ ਬਸਤੀਆਂ, ਧੂੜ-ਮਿੱਟੀ ਅਤੇ ਗੰਦੇ ਪਾਣੀ ਨਾਲ ਨਰਕ ਬਣ ਚੁੱਕੇ ਪਿੰਡਾਂ ਤੇ ਸ਼ਹਿਰਾਂ ਵਿੱਚ ਜ਼ਿੰਦਗੀ ਕੱਟਣ ਲਈ ਮਜ਼ਬੂਰ ਹੈ। ਸਰਕਾਰ ਵੱਲੋਂ ਚਲਾਏ ਜਾ ਰਹੇ ਸਰਕਾਰੀ ਸਕੂਲ ਰੱਦੀ ਹਨ, ਜਿੱਥੇ ਗਰੀਬਾਂ ਦੇ ਬੱਚੇ ਪੜ੍ਹਦੇ ਹਨ, ਅਤੇ ਖਸਤਾਹਾਲ ਸਰਕਾਰੀ ਹਸਪਤਾਲ ਇਸ ਗੱਲ ਦਾ ਸਬੂਤ ਹਨ ਕਿ ਆਮ ਲੋਕਾਂ ਲਈ ਬੁਨਿਆਦੀ ਸਹੂਲਤਾਂ ਅੱਜ ਵੀ ਜ਼ੀਰੋ ਦੇ ਬਰਾਬਰ ਹਨ। ਕੋਰੋਨਾ ਕਾਲ ਦੇ ਉਸ ਭਿਆਨਕ ਦੌਰ ਨੂੰ ਦੇਸ਼ ਕਦੇ ਨਹੀਂ ਭੁੱਲ ਸਕਦਾ, ਜਦੋਂ ਆਕਸੀਜਨ, ਬੈੱਡਾਂ ਅਤੇ ਇਲਾਜ ਦੀ ਘਾਟ ਕਾਰਨ ਲੱਖਾਂ ਲੋਕਾਂ ਨੇ ਦਮ ਤੋੜਿਆ ਅਤੇ ਸਭ ਤੋਂ ਵੱਧ ਮਾਰ ਇਸੇ ਗਰੀਬ ਜਨਤਾ 'ਤੇ ਪਈ ਸੀ। ਆਜਾਦੀ ਦੇ 70-77 ਸਾਲਾਂ ਬਾਅਦ ਵੀ ਆਮ ਇਨਸਾਨ ਲਈ 'ਰੋਟੀ ਦੀ ਟੋਕਰੀ' ਅਤੇ ਸਨਮਾਨਜਨਕ ਜ਼ਿੰਦਗੀ ਉਸ ਦੀ ਪਹੁੰਚ ਤੋਂ ਉਤਨੀ ਹੀ ਦੂਰ ਹੈ, ਜਿੰਨੀ ਪਹਿਲਾਂ ਸੀ। ਇਹ ਕਿਹੋ ਜਿਹਾ ਵਿਕਾਸ ਹੈ ਜੋ ਕਾਰਪੋਰੇਟਾਂ ਦੀਆਂ ਤਿਜੋਰੀਆਂ ਤਾਂ ਭਰਦਾ ਹੈ, ਪਰ ਗ਼ਰੀਬ ਦੀ ਥਾਲੀ ਵਿੱਚੋਂ ਰੋਟੀ ਖੋਹ ਲੈਂਦਾ ਹੈ?

ਦਰਅਸਲ, ਇਹ ਮਨਾਏ ਜਾ ਰਹੇ ਜਸ਼ਨ ਦੇਸ਼ ਦੇ ਅਸਲ ਵਿਕਾਸ ਦੇ ਨਹੀਂ, ਸਗੋਂ ਵਿਰੋਧੀ ਧਿਰਾਂ ਨੂੰ ਕੁਚਲਣ ਅਤੇ ਆਪਣੀ ਸਿਆਸੀ ਸਰਦਾਰੀ ਕਾਇਮ ਕਰਨ ਦੇ ਹਨ। ਪੱਛਮੀ ਬੰਗਾਲ ਵਿੱਚ ਮਮਤਾ ਬਨਰਜੀ ਅਤੇ ਤ੍ਰਿਣਮੂਲ ਕਾਂਗਰਸ (ਟੀ.ਐੱਮ.ਸੀ.) ਦੇ ਅਜਿੱਤ ਕਿਲੇ ਨੂੰ ਢਾਹੁਣ ਲਈ ਸਰਕਾਰ ਨੇ ਸਾਮ, ਦਾਮ, ਡੰਡ, ਭੇਦ ਸਭ ਨੀਤੀਆਂ ਦਾ ਨੰਗਾ ਨਾਚ ਕੀਤਾ। ਵਿਧਾਨ ਸਭਾ ਚੋਣ ਉਪਰੰਤ ਟੀ.ਐੱਮ.ਸੀ. ਦੇ 20 ਸੰਸਦ ਮੈਂਬਰਾਂ ਨੂੰ ਬਾਗੀ ਕਰਵਾ ਕੇ ਤ੍ਰਿਪੁਰਾ ਦੀ ਖੇਤਰੀ ਪਾਰਟੀ 'ਨੈਸਨਲ ਸਿਟੀਜ਼ਨਜ਼ ਪਾਰਟੀ ਆਫ਼ ਇੰਡੀਆ' ਵਿੱਚ ਸ਼ਾਮਲ ਕਰਵਾ ਦਿੱਤਾ ਗਿਆ। ਇਸ ਵੱਡੀ ਸਿਆਸੀ ਤੋੜ-ਭੰਨ੍ਹ ਦੇ ਪਿੱਛੇ ਇੱਕ ਬਹੁਤ ਹੀ ਗੰਭੀਰ ਅਤੇ ਖ਼ਤਰਨਾਕ ਚਾਲ ਲੁਕੀ ਹੋਈ ਹੈ। ਸਰਕਾਰ ਲੋਕ ਸਭਾ ਅਤੇ ਰਾਜ ਸਭਾ-ਦੋਵਾਂ ਸਦਨਾਂ ਵਿੱਚ 'ਦੋ-ਤਿਹਾਈ ਬਹੁਮਤ' ਹਾਸਲ ਕਰਨਾ ਚਾਹੁੰਦੀ ਹੈ। ਰਾਜ ਸਭਾ ਵਿੱਚ ਭਾਜਪਾ ਬਹੁਮਤ ਦੇ ਬੇਹੱਦ ਨਜ਼ਦੀਕ ਪਹੁੰਚ ਰਹੀ ਹੈ, ਜਿਸ ਤੋਂ ਬਾਅਦ ਦੇਸ਼ ਦੇ ਪਵਿੱਤਰ ਸੰਵਿਧਾਨ ਨੂੰ ਆਪਣੀ ਇੱਛਾ ਅਤੇ 'ਹਿੰਦੂਤਵਵਾਦੀ ਨੀਤੀਆਂ' ਅਨੁਸਾਰ ਬਦਲਣ ਜਾਂ ਨਵੇਂ ਸਿਰੇ ਤੋਂ ਲਿਖਣ ਦਾ ਰਸਤਾ ਸਾਫ਼ ਹੋ ਜਾਵੇਗਾ। ਇਹ ਕੋਸ਼ਿਸ਼ ਦੇਸ਼ ਦੇ ਬਹੁ-ਸੱਭਿਆਚਾਰਕ, ਧਰਮ-ਨਿਰਪੱਖ ਅਤੇ ਜਮਹੂਰੀ ਢਾਂਚੇ ਲਈ ਘਾਤਕ ਸਿੱਧ ਹੋ ਸਕਦੀ ਹੈ, ਜੋ ਦੇਸ਼ ਦੇ ਟੁਕੜੇ-ਟੁਕੜੇ ਕਰਨ ਦੀ ਸਮਰੱਥਾ ਰੱਖਦੀ ਹੈ। ਕੀ ਦੂਜੀਆਂ ਪਾਰਟੀਆਂ ਵਿੱਚ ਅਜਿਹੀ ਫੁੱਟ ਪਾਉਣਾ ਅਤੇ ਜਨਾਦੇਸ਼ ਦਾ ਅਪਮਾਨ ਕਰਨਾ ਗ਼ੈਰ-ਲੋਕਤੰਤਰਿਕ ਨਹੀਂ ਹੈ? ਅੱਜ ਲੋਕਤੰਤਰ ਦੀ ਦੁਹਾਈ ਦੇਣ ਵਾਲੀ ਸਰਕਾਰ ਵਿਰੋਧੀਆਂ ਨੂੰ ਝੁਕਾਉਣ ਲਈ ਈ.ਡੀ., ਸੀ.ਬੀ.ਆਈ. ਅਤੇ ਇੱਥੋਂ ਤੱਕ ਕਿ ਚੋਣ ਕਮਿਸ਼ਨ ਵਰਗੀਆਂ ਸੰਵਿਧਾਨਕ ਸੰਸਥਾਵਾਂ ਦੀ ਸ਼ਰੇਆਮ ਅਤੇ ਸ਼ਰਮਨਾਕ ਵਰਤੋਂ ਕਰ ਰਹੀ ਹੈ। ਵਿਰੋਧੀ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਡੱਕਣਾ, ਉਨ੍ਹਾਂ ਦੇ ਫੰਡ ਫ੍ਰੀਜ਼ ਕਰਨਾ ਅਤੇ ਰਾਤੋ-ਰਾਤ ਪਾਰਟੀਆਂ ਨੂੰ ਤੋੜਨਾ ਸਿੱਧੀ ਤਾਨਾਸ਼ਾਹੀ ਵੱਲ ਇਸ਼ਾਰਾ ਕਰਦਾ ਹੈ। ਅੱਜ ਦੀਆਂ ਸੰਸਥਾਵਾਂ ਨਿਰਪੱਖ ਹੋਣ ਦੀ ਬਜਾਏ ਸੱਤਾਧਾਰੀ ਪਾਰਟੀ ਦੇ ਵਿੰਗ ਵਜੋਂ ਕੰਮ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਹਾਲਾਂਕਿ, ਇਹ ਬਿਮਾਰੀ ਭਾਰਤੀ ਰਾਜਨੀਤੀ ਵਿੱਚ ਪੁਰਾਣੀ ਹੈ। ਕਾਂਗਰਸ ਦੇ ਰਾਜ ਦੌਰਾਨ ਵੀ ਵਿਰੋਧੀ ਸਰਕਾਰਾਂ ਨੂੰ ਧਾਰਾ 356 ਦੀ ਦੁਰਵਰਤੋਂ ਕਰਕੇ ਬੇਰਹਿਮੀ ਨਾਲ ਡਿਗਾਇਆ ਜਾਂਦਾ ਸੀ ਅਤੇ ਇੰਦਰਾ ਗਾਂਧੀ ਨੇ ਵੀ ਸੱਤਾ ਵਿੱਚ ਬਣੇ ਰਹਿਣ ਲਈ ਸੀ.ਬੀ.ਆਈ. ਨੂੰ 'ਪਿੰਜਰੇ ਦਾ ਤੋਤਾ' ਬਣਾ ਕੇ ਰੱਖਿਆ ਸੀ। ਅੱਜ ਦੇ ਹਾਕਮਾਂ ਨੇ ਉਸੇ ਪੁਰਾਣੇ ਤਾਨਾਸ਼ਾਹੀ ਮਾਡਲ ਨੂੰ ਹੋਰ ਵੀ ਆਧੁਨਿਕ ਅਤੇ ਮਾਰੂ ਬਣਾ ਕੇ ਪੇਸ਼ ਕਰ ਦਿੱਤਾ ਹੈ।

ਪਰ ਮੌਜੂਦਾ ਦੌਰ ਦੀ ਸਥਿਤੀ ਹੋਰ ਵੀ ਭਿਆਨਕ ਇਸ ਲਈ ਹੈ ਕਿਉਂਕਿ ਹੁਣ ਸੱਤਾ ਦੀ ਹਵਸ ਵਿੱਚ ਸਮਾਜਿਕ ਤਾਣੇ-ਬਾਣੇ ਨੂੰ ਹੀ ਨਿਸ਼ਾਨਾ ਬਣਾਇਆ ਗਿਆ ਹੈ। ਹੁਣ ਦੀ ਸਰਕਾਰ ਨੇ ਪਹਿਲਾਂ ਧਰਮ ਦੇ ਨਾਂ 'ਤੇ ਸਮਾਜ ਵਿੱਚ ਨਫ਼ਰਤ ਦਾ ਅਜਿਹਾ ਪਾੜਾ ਪਾਇਆ, ਜੋ ਪਹਿਲਾਂ ਕਦੇ ਨਹੀਂ ਦੇਖਿਆ ਗਿਆ। ਵੋਟਾਂ ਹਥਿਆਉਣ ਲਈ ਬਹੁਗਿਣਤੀ ਭਾਵਨਾਵਾਂ ਨੂੰ ਭੜਕਾਇਆ ਗਿਆ, ਫਿਰ ਜਾਤ-ਪਾਤ ਦੇ ਵਰਤਾਰੇ ਨੂੰ ਹਵਾ ਦਿੱਤੀ ਗਈ ਅਤੇ ਹੁਣ ਹਰ ਉੱਠਣ ਵਾਲੀ ਵਿਰੋਧੀ ਅਤੇ ਸੱਚੀ ਆਵਾਜ਼ ਨੂੰ ਦੇਸ਼-ਧ੍ਰੋਹ ਦਾ ਲੇਬਲ ਲਗਾ ਕੇ ਖ਼ਤਮ ਕੀਤਾ ਜਾ ਰਿਹਾ ਹੈ। ਚਰਚਾ ਤਾਂ ਇੱਥੋਂ ਤੱਕ ਹੈ ਕਿ ਦੇਸ਼ ਦੀ ਨਿਆਂਪਾਲਿਕਾ ਦੀ ਆਜ਼ਾਦੀ ਨੂੰ ਵੀ ਹੌਲੀ-ਹੌਲੀ ਖ਼ਤਮ ਕਰਕੇ ਉਸ ਨੂੰ ਸਰਕਾਰੀ ਇੱਛਾ ਅਨੁਸਾਰ ਢਾਲਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਚੌਥਾ ਸਤੰਭ ਕਹਾਉਣ ਵਾਲਾ ਮੀਡੀਆ ਅੱਜ 'ਗੋਦੀ ਮੀਡੀਆ' ਬਣ ਕੇ ਸੱਤਾ ਦੇ ਸੋਹਲੇ ਗਾ ਰਿਹਾ ਹੈ ਅਤੇ ਜਨਤਾ ਦੇ ਅਸਲ ਸਵਾਲਾਂ ਨੂੰ ਗਾਇਬ ਕਰ ਚੁੱਕਾ ਹੈ। ਅਜਿਹਾ ਘੁੱਟਣ ਭਰਿਆ ਅਤੇ ਦਮਨਕਾਰੀ ਮਾਹੌਲ ਭਾਰਤੀ ਲੋਕਤੰਤਰ ਦੇ ਪਿਛਲੇ 77 ਸਾਲਾਂ ਦੇ ਇਤਿਹਾਸ ਵਿੱਚ ਕਿਸੇ ਵੀ ਹੋਰ ਸ਼ਾਸਨ ਵਿੱਚ ਦੇਖਣ ਨੂੰ ਨਹੀਂ ਮਿਲਿਆ।

ਦੇਸ਼ ਦੀ ਜਨਤਾ ਨੇ ਇੱਕ 'ਚਾਹ ਵੇਚਣ ਵਾਲੇ' ਦੇ ਸਾਧਾਰਨ ਅਤੇ ਗਰੀਬ ਪਿਛੋਕੜ ਤੋਂ ਪ੍ਰਭਾਵਿਤ ਹੋ ਕੇ, ਉਸ ਦੇ ਹੰਝੂਆਂ 'ਤੇ ਵਿਸ਼ਵਾਸ ਕਰਕੇ ਦੇਸ਼ ਦੀ ਕਮਾਨ ਸੌਂਪੀ ਸੀ। ਪਰ ਅੱਜ ਉਹ ਪ੍ਰਧਾਨ ਮੰਤਰੀ, ਉਨ੍ਹਾਂ ਦੇ ਮੰਤਰੀ, ਸੰਸਦ ਮੈਂਬਰ ਅਤੇ ਮੋਦੀ ਭਗਤ ਕਿਸੇ ਤਾਨਾਸ਼ਾਹ ਰਾਜੇ-ਮਹਾਰਾਜੇ ਵਾਂਗ ਅਲੀਸ਼ਾਨ ਬੰਗਲਿਆਂ, ਅਰਬਾਂ ਰੁਪਏ ਦੇ ਹਵਾਈ ਜਹਾਜ਼ਾਂ ਅਤੇ ਮਹਿੰਗੀਆਂ ਗੱਡੀਆਂ ਦੇ ਕਾਫ਼ਲਿਆਂ ਵਿੱਚ ਰਹਿੰਦੇ ਹਨ। ਜਦੋਂ ਇਨ੍ਹਾਂ ਦੇ ਵੀ.ਆਈ.ਪੀ. ਕਾਫ਼ਲੇ ਸੜਕਾਂ 'ਤੇ ਹੂਟਰ ਵਜਾਉਂਦੇ, ਟ੍ਰੈਫਿਕ ਰੋਕ ਕੇ ਨਿਕਲਦੇ ਹਨ, ਤਾਂ ਆਮ ਜਨਤਾ ਕੜਕਦੀ ਧੁੱਪ ਵਿੱਚ ਜਾਮ ਵਿੱਚ ਫਸੀ ਪਰੇਸ਼ਾਨ ਹੁੰਦੀ ਹੈ-ਉਹ ਜਨਤਾ ਜੋ ਮਹਿੰਗਾਈ, ਆਟੇ-ਦਾਲ ਦੇ ਭਾਅ ਅਤੇ ਬੇਰੁਜ਼ਗਾਰੀ ਦੀ ਚੱਕੀ ਵਿੱਚ ਬੁਰੀ ਤਰ੍ਹਾਂ ਪਿਸ ਰਹੀ ਹੈ। ਇਹ ਲੋਕਤੰਤਰ ਨਹੀਂ, ਸਗੋਂ ਜਨਤਾ ਦੇ ਪੈਸੇ 'ਤੇ ਪਲ ਰਹੀ ਇੱਕ ਨਵੀਂ 'ਰਾਜਸ਼ਾਹੀ' ਹੈ।

ਕੀ ਮੋਦੀ ਜੀ ਦੇਸ਼ ਦੇ ਇਸ ਲੜਖੜਾਉਂਦੇ ਅਤੇ ਅਧਮੋਏ ਹੋ ਚੁੱਕੇ ਲੋਕਤੰਤਰ ਤੋਂ ਅਣਜਾਣ ਹਨ? ਉਹ ਭਾਵੇਂ ਵਿਦੇਸੀ ਮੰਚਾਂ 'ਤੇ ਜਾ ਕੇ ਭਾਰਤ ਨੂੰ 'ਲੋਕਤੰਤਰ ਦੀ ਜਨਨੀ' ਕਹਿਣ ਅਤੇ ਦੇਸ਼ ਦੀਆਂ ਰੈਲੀਆਂ ਵਿੱਚ ਲੱਖਾਂ ਪ੍ਰਾਪਤੀਆਂ ਦੇ ਦਾਅਵੇ ਕਰਨ, ਪਰ ਜਦੋਂ ਦੇਸ਼ ਦੀ ਅਸਲ ਸਥਿਤੀ, ਬੇਰੁਜ਼ਗਾਰੀ, ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਅਤੇ ਡਿੱਗਦੀ ਆਰਥਿਕਤਾ 'ਤੇ ਤਿੱਖੇ ਸਵਾਲ ਉੱਠਦੇ ਹਨ, ਤਾਂ ਉਹ ਜਨਤਾ ਅਤੇ ਸੁਤੰਤਰ ਪੱਤਰਕਾਰਾਂ ਦੇ ਸਾਹਮਣੇ ਇੱਕ ਵੀ ਖੁੱਲ੍ਹੀ ਪ੍ਰੈੱਸ ਕਾਨਫਰੰਸ ਕਰਨ ਤੋਂ ਕੰਨੀ ਕਤਰਾਉਂਦੇ ਹਨ। ਦੇਸ਼ ਦਾ ਪੜ੍ਹਿਆ-ਲਿਖਿਆ ਨੌਜਵਾਨ ਅੱਜ ਡਿਗਰੀਆਂ ਹੱਥਾਂ ਵਿੱਚ ਲੈ ਕੇ ਨੌਕਰੀਆਂ ਨਾ ਮਿਲਣ ਕਾਰਨ ਮਾਨਸਿਕ ਤੌਰ 'ਤੇ ਪਰੇਸ਼ਾਨ ਹੈ। ਆਪਣੀ ਇਸੇ ਮਜਬੂਰੀ, ਨਿਰਾਸ਼ਾ ਅਤੇ ਸਿਸਟਮ ਖ਼ਿਲਾਫ਼ ਗੁੱਸੇ ਨੂੰ ਪ੍ਰਗਟ ਕਰਨ ਲਈ ਨੌਜਵਾਨਾਂ ਨੇ ਹੁਣ 'ਕਾਕਰੋਚ ਪਾਰਟੀ' ਵਰਗੇ ਅਨੋਖੇ ਅਤੇ ਵਿਅੰਗਆਤਮਕ ਤਰੀਕੇ ਅਪਣਾ ਕੇ ਮੋਦੀ ਸਿਸਟਮ 'ਤੇ ਚੋਟ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਨੌਜਵਾਨਾਂ ਦੀ ਮਜਬੂਰੀ ਦੀ ਚੀਕ ਹੈ, ਉਨ੍ਹਾਂ ਦੇ ਸੁਪਨਿਆਂ ਦੇ ਟੁੱਟਣ ਦਾ ਆਵਾਜ਼ ਹੈ ਅਤੇ ਹਾਕਮਾਂ ਲਈ ਇੱਕ ਬਹੁਤ ਵੱਡੀ ਚੇਤਾਵਨੀ ਹੈ। ਜਸ਼ਨਾਂ ਵਿੱਚ ਡੁੱਬੇ ਅਤੇ ਹੰਕਾਰ ਦੇ ਨਸ਼ੇ ਵਿੱਚ ਅੰਨ੍ਹੇ ਹੋ ਚੁੱਕੇ ਸ਼ਾਸਕਾਂ ਨੂੰ ਇਹ ਗੱਲ ਚੇਤੇ ਰੱਖਣੀ ਪਵੇਗੀ ਕਿ ਜਨਤਾ ਅੱਤ ਦੀ ਤਾਨਾਸ਼ਾਹੀ, ਜ਼ੁਲਮ ਅਤੇ ਹੰਕਾਰ ਨੂੰ ਕਦੇ ਲੰਬੇ ਸਮੇਂ ਤੱਕ ਬਰਦਾਸ਼ਤ ਨਹੀਂ ਕਰਦੀ। ਭਾਰਤੀ ਵੋਟਰ ਸ਼ਾਂਤ ਰਹਿ ਕੇ ਸਭ ਦੇਖਦਾ ਹੈ, ਪਰ ਜਦੋਂ ਉਹ ਬਦਲਾਅ ਦੀ ਕਰਵਟ ਲੈਂਦਾ ਹੈ, ਤਾਂ ਵੱਡੇ-ਵੱਡੇ ਸੂਰਮਿਆਂ ਦਾ ਹੰਕਾਰ ਅਤੇ ਉਨ੍ਹਾਂ ਦੇ ਤਖ਼ਤ-ਓ-ਤਾਜ ਮਿੱਟੀ ਵਿੱਚ ਮਿਲ ਜਾਂਦੇ ਹਨ। ਇਤਿਹਾਸ ਗਵਾਹ ਹੈ ਕਿ ਹੰਕਾਰ ਭਾਵੇਂ ਰਾਵਣ ਦਾ ਹੋਵੇ ਜਾਂ ਹਿਟਲਰ ਦਾ, ਉਹ ਕਦੇ ਸਲਾਮਤ ਨਹੀਂ ਰਿਹਾ। ਸ਼ਾਇਦ ਇਸੇ ਲਈ, ਮੋਦੀ ਜੀ ਅਤੇ ਉਨ੍ਹਾਂ ਦੇ ਅੰਨ੍ਹੇ ਭਗਤਾਂ ਨੂੰ ਸੱਤਾ ਦੇ ਨਸ਼ੇ ਵਿੱਚੋਂ ਬਾਹਰ ਕੱਢਣ ਅਤੇ ਆਈਨਾ ਦਿਖਾਉਣ ਲਈ ਕਿਸੇ ਨੇ ਇਹ ਪ੍ਰਸਿੱਧ ਸ਼ੇਅਰ ਯਾਦ ਕਰਵਾਇਆ ਹੈ:

**ਤੁਮ ਸੇ ਪਹਿਲੇ ਵੋ ਜੋ ਏਕ**
**ਸ਼ਖ਼ਸ ਯਹਾਂ ਤਖ਼ਤ ਨਸ਼ੀਂ ਥਾ,**
**ਉਸ ਕੋ ਭੀ ਅਪਨੇ ਖ਼ੁਦਾ ਹੋਨੇ**
**ਕਾ ਇਤਨਾ ਹੀ ਯਕੀਂ ਥਾ।**

ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ



ਮੁੱਖ ਸੰਪਾਦਕ ਹਰਬੰਸ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.


-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਓਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਓਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

ਮੁੱਖ ਦਫ਼ਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਵੱਲੋਂ ਅਨੇਕਤਾ ਵਿੱਚ ਏਕਤਾ ਵਿਸ਼ੇ ਉੱਪਰ ਸੈਮੀਨਾਰ ਕਰਵਾਇਆ ਗਿਆ














ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦਾ ਵਿਸ਼ੇਸ਼ ਇਜਲਾਸ 12 ਜੂਨ ਨੂੰ ਪੈਨੋਰਾਮਾ ਕਮਿਊਨਿਟੀ ਸੈਂਟਰ ਵਿਖੇ ਅਨੇਕਤਾ ਵਿੱਚ ਏਕਤਾ ਵਿਸੇ ਉੱਪਰ ਹੋਇਆ । ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਸੁਆਗਤੀ ਸ਼ਬਦਾਂ ਉਪ੍ਰੰਤ ਏਜੰਡਾ ਦੱਸਿਆ ਅਤੇ ਸਮੁੱਚੀ ਕਾਰਵਾਈ ਨੂੰ ਚਲਾਇਆ। ਜਗਦੇਵ ਸਿੱਧੂ ਨੇ 'ਭੂਮੀ - ਕਬੂਲਨਾਮਾ ਪੜ੍ਹਨ ਦੀ ਰਸਮ ਤੋਂ ਬਾਅਦ ਮੂਲਨਿਵਾਸੀ ਇਤਿਹਾਸ ਦੇ ਕੌਮੀ ਮਹੀਨੇ ਜੂਨ ਅਤੇ ਮੂਲਨਿਵਾਸੀ ਕੌਮੀ ਦਿਵਸ, 21 ਜੂਨ ਲਈ ਹੋਣ ਵਾਲ਼ੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਵਿਭਿੰਨਤਾ ਨੂੰ ਕੁਦਰਤ ਦੀ ਖ਼ੂਬਸੂਰਤੀ ਕਿਹਾ ਅਤੇ ਸਭ ਨੂੰ ਆਪਸੀ ਪ੍ਰੇਮ ਅਤੇ ਸਦਭਾਵਨਾ ਨਾਲ਼ ਰਹਿਣ ਦਾ ਸੁਨੇਹਾ ਦਿੱਤਾ। ਉਨ੍ਹਾਂ ਨੇ ਸਾਰੇ ਧਰਮਾਂ, ਫ਼ਿਰਕਿਆਂ, ਵਰਗਾਂ ਅਤੇ ਕੌਮਾਂ ਦੇ ਲੋਕਾਂ ਨੂੰ ਇੱਕੋ ਮਨੁੱਖੀ ਭਾਈਚਾਰੇ ਦਾ ਅਨਿੱਖੜਵਾਂ ਅੰਗ ਦੱਸਿਆ। ਹਰਭਜਨ ਸਿੰਘ ਢਿੱਲੋਂ ਨੇ ਧਾਰਮਿਕ ਗ੍ਰੰਥਾਂ ਵਿੱਚੋਂ ਹਵਾਲੇ ਦੇ ਕੇ 'ਏਕਸ ਕੇ ਹਮ ਬਾਰਿਕ' ਹੋਣ ਦੀ ਗੱਲ ਕੀਤੀ ਅਤੇ ਕਿਹਾ ਕਿ ਗਿਆਨ ਦੀ ਪ੍ਰਾਪਤੀ ਨਾਲ਼ ਆਪਣੇ ਆਪ ਅਤੇ ਅਨੇਕਤਾ ਨੂੰ ਪਛਾਣ ਕੇ ਏਕਤਾ ਦਾ ਸੰਕਲਪ ਪੂਰਾ ਹੁੰਦਾ ਹੈ। ਅਜਿਹਾ ਲਾਲਚ, ਹਉਮੈਂ, ਈਰਖਾ, ਨਫ਼ਰਤ ਅਤੇ ਧਾਰਮਿਕ ਕੱਟੜਤਾ ਨੂੰ ਤਿਆਗ ਕੇ ਹੀ ਸੰਭਵ ਹੋ ਸਕਦਾ ਹੈ। ਇਸੇ ਕਿਸਮ ਦੇ ਵਿੱਚ ਾਰ ਪਵਨ ਬੋਹਰ ਦੇ ਸਨ।

ਗੁਰਿੰਦਰ ਬਰਾੜ ਐਮ ਐਲ ਏ ਨੇ ਅਲਬਰਟਾ ਦੇ ਰੀਫ਼ਰੈਂਡਮ ਸਮੇਂ ਕੈਨੇਡਾ ਦੇ ਹੱਕ ਵਿੱਚ ਵੋਟ ਪਾਉਣ ਲਈ ਅਪੀਲ ਕੀਤੀ। ਉਨ੍ਹਾਂ ਨੇ ਜਾਵੇਦ ਅਖ਼ਤਰ ਦੀ ਕਵਿਤਾ ਬੜੇ ਪ੍ਰਭਾਵਸ਼ਾਲੀ ਲਹਿਜੇ ਨਾਲ ਪੇਸ਼ ਕੀਤੀ। ਅਮਰੀਕ ਸਿੰਘ ਨੇ ਕਵਿਤਾ ਸੁਣਾਈ। ਸੁਖਮੰਦਰ ਗਿੱਲ ਨੇ ਬੁੱਲ੍ਹੇ ਸ਼ਾਹ ਦਾ ਕਲਾਮ, ਹਰਕੰਵਲ ਕੌਰ ਧਾਲ਼ੀਵਾਲ਼, ਵਿਨੋਦ ਕੁਮਾਰੀ ਸਿੰਘ, ਵਿਜੈ ਸਚਦੇਵਾ ਅਤੇ ਸੋਹਣ ਸਿੰਘ ਭੁੱਚੋ ਨੇ ਗਾਣਿਆਂ ਦੀ ਪੇਸ਼ਕਾਰੀ ਰਾਹੀਂ ਸਰੋਦੀ ਮਾਹੌਲ ਸਿਰਜਿਆ ਜਿਸ ਨੂੰ ਸੁਰਿੰਦਰ ਗੀਤ ਨੇ ਆਪਣੀ ਗ਼ਜ਼ਲ ਤਰੰਨਮ ਵਿੱਚ ਪੇਸ਼ ਕਰ ਕੇ ਸਿਖਰ 'ਤੇ ਪੁਚਾ ਦਿੱਤਾ। ਰਿਸ਼ੀ ਨਾਗਰ ਨੇ ਸਾਰੇ ਧਾਰਮਿਕ ਗ੍ਰੰਥਾਂ ਨੂੰ ਅੰਮ੍ਰਿਤ-ਰੂਪੀ ਦੱਸਿਆ ਅਤੇ ਕਾਮਨਾ ਕੀਤੀ ਕਿ ਸਾਡੇ ਅੰਦਰ ਏਕਤਾ, ਬਰਾਬਰੀ, ਆਪਸੀ ਪਿਆਰ ਅਤੇ ਭਰਾਤਰੀਭਾਵ ਦੀ ਜਾਗ੍ਰਤੀ ਆਵੇ। ਉਨ੍ਹਾਂ ਨੇ ਬਿਨਾ ਕਿਸੇ ਭੇਦ-ਭਾਵ ਲਿਹਾਜ਼ਦਾਰੀ, ਦਬਾਅ, ਲਾਲਚ ਜਾਂ ਭੈਅ ਤੋਂ ਨਿਰਪੱਖ ਪੱਤਰਕਾਰੀ ਉਪਰ ਡਟ ਕੇ ਪਹਿਰਾ ਦੇਣ ਦਾ ਅਹਿਦ ਦੁਹਰਾਇਆ। ਮੰਤਰੀ ਜਨਾਬ ਯਾਸੀਨ ਮੁਹੰਮਦ ਨੇ ਵੀ ਆਪਸੀ ਭਾਈਚਾਰੇ ਦੀ ਏਕਤਾ ਉਪਰ ਜ਼ੋਰ ਦੱਤਾ। ਤਾਰਿਕ ਮਲਿਕ ਨੇ ਜਲਾਲੁਦੀਨ ਰੂਮੀ ਦੀ ਜੀਵਨੀ ਵਿੱਚੋਂ ਹਵਾਲੇ ਦੇ ਕੇ ਉਪਦੇਸ਼ਾਤਮਕ ਵੀਚਾਰਾਂ ਦੀ ਸਾਂਝ ਪਾਈ। ਸੇਵਾ ਸਿੰਘ ਪ੍ਰੇਮੀ, ਦਿਲਾਵਰ ਸਮਰਾ, ਲੇਡੀ ਟੈਮੀ ਰੀਡ, ਮਲਟੀਕਲਚਰਿਜ਼ਮ ਦੀ ਚੇਅਰ ਪਰਸਨ ਸੁਨੀਤਾ ਅਨੰਦ ਨੇ ਇਸੇ ਵਿਸ਼ੇ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਜਨਾਬ ਮੁਨੱਵਰ ਅਹਿਮਦ ਨੇ ਕਈ ਗੀਤਾਂ ਦੇ ਮੁਖੜੇ ਅਸਲੀ ਅੰਦਾਜ਼ ਵਿੱਚ ਪੇਸ਼ ਕਰ ਕੇ ਪਰਪੱਕ ਗਾਇਕੀ ਦਾ ਸਬੂਤ ਦਿੱਤਾ। ਭਜਨ ਸਿੰਘ ਸਾਗੂ ਨੇ ਹਾਸਰਸ ਦਾ ਜਾਦੂ ਬਿਖੇਰਿਆ। ਗੁਰਵਿੰਦਰ ਵੀਰਾ ਦੀ ਮੁੰਡੇ ਕੁੜੀਆਂ ਦੀ ਟੀਮ ਨੇ ਲੋਕ ਬੋਲੀਆਂ ਉਪਰ ਭੰਗੜਾ ਪੇਸ਼ ਕੀਤਾ। ਲੜਕੀਆਂ ਦੀ ਦੂਜੀ ਟੀਮ ਨੇ ਗੀਤਾਂ ਦੀਆਂ ਧੁਨਾਂ ਉਪਰ ਵੱਖਰੇ ਅੰਦਾਜ਼ ਵਿੱਚ ਪੇਸ਼ਕਾਰੀ ਕੀਤੀ। ਦੋਵੇਂ ਪੇਸ਼ਕਾਰੀਆਂ ਵਿੱਚ ਅਦਾਵਾਂ, ਅੰਦਾਜ਼, ਥਿਰਕਣ ਅਤੇ ਟੱਪਣ ਦੀ ਕਲਾ ਦਾ ਮੁਜ਼ਾਹਰਾ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰ ਗਿਆ। ਅਖੀਰ ਵਿੱਚ ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਮਹਿਮਾਨਾਂ, ਕਲਾਕਾਰਾਂ, ਬੁਲਾਰਿਆਂ, ਮੀਡੀਆ ਕਰਮੀਆਂ ਵਿਸ਼ੇਸ਼ ਕਰ ਕੇ ਰਿਸ਼ੀ ਨਾਗਰ, ਹਰਬੰਸ ਬੁੱਟਰ, ਡੀ ਪੀ ਢਿੱਲੋਂ, ਪ੍ਰਬੰਧਕਾਂ ਅਤੇ ਮੈਂਬਰਾਂ ਦਾ ਪੂਰਨ ਸਹਿਯੋਗ ਲਈ ਤਹਿ-ਦਿਲੋਂ ਧੰਨਵਾਦ ਕੀਤਾ। ਸਫਲਤਾ ਸਹਿਤ ਸੰਪੰਨ ਹੋਏ ਸਮਾਗਮ ਦਾ ਮਜ਼ਾ ਪਰੋਸੇ ਗਏ ਲਜ਼ੀਜ਼ ਭੋਜਨ ਨੇ ਦੁੱਗਣਾ ਕਰ ਦਿੱਤਾ।



# ਕਾਗਜ਼ੀ ਵਿਚੋਲਪੁਣਾ

## ਲੜਕੇ ਦੀ ਲੋੜ

ਕੈਨੇਡੀਅਨ ਜੰਮਪਲ ਦੋਵੇਂ ਸੱਭਿਆਚਾਰਾਂ ਤੋਂ ਜਾਣੂੰ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਫਾਰਮੇਸੀ ਅਸਿਸਟੈਂਟ ਲੜਕੀ,ਉਮਰ 26 ਸਾਲ,ਕੱਦ 5 ਫੁੱਟ 5 ਇੰਚ ਲਈ ਕੈਨੇਡੀਅਨ ਜੰਮਪਲ ਜਾਂ ਛੋਟੇ ਹੁੰਦੇ ਕੈਨੇਡਾ ਆਏ ਗੁਰਸਿੱਖ ਪਰਿਵਾਰ ਦੇ ਵੈਸ਼ਨੂੰ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਰਿਵਾਰ ਪਿਛਲੇ 30 ਸਾਲ ਤੋਂ ਕੈਨੇਡਾ ਸੈਟਲ ਹੈ । ਮੈਰਿਜ ਬਿਊਰੋ ਜਾਂ ਇੰਡੀਆ ਰਹਿੰਦੇ ਲੜਕੇ ਵਾਲੇ ਸੰਪਰਕ ਨਾ ਕਰਨ । ਸੰਪਰਕ:1 403 472 0468 **299*3**

## ਲੜਕੇ ਦੀ ਲੋੜ

Jatt Sikh parents seeking a suitable match for their daughter, a Canadian citizen, born 1988, 5 ‘33 , registered physiotherapist, based in Calgary. A boy should be well educated in good moral values, either doing a decent job or running a business. Calgary or Edmonton preferred. Contact number + 91 96466 -18381, + 91 98724 98252 ***299***3***

## ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ,ਨਸ਼ਿਆਂ ਤੋਂ ਰਹਿਤ, ਆਪਣਾ ਕਾਰੋਬਾਰ ਕਰਦੇ, ਸੰਘਾ ਪਰਿਵਾਰ ਚੋਂ ਘਰਵਾਲੀ ਤੋਂ ਅਲੱਗ ਰਹਿੰਦੇ,ਉਮਰ 58 ਸਾਲ, ਕੱਦ 5 ਫੁੱਟ 8 ਇੰਚ, ਲਈ ਜੀਵਨ ਸਾਥਣ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਤਲਾਕ ਸੁਦਾ ਜਾਂ ਵਿਧਵਾ ਹੋਈ ਜੀਵਨ ਸਾਥਣ ਦੀ ਉਮਰ 50 ਸਾਲ ਤੋਂ ਘੱਟ ਨਾ ਹੋਵੇ। ਕੈਨੇਡਾ ਜਾਂ ਇੰਡੀਆ ਤੋਂ ਬੱਚੇ ਸਮੇਤ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 718 7234 ***299***3***

## ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਬਦੇਸਾ ਪਰਿਵਾਰ ਦੇ ਘਰਵਾਲੀ ਤੋਂ ਅਲੱਗ ਰਹਿ ਰਹੇ,ਉਮਰ 49 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਬੀ ਸੀ ਵਿੱਚ ਆਪਣਾ ਘਰ ਬਣਾਉਣ ਦਾ ਕਾਰੋਬਾਰ ਕਰਦੇ ਲਈ ਜੀਵਨ ਸਾਥਣ ਦੀ ਲੋੜ ਹੈ। ਸੰਪਰਕ: SSSWHITESOUTH80 @GMAIL.COM ***298***3

## ਲੜਕੇ ਦੀ ਲੋੜ

ਕੈਨੇਡੀਅਨ ਸਿਟੀਜਨ, ਰਾਮਗੜੀਆ ਗੁਰਸਿੱਖ ਲੜਕੀ ਜਨਮ 1996, ਕੱਦ 5 ਫੁੱਟ 4 ਇੰਚ, ਕੈਲਗਰੀ ਰਹਿੰਦੀ ਲਈ ਚੰਗੇ ਪੜੇ ਲਿਖੇ ਕੈਲਗਰੀ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: +91 98142 12395 ***298***3

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੀ ਲੜਕੀ ,ਜਨਮ 1991,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਬੀ ਏ,ਬੀਐੱਡ, ਕੈਨੇਡਾ ਵਿੱਚ ਵਰਕ ਪਰਮਿਟ ਉੱਪਰ ਕੰਮ ਕਰਦੀ,ਲਈ ਬਰਾਬਰ ਦੀ ਯੋਗਤਾ ਵਾਲੇ ਹਾਣ ਪ੍ਰਵਾਣ ਦੇ ਨਸ਼ਾ ਰਹਿਤ,ਵੈਸ਼ਨੂੰ,ਕਨੇਡੀਅਨ ਪੀ ਆਰ,ਸਿਟੀਜਨ, ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸਤੇ ਦੀ ਲੋੜ ਹੈ। ਸੰਪਰਕ: 1 306 501 6474 ਜਾਂ ਵਟਸਐਪ +91 90566 36305 ***298***3

## ਲੜਕੇ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੀ ਡਡਵਾਲ ਪਰਿਵਾਰ ਦੀ ਅੰਮ੍ਰਿਤਧਾਰੀ,ਤਲਾਕਸੁਦਾ (ਕੋਈ ਬੱਚਾ ਨਹੀਂ) ਲੜਕੀ ਜਨਮ 1997, ਸਕਿਨਟੋਨ: ਫੇਅਰ (ਵਾਈਟ), ਕੱਦ 5 ਫੁੱਟ 3 ਇੰਚ, ਬੀਐਸ ਸੀ ਨਰਸਿੰਗ (ਇੰਡੀਆ) ਮੈਡੀਕਲ ਆਫਿਸ ਅਸਿਸਟੈਂਟ ਕੋਰਸ (ਕੈਲਗਰੀ) ਹੈਲਥ ਐਂਡ ਹਿਊਮਨ ਸਰਵਿਸਜ ਮੈਨੇਜਮੈਂਟ ਪੋਸਟ ਡਿਪਲੋਮਾਂ ਸਰਟੀਫਿਕੇਸ਼ਨ (ਕੈਲਗਰੀ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ। ਸੰਪਰਕ: 587 226 4592 ***298***3

## ਲੜਕੀ ਦੀ ਲੋੜ

ਜੱਟ ਸਿੱਖ ਬੈਂਸ ਪਰਿਵਾਰ ਦੇ ਇੰਡੀਆ ਰਹਿੰਦੇ ਤਲਾਕਸੁਦਾ ਮੰਗਲੀਕ ਲੜਕੇ ਜਨਮ 1990,ਕੱਦ 5 ਫੁੱਟ 8 ਇੰਚ, ਇਲੈਕਟਰੋਨਿਕ ਕਮਿਊਨੀਕੇਸ਼ਨ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਕਾਲ ਵਟਸਐਪ: 1 639 382 3055 ***298***3

## ਲੜਕੀ ਦੀ ਲੋੜ

35-year-Old/ 5’10", never married, clean-shaven, Ramgarhia Sikh, Canadian citizen, well-settled businessman in Winnipeg, Canada. Successful entrepreneur in Real Estate & Mortgage Financing. Seeking educated, family-oriented girl from a respectable family. Canada/USA preferred. WhatsApp: - 204-510-7658 ***300***3

## ਲੜਕੀ ਦੀ ਲੋੜ

ਆਸਟਰੇਲੀਆ ਸਿਟੀਜਨ, ਸ਼ਰਮਾ ਪਰਿਵਾਰ ਦੇ ਲੜਕੇ, ਉਮਰ 39 ਸਾਲ, ਕੱਦ 5 ਫੁੱਟ 8 ਇੰਚ, ਹੋਟਲ ਮੈਨੇਜਮੈਂਟ ਡਿਗਰੀ ਹੋਲਡਰ ਲਈ ਆਸਟਰੇਲੀਆ ਜਾਂ ਕੈਨੇਡਾ ਦੀ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਿਜਟਿਰ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਪੰਜਾਬ ਤੋਂ ਦੁਆਬਾ ਏਰੀਆ ਨੂੰ ਪਹਿਲ । ਸੰਪਰਕ : 403 890 7020 ***298***3

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ (ਸੌਰਟ ਟਰਮ ਡਿਵੋਰਸੀ) ਉਮਰ 32 ਸਾਲ, ਕੱਦ 6 ਫੁੱਟ, ਆਟੋਮੋਬਾਈਲ ਇੰਜੀਨੀਅਰ, ਵੈਲ ਸੈਟਲਡ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 422 1833 ਜਾਂ 604 716 0711 **297*3**

## ਲੜਕੀ ਦੀ ਲੋੜ

ਕੈਲਗਰੀ(ਕੈਨੇਡਾ) ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਨਸ਼ਾ ਰਹਿਤ,ਮਿਹਨਤੀ ਸੁਭਾਅ ਦੇ ਲੜਕੇ ਜਨਮ ਸਾਲ 2000,ਕੱਦ 5 ਫੁੱਟ 11 ਇੰਚ, ਬੀ ਏ ਗਰੈਜੂਏਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਜੇਕਰ ਕੁੜੀ ਦਾ ਪਿਛੋਕੜ ਨਰਸਿੰਗ ਹੈ ਤਾਂ ਉਸ ਨੂੰ ਨੈਨੀ ਬੇਸ ਉੱਪਰ ਪੀ ਆਰ ਲਈ ਮੱਦਦ ਕਰ ਸਕਦੇ ਹਾਂ। ਲੜਕਾ ਆਪਣੀ ਭੈਣ ਅਤੇ ਉਸਦੇ ਪਰਿਵਾਰ ਨਾਲ ਕੈਲਗਰੀ ਰਹਿੰਦਾ ਹੈ। ਸੰਪਰਕ: 1 403 909 3912 ***297***3***

## ਲੜਕੀ ਦੀ ਲੋੜ

ਰਾਮਗੜ੍ਹੀਆ, ਮੁੱਟੇ ਪਰਿਵਾਰ ਦੇ ਵਿਜਟਰ ਵੀਜੇ ਉੱਪਰ ਕੈਨੇਡਾ ਆਏ ਲੜਕੇ ਉਮਰ 27 ਸਾਲ, ਕੱਦ:5 ਫੁੱਟ 10 ਇੰਚ,ਵਿੱਦਿਅਕ ਯੋਗਤਾ : ਬੀਬੀਏ,ਆਈ ਟੀ ਆਈ ਵੈਲਡਰ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸਤੇ ਦੀ ਲੋੜ ਹੈ । ਵਰਕ ਪਰਮਿਟ ਵਾਲੀ ਜਾਂ ਸਟੂਡੈਂਟ ਵੀਜ਼ਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਕਾਲ: 1 825 889 1726 Email: parimnderisngh91726 @gmail.com ***297***3***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ,ਜੱਟ ਸਿੱਖ ਵੈਸ਼ਨੂੰ,ਵੈਲ ਸੈਟਲਡ,ਤਲਾਕਸੁਦਾ,ਬਿਨਾ ਬੱਚੇ ਤੋਂ,ਲੜਕੇ ਉਮਰ 42 ਸਾਲ, ਕੱਦ 5 ਫੁੱਟ 11 ਇੰਚ, ਬੀਏ ਪਾਸ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਤਲਾਕਸੁਦਾ/ਵਿਧਾਵਾ ਲੜਕੀ ਬਿਨਾ ਬੱਚੇ ਤੋਂ ਸੰਪਰਕ ਕਰ ਸਕਦੀ ਹੈ। ਸੰਪਰਕ: 1 825 431 3300 ਜਾਂ ਈ ਮੇਲ : jmanjit61@gmail.com ***297***3***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ, ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਜਨਮ (ਇੰਡੀਆ) 1996, ਕੱਦ 6 ਫੁੱਟ 2 ਇੰਚ, ਏਅਰ ਕਰਾਫਟ ਮੈਨਟੀਨੈਂਸ ਡਿਪਲੋਮਾਂ ਹੋਲਡਰ ਲਈ,ਪੜੀ ਲਿਖੀ,ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਹੈ ਅਤੇ ਮੌਜੂਦਾ ਸਮੇ ਸੀ ਐਨ ਵਿੱਚ ਲੋਕੋਮੋਟਿਵ ਇੰਜੀਨਅਰ ਵੱਜੋਂ ਜੈਸਪਰ ਵਿਖੇ ਜੌਬ ਕਰ ਰਿਹਾ ਹੈ। ਸੰਪਰਕ: 1 204 293 6735 ***297***F***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਪੰਜਾਬੀ ਹਿੰਦੂ ਖੱਤਰੀ ਮਨੋਚਾ ਪਰਿਵਾਰ ਦੇ ਲੜਕੇ ਜਨਮ 1996, ਕੱਦ 5 ਫੁੱਟ 10 ਇੰਚ, ਐਜੂਕੇਸ਼ਨ: BBA , ਫੈਮਿਲੀ ਬਿਜਨਿਸ ਚਲਾ ਰਹੇ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 969 8776 ਜਾਂ ਈ ਮੇਲ: Gmanocha@shaw.ca **296*3**

## ਲੜਕੀ ਦੀ ਲੋੜ

ਦਿੱਲੀ ਦੇ ਜੰਮਪਲ ਸਿੱਖ ਬਾਜਵਾ ਪਰਿਵਾਰ ਦੇ ਇਕਲੌਤੇ ਲੜਕੇ ਜਨਮ 2002,ਕੱਦ 5 ਫੁੱਟ 10 ਇੰਚ, ਵਿੱਦਿਅਕ ਯੋਗਤਾ: graduation in BBA, ਦਿੱਲੀ ਕਾਰਪੋਰੇਸ਼ਨ ਸਰਕਾਰੀ ਜੌਬ ਕਰਦੇ ਲਈ ਹਾਣ ਪ੍ਰਵਾਨ ਦੀ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 1 368 599 7814 **296**3

## ਲੜਕੇ ਦੀ ਲੋੜ

ਰਾਮਗੜ੍ਹੀਆ PR ਲੜਕੀ ,ਕੈਲਗਰੀ ਜਨਮ 1989 5’ 5” ਪੜ੍ਹੀ ਲਿਖੀ ਤਲਾਕਸ਼ੁਦਾ, ਬਿਨਾ ਬੱਚੇ, ਲਈ ਵੈੱਲ ਸੈੱਟਲਡ ਮੁੰਡੇ ਦੀ ਲੋੜ। ਪਹਿਲ BC, ਮਾਲਵਾ। ਬਹੁਤੀ ਛੋਟੀ ਉਮਰ ਵਾਲੇ ਨਾ ਸੰਪਰਕ ਕਰਨ +91 98 558 48979, Ramgharia PR short issueless no kids divorce,5’5" 1989 well educated girl in Calgary seeking well settled boy. Willing to move to BC. Please call +91 98 558 48979, Marriage Bureau calls will be blocked ***295***3***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਟਰੱਕਿੰਗ ਇੰਡਸਟਰੀ ਵਿੱਚ ਵਰਕ ਪਰਮਿਟ ਉੱਪਰ ਕੈਨੇਡਾ (ਕੈਲਗਰੀ) ਰਹਿੰਦੇ ਲੜਕੇ,ਉਮਰ 33 ਸਾਲ, ਕੱਦ 5 ਫੁੱਟ 9 ਇੰਚ, ਪੜ੍ਹਾਈ ਲਿਖਾਈ: ਬੀ ਟੈੱਕ ਐਂਡ ਲਾਅ, ਲਈ ਕਨੇਡੀਅਨ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 1 403 493 1993 ਜਾਂ 91 98 141 22621 ***295***3***

## ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕੈਲਗਿਰੀ ਰਹਿੰਦੇ ਪਰਜਾਪਤ ਸਿੱਖ ਪਰਿਵਾਰ ਦੇ ਲੜਕੇ,ਜਨਮ 1996,ਕੱਦ 5 ਫੁੱਟ 6 ਇੰਚ,ਟਰੱਕ ਟਰੇਲਰ ਮਕੈਨਿਕ,ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ ,ਬਿਨਾ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੇ ਹਨ । ਕਾਲ:1 368 338 6512 ***295***3ਫ***

## ਲੜਕੇ ਦੀ ਲੋੜ

Jatt Sikh parents seeking suitable match for their Indian born daughter, Canadian citizen, Dec 1986 born, 5' 1.5'' feet, B. Tech & MBA, working in a leading company in management role. Boy should be well educated of good moral values either doing decent job or business. Cell no./ Whatsapp +1 587 434 0817 ***299***rana*

## ਲੜਕੇ ਦੀ ਲੋੜ

ਸੈਣੀ ਸਿੱਖ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ, ਜਨਮ ਅਕਤੂਬਰ1988,ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ : MA,B.Ed and Cosmetology (Beauitican ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਜਾਤ ਪਾਤ ਦਾ ਕੋਈ ਬੰਧਨ ਨਹੀਂ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਅਤੇ ਯੂ ਐਸ ਏ ਸੈਟਲ ਹੈ ਸੰਪਰਕ:778 953 0024 ***294***3*

## ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਤਲਾਕਸ਼ੁਦਾ ( ਕੋਈ ਬੱਚਾ ਨਹੀਂ)ਲੜਕੇ ਉਮਰ 40 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸ 2 ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 703 5870 ਜਾਂ 587 889 4509 ***294***3*

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1999,ਕੱਦ 5 ਫੁੱਟ 5 ਇੰਚ,Education background ABth ( Anees school Mohali.) Gcg college AA sector Chandigarh (B.A) Conestoga college Waterloo Canada (hospitality management and business management. ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ । ਲੜਕੀ ਸਾਲ 2022 ਵਿੱਚ ਕੈਨੇਡਾ ਸਟੂਡੈਂਟ ਵੀਜ਼ਾ ਉੱਪਰ ਆਈ ਸੀ ਅਤੇ ਹੁਣ ਵਰਕ ਪਰਮਿਟ ਉੱਪਰ ਹੈ । ਲੜਕੀ ਦਾ ਪਿਤਾ ਸਰਕਾਰੀ ਬੈਂਕ ਮੈਨੇਜਰ ਰਿਟੈਰਿਡ ਹੈ । ਲੜਕੀ ਦਾ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਜੋ ਵਿਆਹਿਆ ਹੋਇਆ ਹੈ ਅਤੇ ਲੜਕੀ ਇਸ ਵੇਲੇ ਉਸ ਕੋਲ ਹੀ ਰਹਿ ਰਹੀ ਹੈ । WhatsApp ਸੰਪਰਕ: 91 98724 26732 ***299**k**

## ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 299*Roop**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***292 rao***

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।

ਸੰਪਰਕ (ਵਟਸਐਪ): 1 587 433 9400

ਅਤੇ 1 825 982 1700

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈਂਟਲ ਹਨ ਜੋ ਕਿ ਲੜਕੇ ਨੂੰ ਸੈਂਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## Name Change

I, TIKKA SINGH SANGHA, Son of TARSEM SINGH, holder of Indian passport No. S 3090711, issued at VANCOUVER, on 19/03/2018, permanent resident of, VPO: MEHMOWAL MAHLA, TEH: SHAHKOT, JALANDHAR PIN: 144629, PUNJAB, INDIA presently residing, 693 MUIRFIELD CRES, LYALTA (AB) T0J1Y1, CANADA. Do hereby change My name from TIKKA SINGH SANGHA to GURDEEP SINGH SANGHA with immediate effect.

Date: 15/06/2026 Phone: 1 403 400 1361

## Need Office Administrator

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba**
**@403-975-0128**

“ਪੰਜਾਬੀ ਅਖ਼ਬਾਰ” ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

# ਕਲਮੀ ਸੱਥ

## ਯਾਦ ਹੈ ਤੈਨੂੰ ?

ਮੋਮਬੱਤੀਆਂ ਦੇ ਜਿਸਮ ਪਿਘਲਾ ਕੇ
ਚੱਲ ਸੂਰਜ ਨੂੰ ਟਿੱਕਾ ਲਾਈਏ
ਸ਼ਾਮ ਹੀ ਸਹੀ
ਜੁਗਨੂੰਆਂ ਦੇ ਸਾਏ ਹੀ ਬਹੁਤ ਨੇ
ਤੇਰਾ ਸਾਥ ਚੰਨ ਦੀ ਖ਼ੈਰਾਤ ਐ
ਏਦਾਂ ਓਦਾਂ ਕੁਝ ਨੀ
ਬੱਸ ਹਾਂ ਦੀ ਲਕੀਰ ਖਿੱਚ ਦੇ
ਰਾਤ ਫਿਰ ਨਿਖਰ ਜਾਏਗੀ

2. ਯਾਦ ਹੈ ਤੈਨੂੰ
ਚੁੰਨੀ ਦੀ ਨੁੱਕਰ ਚ ਸਿੰਧੂਰ ਨੂੰ ਗੰਢ ਮਾਰਕੇ
ਤੇ ਲਾਗੇ ਪਈ ਮਹਿੰਦੀ ਨੂੰ
ਮਾਂਗ ਚ ਭਰਕੇ ਤੂੰ ਕਿਹਾ ਸੀ
ਅੱਜ ਤੋਂ ਮਹਿੰਦੀ ਤੇ ਸਿੰਦੂਰ
ਦੋਵੇਂ ਸੁਹਾਗਣ ਹੋਏ

3. ਆਪਣੇ ਹੱਥ ਦੀ ਉਹ ਲਕੀਰ ਮੈਨੂੰ ਦੇ ਦੇ
ਜਿਸਤੇ ਮੇਰਾ ਨਾਮ ਉਕਰਿਆ ਹੈ
ਮੈਨੂੰ ਆਪਣੇ ਹੱਥਾਂ ਦੀਆਂ ਲਕੀਰਾਂ ਤੇ ਭਰੋਸਾ ਨਈਂ
ਤੇਰੇ ਹੱਥ ਵੇਂਦਾ ਹਾਂ
ਤਾ ਲੱਗਦਾ ਹੈ
ਜੀਵਨ ਸ਼ਾਇਦ ਕਿਸਮਤ ਦਾ ਨਾਮ ਹੈ

4. ਇਹ ਛੋਟੇ ਪਾਣੀ ਦੀਆਂ ਬੱਤਖਾਂ ਨੇ
ਜਿੰਨੇ ਨੇ ਹਾਲੇ ਸਮੁੰਦਰ ਦੇ ਘੋਗੇ ਨਈਂ ਵੇਖੇ
ਨਾ ਹੀ ਝਰਨਿਆਂ ਚੋਂ ਡਿਗਦੀਆਂ ਮਛਲੀਆਂ
ਇਹਨਾਂ ਦਾ ਜੀਵਨ
ਛੋਟੇ ਪਾਣੀਆਂ ਦੇ ਜਿਸਮ ਤੇ ਜੰਮੀ ਕਾਈ ਨੂੰ ਖੰਗਾਲਣਾ ਹੈ
ਇਹਨਾਂ ਨੂੰ ਖ਼ਬਰ ਨਹੀਂ ਕਿ ਇਹ ਰਸਤੇ
ਸਮੁੰਦਰਾਂ ਤਕ ਨਹੀਂ ਜਾਂਦੇ

5. ਇਕ ਕਿਰਨ ਹੀ ਕਾਫੀ ਸੀ
ਜਿਸਨੇ ਉਸਦੇ ਮੱਥੇ ਤੇ ਨਿਸ਼ਾਨ ਪਾ ਦਿੱਤਾ
ਉਸਨੇ ਗਰੰਥ ਲਿਖੇ
ਵਿਚਾਰਾਂ ਦੇ ਸ਼ਬਦਕੋਸ਼ ਬਣਾ ਛੱਡੇ
ਬਾਅਦ ਵਿਚ ਲੋਕਾਂ ਨੇ ਕਿਰਨਾਂ ਦਾ ਗਾਹ ਪਾ ਦਿੱਤਾ
ਪਰ ਮੱਥੇ ਦੀ ਤਕਦੀਰ ਕਿਸੇ ਕੋਲ ਨਹੀਂ ਸੀ
ਨਕਲੀ ਕਿਰਨਾਂ ਦੇ ਸੌਦਾਗਰਾਂ ਨੇ ਕਾਰੋਬਾਰ ਚਲਾ ਲਏ
ਲੋਕਾਂ ਨੇ ਆਪਣੇ ਘਰਾਂ ਤੋਂ ਵਪਾਰੀਆਂ ਦੇ ਅਖੌਤੀ ਟਿਲੇ ਤਕ
ਜੁੱਤੀਆਂ ਘਸਾ ਲਈਆਂ
ਕੁਝ ਨਾ ਮਿਲਿਆ ਤੇ ਥੱਕ ਕੇ ਬੈਠ ਗਏ
ਬਾਬਾ ਅੱਜ ਤੇਰੀਆਂ ਖੜਾਵਾਂ ਯਾਦ ਆਉਂਦੀਆਂ ਨੇ

6. ਖੱਬਲ ਘਾਹ ਦੀਆਂ ਤਿੜਾਂ ਤੇ
ਤ੍ਰੇਲ ਨੇ ਸ਼ਰਾਰਤ ਕੀਤੀ
ਇਲਾਚੀ ਦੇ ਬੂਟੇ ਥੱਲੇ ਮਿੱਟੀ ਉੱਤੇ
ਉਸਨੇ ਆਪਣਾ ਪੈਰ ਧਰਿਆ
ਤੇ ਮੇਰਾ ਹੱਥ ਫੜਕੇ ਕਿਹਾ
ਚਲ ਮਿੱਟੀ ਚ ਰਲ ਜਾਈਏ

7. ਕਨੇਰ ਤੇ ਕੁਮੁਦ ਦੇ ਫੁੱਲ
ਉਸਦੇ ਬਸਤੇ ਚ ਰਖੇ ਸਨ
ਉਮਰ ਨਾਲੋਂ ਜ਼ਿਆਦਾ
ਉਸਨੂੰ ਉਹ ਫੁੱਲ ਭਾਰੀ ਲੱਗੇ

8. ਹਿਰਖ ਰਹੇਗਾ ਤੇਰੇ ਨਾਲ
ਤੇਰੇ ਘਰ ਦੀ ਦਹਿਲੀਜ਼ ਤੇ
ਜਿਹੜਾ ਨਾਂਅ ਲਿਖ ਆਇਆ ਸੀ
ਤੂੰ ਉਹ ਮਿਟਾ ਦਿੱਤਾ
ਹਵਾਵਾਂ ਨੂੰ ਹਰ ਵਾਰ
ਦੋਸ਼ ਦੇ ਦੇਣਾ ਚੰਗਾ ਨੀਂ ਹੁੰਦਾ

**... ਸਤਿੰਦਰ "ਸੁਕਰਾਤ"**

## ਰੋਣਾ ਆ ਗਿਆ

ਮਨ ਐਨਾ ਹੋਇਆ ਉਦਾਸ ਤਾਂ ਰੋਣਾ ਆ ਗਿਆ
ਕਿਸੇ ਦਿੱਤਾ ਨੀ ਧਰਵਾਸ ਤਾਂ ਰੋਣਾ ਆ ਗਿਆ

ਵਿੱਚ ਵਦੇਸ਼ਾਂ ਆਕੇ ਰੁਲਦਿਆਂ ਖਪਦਿਆਂ ਨੂੰ
ਜਦ ਚੁਭੀ ਇਹ ਪਰਵਾਸ ਤਾਂ ਰੋਣਾ ਆ ਗਿਆ

ਮਾਰ ਉਡਾਰੀ ਆਪਣੇ ਵਤਨੀ ਪਹੁੰਚਿਆ ਜਦ
ਜਦੋਂ ਵੇਖੀ ਮਾਂ ਦੀ ਰਾਖ ਤਾਂ ਰੋਣਾ ਆ ਗਿਆ।

ਘਰ ਜਾ ਕੇ ਭਾਈ ਨੂੰ ਜੱਫੀ ਪਾਈ ਜਦ
ਮਿਲਿਆ ਨਹੀਂ ਨਿਘਾਸ ਤਾਂ ਰੋਣਾ ਆ ਗਿਆ।

ਬਚਪਨ ਅਤੇ ਜਵਾਨੀ ਇੱਕ ਯਾਰ ਨਾਲ ਸਾਂਝੇ ਸੀ
ਉਹ ਪਿਆ ਮੰਜੇ ਚ ਬੇਆਸ ਤਾਂ ਰੋਣਾ ਆ ਗਿਆ

ਓਹੀ ਪਿੰਡ ਸੀ ਤੇ ਓਹੀ ਪਿੰਡ ਵਾਲ਼ੇ ਸੀ
ਮਨ ਸਭ ਤੋਂ ਹੋਇਆ।ਨਿਰਾਸ਼ ਤਾਂ ਰੋਣਾ ਆ ਗਿਆ।

ਕੋਈ ਤਾਂ ਪਹਿਲਾਂ ਵਰਗਾ ਸੱਜਣ ਮਿਲ ਜਾਵੇ
ਪੂਰੀ ਨਾ ਹੋਈ ਆਸ ਤਾਂ ਰੋਣਾ ਆ ਗਿਆ

**ਸੋਹਣ ਭੁੱਚੋ**

91 81469 46195

## ਜਾਣਨਾ ਚਾਹੁੰਦਾ ਹਾਂ !

ਮੈਨੂੰ ਇਹ ਨਾ ਦੱਸੋ ਕਿ
ਉਹਨਾਂ ਨੇ ਮੇਰੇ ਬਾਰੇ ਕੀ ਕਿਹਾ,
ਮੈਨੂੰ ਇਹ ਦੱਸੋ ਕਿ
ਉਹਨਾਂ ਨੂੰ ਇੰਨੀ ਹਿੰਮਤ ਕਿੱਥੋਂ ਮਿਲੀ।
ਕਿ ਮੇਰੀ ਗ਼ੈਰ-ਹਾਜ਼ਰੀ ਵਿੱਚ
ਮੇਰੀ ਸ਼ਖ਼ਸੀਅਤ ਦਾ ਫ਼ੈਸਲਾ ਕਰ ਦੇਣ,
ਅਤੇ ਤੁਹਾਡੇ ਸਾਹਮਣੇ ਮੇਰੀ
ਇੱਜ਼ਤ ਨੂੰ ਲਫ਼ਜ਼ਾਂ ਵਿੱਚ ਤੋਲ ਦੇਣ।
ਮੈਨੂੰ ਉਹਨਾਂ ਦੀਆਂ ਗੱਲਾਂ
'ਤੇ ਬਹੁਤਾ ਅਚੰਭਾ ਨਹੀਂ ਹੁੰਦਾ,
ਅਚੰਭਾ ਤਾਂ ਇਸ ਗੱਲ ਦਾ ਹੁੰਦਾ ਹੈ ਕਿ
ਉਹਨਾਂ ਨੂੰ ਤੁਹਾਡੀ ਨੇੜਤਾ
'ਤੇ ਇੰਨਾ ਭਰੋਸਾ ਕਿਵੇਂ ਮਿਲਿਆ,
ਕਿ ਉਹ ਮੇਰੇ ਬਾਰੇ ਬੇਖ਼ੌਫ਼ ਹੋ ਕੇ ਬੋਲਦੇ ਰਹੇ।
ਕਿਉਂਕਿ ਲਫ਼ਜ਼ ਅਕਸਰ
ਬੋਲਣ ਵਾਲੇ ਦਾ ਨਹੀਂ,
ਸੁਣਨ ਵਾਲੇ ਦਾ ਵੀ ਪਛਾਣ ਕਰਵਾ ਜਾਂਦੇ ਨੇ;
ਜਿਹੜੀਆਂ ਗੱਲਾਂ ਮੇਰੇ ਬਾਰੇ ਕਹੀਆਂ ਗਈਆਂ,
ਉਹ ਬਾਅਦ ਦੀ ਗੱਲ ਨੇ,
ਪਹਿਲਾਂ ਇਹ ਜਾਣਨਾ ਚਾਹੁੰਦਾ ਹਾਂ ਕਿ
ਉਹਨਾਂ ਨੂੰ ਇਹ ਯਕੀਨ
ਕਿਸਨੇ ਦਵਾਇਆ ਕਿ ਤੁਸੀਂ ਸੁਣ ਲਵੋਗੇ।

— Shoebox Arts Productions

shoeboxproductions.art

## ਬੁਢਾਪਾ ਜਾਣ ਦਾ ਨਾਂ ਨ੍ਹੀਂ ਲੈਂਦਾ

ਬਚਪਨ ਖੇਡਾਂ ਵਿਚ ਲੰਘਾਇਆ,ਜਵਾਨੀ ਲੰਘੀਂ ਮ੍ਰਿਗ ਦੀ ਚਾਲ।
ਬੁਢਾਪਾ ਜਾਣ ਦਾ ਨਾਂ ਨਹੀਂ ਲੈਂਦਾ,ਇੰਝ ਲੱਗਦਾ ਇਹ ਲੈਜੂ ਨਾਲ ।

ਬਚਪਨ ਕੋਈ ਵੀ ਮੋੜ ਲਿਆਵੇ,ਸੁਬਹ ਸਵੇਰੇ ਮੈਂ ਏਹੀ ਸੋਚਾਂ।
ਪਲਕਾਂ ਉਪਰ ਉਸਨੂੰ ਬੈਠਾਊਂ,ਮੇਰੇ ਮਨ ਦੀਆਂ ਏਹ ਨੇ ਲੋਚਾਂ।
ਕੋਈ ਸਿਆਣਾ ਲੱਭਦੇ ਹੱਲ ,ਹਰ ਇੱਕ ਨੂੰ ਮੈਂ ਕਰਾਂ ਸਵਾਲ।
ਬੁਢਾਪਾ ਜਾਣ ਦਾ ਨਾਂ ਨ੍ਹੀਂ ਲੈਂਦਾ .।

ਜੋਬਨ ਰੁੱਤ ਜਦੋਂ ਸੀ ਆਈ,ਸਾਨੂੰ ਨਹੀਂ ਸੀ ਰੱਬ ਓਦੋਂ ਯਾਦ।
ਅੰਬਰਾਂ ਨੂੰ ਸੀ ਟਾਕੀ ਲਾਉਂਦੇ,ਤਰ੍ਹਾਂ-ਤਰ੍ਹਾਂ ਦੇ ਵੇਂਹਦੇ ਸਵਾਦ।
ਜੋਬਨ ਰੁੱਤ ਜਦੋਂ ਦੀ ਲੰਘੀ,ਇੰਝ ਲੱਗਦਾ ਜਿਵੇਂ ਹੋਏ ਕੰਗਾਲ।
ਬੁਢਾਪਾ ਜਾਣ ਦਾ ਨਾਂ ਨ੍ਹੀਂ ਲੈਂਦਾ ..।

ਢਲਦੀ ਉਮਰ ਦੇ ਜਦੋਂ ਵੀ ਅਸਾਂ ਨੇ,ਖੁੱਲ੍ਹੇ ਦਰਸ਼ਨ ਕੀਤੇ ਹਨ॥
ਮੁੜ-ਮੁੜ ਸਾਨੂੰ ਯਾਦ ਸੀ ਆਉਂਦੇ,ਰੰਗਲੇ ਦਿਨ ਜੋ ਬੀਤੇ ਹਨ।
ਪਹਿਲੀ ਵੇਰ ਜਦੋਂ ਕਿਸੇ ਬਾਬਾ ਕਿਹਾ,ਹੋ ਗਿਆ ਸੀ ਮੰਦਾ ਹਾਲ।
ਬੁਢਾਪਾ ਜਾਣ ਦਾ ਨਾਂ ਨ੍ਹੀਂ ਲੈਂਦਾ .।

ਸੁਘੜ ਸਿਆਣੇ ਲੋਕ ਜੋ ਹੁੰਦੇ,ਤਿੰਨਾਂ ਰੰਗਾਂ ਦਾ ਰੰਗ ਪਏ ਮਾਨਣ।
'ਤਲਵੰਡੀ' ਵਰਗੇ ਮੂਰਖ਼ ਲੋਕੀਂ,ਇਹਨਾਂ ਦੇ ਕੀ ਅਰਥ ਜਾਨਣ।
ਜੀਵਨ ਜਾਚ ਜਿਨ੍ਹਾਂ ਨੂੰ ਹੁੰਦੀ,ਸੁਹਣੇ ਨੇ ਲੰਘਦੇ ਸਾਰੇ ਹੀ ਸਾਲ।
ਬੁਢਾਪਾ ਜਾਣ ਦਾ ਨਾਂ ਨ੍ਹੀਂ ਲੈਂਦਾ .।

**ਅਮਰੀਕ ਸਿੰਘ ਤਲਵੰਡੀ**

9463542896

## ਗਟਰ

ਸਵਰਨ ਸਿੰਘ ਭੰਗੂ ਨੂੰ ਤਾਂ ਇੱਕ ਗਟਰ ਨਿਗਲ ਗਿਆ।
ਪਰ ਸਾਡੇ ਪ੍ਰਬੰਧ ਦਾ ਦੀਵਾਲਾ ਨਿਕਲ ਗਿਆ।

ਹੁੰਦੇ ਹੀ ਰਹਿੰਦੇ ਨੇ ਹਰ ਰੋਜ਼ ਅਜਿਹੇ ਹਾਦਸੇ,
ਪਰ ਇਸ ਵਾਰ ਤਾਂ ਹਰ ਇੱਕ ਦਿਲ ਪਿਘਲ ਗਿਆ।

ਦੂਰੋਂ ਦੇਖਣ ਤੇ ਦਿਖਦਾ ਸੀ ਜੋ ਸੋਨਾ ਹੀ ਸੋਨਾ,
ਲੋੜ ਪੈਣ ਤੇ ਜਦ ਪਰਖਿਆ ਤਾਂ ਪਿੱਤਲ ਨਿਕਲ ਗਿਆ।

ਕੋਈ ਕਹਿੰਦਾ ਹੈ ਹਾਦਸੇ ਦਾ ਕਾਰਨ ਹਨੇਰਾ,
ਕੋਈ ਆਖਦਾ ਹੈ ਸਾਈਕਲ ਦਾ ਟਾਇਰ ਫਿਸਲ ਗਿਆ।

ਸ਼ੁਰੂ ਵਿੱਚ ਤਾਂ ਸਰਕਾਰ ਦੀ ਬੜੀ ਹੀ ਚਮਕ-ਦਮਕ ਸੀ,
ਅਹਿਸਤਾ-ਅਹਿਸਤਾ ਸਾਰਾ ਹੀ ਉੱਤਰ ਨਿਕਲ ਗਿਆ।

ਭਲੂਰੀਆ ਭੰਗੂ ਨੇ ਕਦੇ ਆਉਣਾ ਨਹੀਂ ਮੁੜ ਕੇ,
ਮੁੜ ਹੱਥ ਨਹੀਂ ਆਉਣਾ ਹੀਰਾ ਜੋ ਹੱਥੋਂ ਨਿਕਲ ਗਿਆ।

ਜਸਵੀਰ ਸਿੰਘ ਭਲੂਰੀਆ
ਸਰੀ, ਕੈਨੇਡਾ
+1-236-622-7799

## ਥਾਲ਼ੀ ਦੇ ਬੈਂਗਣ !

ਕਾਲ਼ੀ ਘਟਾ ਨੂੰ ਦੇਖ ਕੇ 'ਮੋਰ ਬਗਲੇ'
ਖੁਸ਼ੀਆਂ ਨਾਲ ਉਡਾਰੀਆਂ ਮਾਰਦੇ ਨੇ।
ਲੀਡਰ ਲੋਕ ਇਉਂ ਚੋਣਾ ਨੂੰ ਦੇਖ ਕੇ ਜੀ
ਫਾਇਦਾ ਕਿੱਧਰੋਂ ਹੋਊ ਇਹ ਤਾੜਦੇ ਨੇ।
ਪਹਿਲਾਂ ਕੋਸਦੇ ਭੰਡਦੇ ਰਹਿਣ ਜਿਸਨੂੰ
ਸੋਭਾ ਕਰਦਿਆਂ ਫੇਰ ਸੰਘ ਪਾੜਦੇ ਨੇ।
ਆਗੂ ਏਦਾਂ ਦੇ ਹੋਣ ਜਿਸ ਦੇਸ ਅੰਦਰ
ਅਕਸਰ ਜਿੱਤਦੇ ਲੋਕ ਪਰ 'ਹਾਰਦੇ' ਨੇ।
'ਘਰ ਵਾਪਸੀ' ਲਿਖਣ ਅਖਬਾਰ ਵਾਲ਼ੇ
ਪੱਤਰਕਾਰਾਂ ਨੇ ਸ਼ਬਦ ਇਹ ਰੱਟਿਆ ਏ।
ਪਾ ਕੇ ਲਾਹਣਤਾਂ 'ਥਾਲ਼ੀ ਦੇ ਬੈਂਗਣਾ' ਨੂੰ
ਕਹਿਣਾ ਚਾਹੀਦਾ 'ਥੁੱਕਿਆ ਚੱਟਿਆ' ਏ!

**ਤਰਲੋਚਨ ਸਿੰਘ ਦੁਪਾਲ ਪੁਰ**

001-408-905-5517




# ਹਰਦੇਵ ਸਿੰਘ ਤੋਂ, ਮਾਸਟਰ ਹਰਦੇਵ ਸਿੰਘ, ਮਾਸਟਰ ਹਰਦੇਵ ਸਿੰਘ, ਤੋਂ ਕਹਾਣੀਕਾਰ ਹਰਦੇਵ ਸਿੰਘ, ਕਹਾਣੀਕਾਰ ਹਰਦੇਵ ਸਿੰਘ ਤੋਂ, ਹਰਦੇਵ ਦਿਲਗੀਰ, ਹਰਦੇਵ ਦਿਲਗੀਰ ਤੋਂ, ਦੇਵ ਥਰੀਕੇ ਵਾਲਾ,

ਪੰਜਾਬੀ ਗੀਤਾਂ ਨੂੰ ਪਿਆਰ ਕਰਨ ਵਾਲਾ ਬੱਚਾ ਬੱਚਾ 'ਦੇਵ ਥਰੀਕੇ ਵਾਲੇ' ਦੇ ਨਾਮ ਤੋਂ ਭਲੀ ਭਾਂਤ ਜਾਣੂੰ ਹੈ ਪਰ 'ਹਰਦੇਵ ਸਿੰਘ' ਤੋਂ 'ਦੇਵ ਥਰੀਕੇ ਵਾਲੇ' ਦਾ ਪੈਂਡਾ ਕਾਫੀ ਲੰਮਾਂ ਤੇ ਔਖਾ ਹੈ।

ਕਿਸ ਗੀਤ ਦੇ ਹਵਾਲੇ ਨਾਲ ਮੈਂ ਦੇਵ ਦੀ ਗੱਲ ਸ਼ੁਰੂ ਕਰਾਂ ? ਇਹ ਬੇਇਨਸਾਫ਼ੀ ਵੀ ਹੋਵੇਗੀ ਤੇ ਸੂਰਜ ਨੂੰ ਦੀਵਾ ਦਿਖਾਉਣ ਵਾਲੀ ਕਹਾਵਤ ਵੀ ਬਣ ਜਾਵੇਗੀ, ਕਿਉਂਕਿ ਮੈਂ ਕਿਸ ਗੀਤ ਦਾ ਹਵਾਲਾ ਦੇਵਾਂ, ਦੇਵ ਦੇ ਤਾਂ ਇੱਕ ਤੋਂ ਵੱਧਕੇ ਇੱਕ ਗੀਤ ਪੰਜਾਬੀਆਂ ਦੇ ਦਿਲਾਂ 'ਚ ਵਸੇ ਪਏ ਐ ਦੇਵ ਦਾ ਜਨਮ 19 ਸਤੰਬਰ 1939 ਨੂੰ ਪੰਜਾਬ ਦੀ ਸਨਅਤੀ ਰਾਜਧਾਨੀ ਲੁਧਿਆਣੇ ਦੀ ਵੱਖੀ 'ਚ ਵਸਦੇ ਪਿੰਡ ਥਰੀਕੇ ਵਿੱਚ ਪਿਤਾ ਸ੍ਰ ਰਾਮ ਸਿੰਘ ਦੇ ਘਰ ਮਾਤਾ ਸ਼੍ਰੀ ਮਤੀ ਅਮਰ ਕੌਰ ਦੀ ਕੁੱਖੋਂ ਹੋਇਆ। ਭਾਂਵੇ ਦੇਵ ਦਾ ਜਨਮ ਥਰੀਕੇ ਪਿੰਡ ਹੀ ਹੋਇਆ। 'ਥਰੀਕੇ' ਪਿੰਡ ਨੂੰ ਦੇਵ ਨੇ ਦੁਨਿਆਂ ਦੇ ਨਕਸ਼ੇ ਤੇ ਜਾਣ ਪਹਿਚਾਣ ਦਿੱਤੀ ਪਰ 'ਥਰੀਕੇ' ਉਹਦਾ ਜੱਦੀ ਪਿੰਡ ਨਹੀਂ।

ਅਸਲ 'ਚ ਦੇਵ ਦਾ ਜੱਦੀ ਪਿੰਡ ਤਾਂ ਸੰਗਰੂਰ ਜਿਲ੍ਹੇ 'ਚ 'ਰਹੀੜਾਂ' ਐ। ਦੇਵ ਦੀ ਭੂਆ ਕਿਰਪ ਕੌਰ ਥਰੀਕੇ ਪਿੰਡ ਦੇ ਹਰੀ ਸਿੰਘ ਨੂੰ ਵਿਆਹੀ ਹੋਈ ਸੀ, ਦੇਵ ਦਾ ਫੁੱਫੜ ਹਰੀ ਸਿੰਘ ਓਵਰਸੀਅਰ ਲੱਗਾ ਹੋਇਆ ਸੀ, ਜਿਸਦੀ ਡਿਊਟੀ ਸ਼ਿਮਲੇ ਸੀ।ਉਹਨਾਂ ਦਿਨਾਂ ਵਿੱਚ ਸ਼ਿਮਲਾ ਵੀ ਪੰਜਾਬ ਦਾ ਹੀ ਹਿੱਸਾ ਹੁੰਦਾ ਸੀ।

ਕੁਦਰਤੀ ਕਿਰਪ ਕੌਰ ਢਿੱਡੋਂ ਨਾ ਫੁੱਟੀ ਇਸਤੋਂ ਅਗਲੀ ਦੁਖਦਾਇੱਕ ਘਟਨਾ ਕਿ ਕਿਰਪ ਕੌਰ ਦਾ ਛੋਟਾ ਭਰਾ ਰਾਮ ਧੰਨ ਸਿੰਘ ਤੇ ਉਸਦੀ ਪਤਨੀ ਉਸਦੀ ਪਤਨੀ ਥ੍ਹੋੜੇ-ਥ੍ਹੋੜੇ ਵਕਫੇ ਵਿੱਚ ਹੀ ਅਕਾਲ ਚਲਾਣਾ ਕਰ ਗਏ। ਉਸ ਵੇਲੇ ਕਿਰਪ ਕੌਰ ਦਾ ਭਤੀਜੇ ਤੇ ਰਾਮ ਧੰਨ ਸਿੰਘ ਦੇ ਪੁੱਤਰ ਦੀ ਉਮਰ ਸਿਰਫ ਚਾਰ ਵਰ੍ਹੇ ਹੀ ਸੀ, ਜਿਸਦਾ ਨਾਮ ਰਾਮ ਸਿੰਘ ਸੀ।

ਕਿਰਪ ਕੌਰ ਨੂੰ ਆਪਣੇ ਬਾਬਲ ਦੇ ਵੇਹੜੇ ਦੇ ਚਿਰਾਗ ਰਾਮ ਸਿੰਘ ਦੇ ਯਤੀਮ ਹੋਣ ਦਾ ਡਾਹਢਾ ਦੁੱਖ ਹੋਇਆ। ਉਹ ਆਪਣੇ ਭਤੀਜੇ ਰਾਮ ਸਿੰਘ ਨੂੰ ਆਪਣੇ ਕੋਲ ਸ਼ਿਮਲੇ ਹੀ ਲੈ ਗਈ। ਹਰੀ ਸਿੰਘ ਸੇਵਾ ਮੁੱਕਤ ਹੋ ਕੇ ਪ੍ਰੀਵਾਰ ਸਮੇਤ ਆਪਣੇ ਪਿੰਡ ਥਰੀਕੇ ਆ ਗਿਆ। ਉਸਨੇ ਰਾਮ ਸਿੰਘ ਦਾ ਪਾਲਣ ਪੋਸ਼ਣ ਪੁੱਤਾਂ ਵਾਂਗੂੰ ਹੀ ਕੀਤਾ ਬਹੁਤੇ ਤਾਂ ਪਿੰਡ ਦੇ ਲੋਕਾਂ ਨੂੰ ਵੀ ਪਤਾ ਨਹੀਂ ਲੱਗਦਾ ਸੀ ਕਿ ਰਾਮ ਸਿੰਘ ਹਰੀ ਸਿੰਘ ਦਾ ਪੁੱਤਰ ਐ ਕਿ ਉਸਦੀ ਘਰ ਵਾਲੀ ਦਾ ਭਤੀਜਾ ਰਾਮ ਸਿੰਘ ਜਵਾਨ ਹੋਇਆ ਤੇ ਭਾਈਕੇ ਦਿਆਲਪੁਰੇ ( ਜਿਲ੍ਹਾ ਬਠਿੰਡਾ) ਵਿਆਹਿਆ ਗਿਆ ਰਾਮ ਸਿੰਘ ਦੇ ਘਰ ਦੋ ਬੇਟੇ ਪੈਦਾ ਹੋਏ ਹਰਦੇਵ ਸਿੰਘ ਤੇ ਗੁਰਦੇਵ ਸਿੰਘ, ਛੋਟਾ ਗੁਰਦੇਵ ਸਿੰਘ ਤੇ ਵੱਡਾ ਆਹੀ ਹਰਦੇਵ ਸਿੰਘ ਉਰਫ ਦੇਵ ਥਰੀਕੇ ਵਾਲਾ।

ਦੇਵ ਨੇ ਪ੍ਰਾਈਮਰੀ ਵਿਦਿਆ ਪਿੰਡ ਦੇ ਸਕੂਲ ਤੋਂ ਲਈ ਤੇ ਮਿਡਲ ਨਾਲ ਦੇ ਪਿੰਡ ਲਲਤੋਂ ਤੋਂ। ਲਲਤੋ ਸਕੂਲ ਪੜ੍ਹਦੇ ਸਮੇਂ ਉਸਨੂੰ ਮਾਸਟਰ ਹਰੀ ਸਿੰਘ ਦਿਲਬਰ ਤੋਂ ਸਾਹਿਤਕ ਜਾਗ ਲਗ ਗਈ ਜੋ ਵਧੀਆ ਕਹਾਣੀਕਾਰ ਤੇ ਨਾਵਲਕਾਰ ਸਨ। ਦੇਵ ਵੀ ਕਹਾਣੀਆਂ ਲਿਖਣ ਲੱਗ ਪਿਆ, ਪਰ ਜੋ ਲਿਖਦਾ ਉਹ ਹਰੀ ਸਿੰਘ ਦਿਲਬਰ ਹੋਰਾਂ ਨੂੰ ਦਿਖਾਉਂਦਾ। ਦੇਵ ਦੀਆਂ ਲਿਖਤਾਂ ਪੜ੍ਹ ਕੇ ਇੱਕ ਦਿਨ ਦਿਲਬਰ ਦੇ ਮੂੰਹੋਂ ਅਚਨਚੇਤ ਹੀ ਨਿਕਲਿਆ ਕਿ ÷ਕਾਕਾ ਤੂੰ ਇੱਕ ਦਿਨ ਵੱਡਾ ਲਿਖਾਰੀ ਬਣੇਂਗਾ÷

ਦੇਵ ਨੇ ਜਗਰਾਓਂ ਤੋਂ ਜੇ ਬੀ ਟੀ ਕਰ ਲਈ,ਇਸੇ ਸਮੇਂ ਦੌਰਾਨ ਹੀ ਉਹਦਾ ਵਿਆਹ ਪਿੰਡ ਸਹੌਲੀ ਦੇ ਸ੍ਰ ਅਰਜਨ ਸਿੰਘ ਦੀ ਧੀ ਪ੍ਰੀਤਮ ਕੌਰ ਨਾਲ ਹੋ ਗਿਆ। 1960 ਵਿੱਚ ਦੇਵ ਮਲਟੀ ਪਰਪਜ਼ ਸਕੂਲ ਲੁਧਿਆਣਾ ਵਿੱਚ ਅਧਿਆਪਕ ਲੱਗ ਗਿਆ

ਦੇਵ ਦਾ ਇੱਕ ਮਿੱਤਰ ਹੁੰਦਾ ਸੀ ਪਰੇਮ ਕੁਮਾਰ ਸ਼ਰਮਾਂ ਜੋ ਸਿਓੜੇ ਪਿੰਡ ਤੋਂ ਸੀ, ਤੇ ਇੱਕ ਹੋਰ ਮਿੱਤਰ ਸੀ ਡਾ ਦੱਤਾ ਜੋ ਘੁਮਾਰ ਮੰਡੀ ਲੁਧਿਆਣਾ ਤੋਂ ਸੀ। ਇਹ ਗੱਲ ਤਕਰੀਬਨ 1961 ਦੀ ਹੈ, ਪਰੇਮ ਕੁਮਾਰ ਸ਼ਰਮਾ ਚੰਗਾ ਗਾਉਂਦਾ ਸੀ, ਉਸਦੀ ਸਿਲੇਕਸ਼ਨ ਐਚ ਐਮ ਵੀ ਕੰਪਨੀ ਵਿੱਚ ਹੋ ਗਈ, ਹੁਣ ਪਰੇਮ ਕੁਮਾਰ ਨੂੰ ਗੀਤ ਚਾਹੀਦੇ ਸਨ ਉਹਨਾਂ ਦਿਨਾਂ ਵਿੱਚ ਥਰੀਕਿਆਂ ਦੇ ਨਾਲ ਦੇ ਪਿੰਡ ਹਸਨਪੁਰ ਦਾ ਇੰਦਰਜੀਤ ਗੀਤਕਾਰ ਵੱਜੋਂ ਚਰਚਾ 'ਚ ਆ ਚੁੱਕਾ ਸੀ, ਪ੍ਰੇਮ ਨੇ ਦੇਵ ਨੂੰ ਕਿਹਾ ਕਿ ਤੂੰ ਮੈਨੂੰ ਹਸਨਪੁਰੀ ਤੋਂ ਗੀਤ ਲੈ ਕੇ ਦੇਹ ਕਿਉਂਕਿ ਇੰਦਰਜੀਤ ਤੇਰੇ ਗੁਆਂਢੀ ਪਿੰਡ ਦਾ ਐ,



ਦੇਵ ਨੇ ਦੋ ਤਿੰਨ ਵਾਰ ਹਸਨਪੁਰੀ ਕੋਲ ਚੱਕਰ ਲਾਏ ਪਰ ਹਸਨਪੁਰੀ ਨੇ ਉਸਨੂੰ ਕੋਈ ਗੀਤ ਨਾ ਦਿੱਤਾ ਸਗੋਂ ਟਾਲ ਦਿਆ ਕਰੇ,ਸ਼ਾਇਦ ਉਹ ਨਵੇਂ ਗਾਇੱਕ ਨੂੰ ਗੀਤ ਦੇਣੇ ਹੀ ਨਹੀਂ ਚਾਹੁੰਦਾ ਸੀ।

ਉਧਰੋਂ ਪ੍ਰੇਮ ਕੁਮਾਰ ਦੀ ਰਿਕਾਰਡਿੰਗ ਦੀ ਤਾਰੀਖ ਨੇੜੇ ਆ ਰਹੀ ਸੀ , ਪ੍ਰੇਮ ਕੁਮਾਰ ਤੇ ਡਾ ਦੱਤਾ ਘੁਮਾਰ ਮੰਡੀ ਵਾਲੇ ਸਮੇਤ ਹੋਰ ਮਿਤਰਾਂ ਨੇ ਆਖਿਆ "ਕਿ ਜੇ ਹਸਨਪੁਰੀ ਗੀਤ ਨਹੀਂ ਦਿੰਦਾ, ਦੇਵ ਤੂੰ ਆਪ ਈ ਲਿਖ ਲੈ, ਐਡੀ ਵਧੀਆ ਕਹਾਣੀ ਲਿਖਦੈਂ, ਗੀਤ ਵੀ ਲਿਖ ਸਕਦੈਂ, ਕਹਾਣੀਕਾਰ ਲਈ ਗੀਤ ਲਿਖਣੇ ਕੋਈ ਵੱਡੀ ਗੱਲ ਨਹੀਂ "

ਬੱਸ ਦੇਵ ਦੇ ਅੰਦਰ ਬੈਠਾ ਗੀਤਕਾਰ ਜਾਗ ਪਿਆ, ਪੈਂਦੀ ਸੱਟੇ ਦੇਵ ਨੇ ਚਾਰ ਗੀਤ ਲਿਖ ਧਰੇ, ਦੇਵ ਦੀ ਕਿਸਮਤ ਦੇਖੋ ਐਚ ਐਮ ਵੀ ਦੇ ਮੈਨੇਜਰ ਸੰਤ ਰਾਮ ਨੇ ਚਾਰੇ ਹੀ ਗੀਤ ਸਲੈਕਟ ਕਰ ਲਏ,ਤੇ ਪ੍ਰੇਮ ਕੁਮਾਰ ਸ਼ਰਮੇਂ ਦੀ ਰਿਕਾਰਡਿੰਗ ਸੰਪੂਰਨ ਹੋ ਗਈ, ਗਾਇਕ ਵੀ ਨਵਾਂ ਤੇ ਗੀਤਕਾਰ ਵੀ ਨਵਾਂ, ਐਚ ਐਮ ਵੀ ਨੇ ਦੋ ਦੋ ਗੀਤਾਂ ਦੇ ਤਵੇ ਬਣਾ ਕੇ ਰੀਲੀਜ਼ ਕੀਤੇ। ਇਹ ਗੀਤ ਸਨ

ਹੌਲੀ ਹੌਲੀ ਨੱਚ ਪੱਤਲੋ,
ਤੇਰੀ ਗੁੱਤ ਗਿੱਟਿਆਂ ਵਿੱਚ ਵੱਜਦੀ
ਭਾਬੀ ਤੇਰੀ ਧੌਣ ਦੇ ਉੱਤੇ,
ਗੁੱਤ ਮੇਹਲਦੀ ਨਾਗ ਬਣ ਕਾਲਾ
ਤੇਰੀ ਜੁੱਤੀ ਦੇ ਛਣਕਦੇ ਬੋਰ,
ਪੈਰਾਂ 'ਚ ਪੰਜੇਬਾਂ ਵਾਲੀਏ
ਹਾਕਾਂ ਮਾਰਦੇ ਬੱਕਰੀਆਂ ਵਾਲੇ,

ਬੱਸ ਇੱਥੋਂ ਈ ਸ਼ੁਰੂ ਹੰਦਾ ਹੈ ਦੇਵ ਦੀ ਗੀਤਕਾਰੀ ਦਾ ਸਫਰ, ਪ੍ਰੇਮ ਕੁਮਾਰ ਤਾ ਬੰਬਈ ਚਲਾ ਗਿਆ ਪਰ ਪੰਜਾਬ ਨੂੰ ਇੱਕ ਉੱਤਮ ਗੀਤਕਾਰ ਦੇ ਗਿਆ। ਇਸਤੋਂ ਬਾਅਦ ਜਮਾਲਪੁਰ ਵਾਲੇ ਕਰਨੈਲ ਗਿੱਲ ਨੇ ਦੇਵ ਦੇ ਦੋ ਗੀਤ ਰਿਕਾਰਡ ਕਰਵਾਏ

ਅੰਬੀਆਂ ਨੂੰ ਤਰਸੇਂਗੀ ਛੱਡਕੇ ਦੇਸ਼ ਦੁਆਬਾ
ਗੱਡੀ ਚੜ੍ਹਦੀ ਭੰਨਾ ਲਏ ਗੋਡੇ ਚਾਅ ਮੁਕਲਾਵੇ ਦਾ

ਉਸ ਤੋਂ ਬਾਅਦ ਚੱਲ ਸੋ ਚੱਲ ਦੇਵ ਨੇ ਕਦੀ ਪਿਛਾਂਹ ਮੁੜ ਕੇ ਨਹੀਂ ਤੱਕਿਆ, ਪੰਜਾਬ ਦੇ ਹਰ ਚੋਟੀ ਦੇ ਗਾਇੱਕ ਨੇ ਦੇਵ ਦੇ ਗੀਤ ਗਾਏ, ਇੱਕ ਵਾਰੀ ਦੇਵ ਨਰਿੰਦਰ ਬੀਬਾ ਦੇ ਘਰ ਗਿਆ ਤਾਂ ਮਹਿਸੂਸ ਕੀਤਾ ਕਿ ਨਰਿੰਦਰ ਬੀਬਾ ਤੇ ਉਸਦਾ ਪਤੀ ਹਰਪਾਲ ਸਿੰਘ ਪਾਲੀ ਵਿਚਕਾਰ ਕੋਈ ਮਾਮੂਲੀ ਜਿਹਾ ਪਤੀ-ਪਤਨੀ ਦਾ ਝਗੜਾ ਹੋ ਕੇ ਹਟਿਐ ਤੇ ਬੀਬਾ ਦੀਆਂ ਅੱਖਾਂ ਸਿੱਲ੍ਹੀਆਂ ਨੇ, ਕੁੱਝ ਕਹੇ ਤੇ ਪੁੱਛੇ ਬਿਨਾਂ ਦੇਵ ਨੇ ਇੱਕ ਗੀਤ ਲਿਖਿਆ ਜੋ ਬੀਬਾ ਆਪਣੇ ਪਤੀ ਪਾਲੀ ਨੂੰ ਸੰਬੋਧਨ ਕਰਕੇ ਗਾਉਂਦੀ ਐ, ਦੇਵ ਦਾ ਲਿਖਿਆ ਇਹ ਗੀਤ ਨਰਿੰਦਰ ਬੀਬਾ ਦੀ ਆਵਾਜ਼ ਵਿੱਚ ਸੁਪਰ ਹਿੱਟ ਹੋਇਆ, ਜਿਸ ਦੇ ਬੋਲ ਹਨ

ਕਾਹਨੂੰ ਮਾਰਦੈਂ ਚੰਦਰਿਆ ਛਮਕਾਂ
ਮੈਂ ਕੱਚ ਦੇ ਗਲਾਸ ਵਰਗੀ
ਫੇਰ ਰੋਵੇਂਗਾ ਢਿੱਲੇ ਜਹੇ ਬੁੱਲ੍ਹ ਕਰਕੇ
ਵੇ 'ਪਾਲੀ' 'ਬੀਬਾ' ਜਦੋਂ ਮਰ ਗਈ
ਕਾਲਾ ਘੱਗਰਾ ਸੰਦੂਕ ਵਿੱਚ ਮੇਰਾ
ਤੂੰ ਦੇਖ ਦੇਖ ਰੋਵੇਂਗਾ ਜੱਟਾ
ਵੈਣ ਪਾਈਂ ਕਿੱਕਰਾਂ ਦੇ ਗਲ ਲੱਗ ਕੇ
ਤੂੰ ਦੇਖ ਮੇਰਾ ਡੋਰੀਆ ਖੱਟਾ
ਲਾਲੀ ਖਾ ਗਿਆ ਬੁਲ੍ਹਾਂ ਦੀ ਗ਼ਮ ਮੇਰੀ
ਪਤਾਸੇ ਵਾਂਗੂੰ "ਦੇਵ" ਖੁਰ ਗਈ
ਫੇਰ ਰੋਵੇਂਗਾ ਢਿੱਲੇ ਜਹੇ ਬੁਲ੍ਹ ਕਰਕੇ
'ਵੇ ਪਾਲੀ' ' ਬੀਬਾ' ਜਦੋਂ ਮਰ ਗਈ

ਦੇਵ ਦੇ ਲਿਖੇ ਹੋਏ ਗੀਤ ਪੰਜਾਬ ਦੇ ਚੋਟੀ ਦੇ ਗਾਇਕਾਂ ਦੀ ਆਵਾਜ਼ ਵਿੱਚ ਰਿਕਾਰਡ ਹੋਣ ਲੱਗ ਪਏ ਪਰ ਉਸਨੂੰ ਆਪਣੇ ਆਪ ਨੂੰ ਇੱਕ ਕਮੀਂ ਜਿਹੀ ਮਹਿਸੂਸ ਹੋ ਰਹੀ ਸੀ ਜਿਸਨੂੰ ਦੂਰ ਕਰਨ ਲਈ ਦੇਵ ਉਸਤਾਦ ਗੀਤਕਾਰ ਸ੍ਰ ਗੁਰਦੇਵ ਸਿੰਘ ਮਾਨ ਦੇ ਚਰਨੀਂ ਜਾ ਲੱਗਾ 'ਮਾਨ' ਸਾਹਿਬ ਨੂੰ ਪੱਗ ਦੇ ਕੇ ਉਹਨਾਂ ਨਾਲ ਬਾਕਾਇਦਾ ਤੌਰ ਤੇ ਉਸਤਾਦੀ ਸ਼ਗਿਰਦੀ ਕੀਤੀ, ਮਾਨ ਦੇ ਲੜ ਲੱਗ ਕੇ ਦੇਵ ਪਰਪੱਕ ਗੀਤਕਾਰ ਬਣ ਗਿਆ ਉਸਦੇ ਗੀਤ ਆਪਣੇ ਵੇਲਿਆਂ ਦੇ ਸਾਰੇ ਪ੍ਰਸਿੱਧ ਗਾਇਕਾਂ ਨੇ ਗਾਏ ਜਿਹਨਾਂ 'ਚ ਚਾਂਦੀ ਰਾਮ ਤੇ ਸ਼ਾਂਤੀ ਦੇਵੀ, ਨਰਿੰਦਰ ਬੀਬਾ, ਸਵਰਨਲਤਾ, ਜਗਮੋਹਨ ਕੌਰ, ਸੁਰਿੰਦਰ ਕੌਰ, ਸਾਬਰ ਹੁਸੈਨ ਸਾਬਰ। ਇੱਕ ਗੱਲ ਹੋਰ ਦੱਸ ਦੇਵਾਂ ਕਿ ਪ੍ਰਸਿੱਧ ਗੀਤਕਾਰ ਤੇ ਗਾਇਕ ਦੀਦਾਰ ਸੰਧੂ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਸਭ ਤੋਂ ਪਹਿਲਾ ਗੀਤ ਵੀ ਦੇਵ ਦਾ ਹੀ ਸੀ ਜਿਸਦੇ ਬੋਲ ਸਨ

ਵਗਦੀ ਨਦੀ ਦੇ ਵਿੱਚ ਦੋ ਜਾਣੇਂ ਨ੍ਹਾਉਂਦੇ
ਚੱਕ ਦੇ ਪੱਲਾ ਨੀ ਤੇਰੇ ਪੈਰੀਂ ਹੱਥ ਲਾਉਂਦੇ
ਵਗਦੀ ਨਦੀ ਦੇ ਵਿੱਚ ਰੰਗ ਕੀਹਨੇ ਡੋਲ੍ਹਿਆ
ਜਦੋਂ ਦੀ ਵਿਆਹੀ, ਕਦੇ ਹੱਸ ਕੇ ਨਾ ਬੋਲਿਆ

ਪੰਜਾਬੀ ਦੋ-ਗਾਣਾ ਗਾਇਕੀ ਦੇ ਬਾਦਸ਼ਾਹ ਵੱਜੋਂ ਜਾਣੇ ਜਾਂਦੇ ਜਨਾਬ ਮੁਹੰਮਦ ਸਦੀਕ ਦੀ ਆਵਾਜ਼ ਵਿੱਚ ਵੀ ਦੇਵ ਦੇ ਕਈ ਗੀਤ ਰਿਕਾਰਡ ਹੋਏ ਜਿਨ੍ਹਾਂ 'ਚ

ਕੀਹਦੀ ਖਾਤਰ ਜਿਉਣ ਜੋਗੀਆ ਲਾ ਕੇ ਗਿਆ
ਨਸੂੜ੍ਹਾ, ਰਾਤੀ ਰੋਂਦੀ ਦਾ ਭਿੱਜ ਜਾਏ ਲਾਲ ਪੰਘੂੜਾ
ਅਤੇ
ਆਹ ਲੈ ਲੌਂਗ ਨੀ ਬਿਸ਼ਨੀਏ ਤੇਰਾ ,
ਨਰਮੇਂ 'ਚੋਂ ਸਾਨੂੰ ਲੱਭਿਆ

ਸ਼ਾਮਲ ਹਨ।

ਕਰਮਜੀਤ ਸਿੰਘ ਧੂਰੀ ਦੀ ਆਵਾਜ਼ ਵਿੱਚ ਦੇਵ ਦੇ ਦੋ ਧਾਰਮਿਕ ਗੀਤ ਰਿਕਾਰਡ ਹੋਏ ਉਹ ਗੀਤ ਪੰਜਾਬੀ ਧਾਰਮਿਕ ਗੀਤਕਾਰੀ ਦਾ ਸਰਮਾਇਆ ਹਨ ਉਹ ਗੀਤ ਐਸੇ ਹਨ ਕਿ ਪੰਜਾਬ ਦੇ ਹਰ ਪਿੰਡ ਵਿੱਚ, ਹਰ ਗੁਰੂਘਰ ਵਿੱਚ, ਹਰਇੱਕ ਅਖੰਡ ਪਾਠ ਦੇ ਭੋਗ ਸਮੇਂ ਹਰ ਇੱਕ ਵਿਆਹ ਸ਼ਾਦੀ ਵਿੱਚ ਅੰਮ੍ਰਿਤ ਵੇਲੇ ਸਭ ਤੋਂ ਵੱਧ ਸਪੀਕਰਾਂ 'ਚ ਵੱਜਣ ਵਾਲੇ ਗੀਤ ਕਹੇ ਜਾ ਸਕਦੇ ਹਨ, ਜਿਹਨਾਂ ਦੇ ਬੋਲ ਹਨ

ਹੁੰਦੀਆਂ ਸ਼ਹੀਦ ਜੋੜੀਆਂ ,
ਦਾਦੀ ਦੇਖਦੀ ਦੀ ਬੁਰਜ ਤੇ ਖੜ੍ਹਕੇ
ਘੋੜੀ ਗਾਵੇ ਪੋਤਿਆਂ ਦੀ,
ਬੈਠੀ ਕਾਲਜਾ ਹੱਥਾਂ ਦੇ ਵਿੱਚ ਫੜਕੇ
ਅਤੇ
ਰੱਬ ਨਾਲ ਠੱਗੀਆਂ ਕਿਉਂ ਮਾਰੇਂ ਬੰਦਿਆ ,
ਦਿਨ ਰਾਤ ਪਾਪਾਂ 'ਚ ਗੁਜ਼ਾਰੇਂ ਬੰਦਿਆ

ਸੱਤਰਵਿਆਂ ਦੇ ਕਰੀਬ ਦੇਵ ਗਿਆਸਪੁਰੇ ਦੇ ਸਰਕਾਰੀ ਸਕੂਲ 'ਚ ਪੜ੍ਹਾਉਂਦਾ ਸੀ, ਉਸ ਵੇਲੇ ਤੱਕ ਦੇਵ ਦੇ ਬਹੁਤ ਗੀਤ ਰਿਕਾਰਡ ਹੋ ਕੇ ਹਿੱਟ ਹੋ ਚੁੱਕੇ ਸਨ, ਗਿਆਸਪੁਰੇ ਹੀ ਮਾਸਟਰ ਗੁਰਦਿਆਲ ਸਿੰਘ ਨੇ ਦੇਵ ਕੋਲ ਇੱਕ ਦਿਨ ਮਾਣਕ ਦੀ ਗੱਲ ਕੀਤੀ ਕਿ ਇੱਕ ਮੁੰਡਾ ਨਵਾਂ ਆਇਆ ਐ ਵਧੀਆ ਗਾਉਂਦੈ, ਗੱਲ ਆਈ ਗਈ ਹੋ ਗਈ, ਉਸ ਵੇਲੇ ਮੁਹੰਮਦ ਸਦੀਕ ਰਣਜੀਤ ਕੋਰ ਦੀ ਆਵਾਜ਼ ਵਿੱਚ ਮਰਾੜ੍ਹਾਂ ਵਾਲੇ ਦੇ ਗੀਤ ਖੂਬ ਚੱਲ ਰਹੇ ਸਨ, ਇਸ ਕਰਕੇ ਦੇਵ ਨੂੰ ਵੀ ਕਿਸੇ ਵਧੀਆ ਨਵੀਂ ਆਵਾਜ਼ ਦੀ ਤਾਲਾਸ਼ ਸੀ,

ਦੇਵ ਸਕੂਲੋਂ ਸਾਈਕਲ ਤੇ ਹੀ ਪਿੰਡ ਜਾਂਦਾ ਹੁੰਦਾ ਤੇ ਆਥਣੇ ਬੱਸ ਅੱਡੇ ਕੋਲ ਗਾਉਣ ਵਾਲਿਆਂ ਦੇ ਦਫਤਰਾਂ ਕੋਲ ਖੜ੍ਹ ਕੇ ਚਾਰ ਬੰਦਿਆ ਨੂੰ ਮਿਲ ਕੇ ਹਵਾ ਪਿਆਜੀ ਜਿਹਾ ਹੋ ਕੇ ਹੀ ਘਰੇ ਅੱਪੜਦਾ, ਇਸੇ ਦੌਰਾਨ ਇੱਕ ਦਿਨ ਸੋਮੇ ਦੇ ਢਾਬੇ ਤੇ ਦੇਵ ਨੂੰ ਮਾਣਕ ਟੱਕਰ ਗਿਆ ਦੇਵ ਦੇ ਨਾਨਕੇ ਬਠਿੰਡੇ ਜਿਲ੍ਹੇ 'ਚ ਤੇ ਮਾਣਕ ਦਾ ਪਿੰਡ ਬਠਿੰਡੇ ਜਿਲ੍ਹੇ 'ਚ ਬੱਸ ਫੇਰ ਕੀ ਸੀ ਅਧੀਆ ਫੜ ਲਿਆ ਤੂੰ ਮੇਰਾ ਬਾਈ ਤੇ ਮੈਂ ਤੇਰਾ ਬਾਈ ਹੋਗੀ

ਦੇਵ ਦੇ ਵੀ ਪਹਿਲਾਂ ਅਨੇਕਾਂ ਈ ਗੀਤ ਰਿਕਾਰਡ ਹੋ ਚੁੱਕੇ ਸੀ ਤੇ ਮਾਣਕ ਦੇ ਵੀ ਦੋ ਕੁ ਤਵੇ ਆ ਚੁੱਕੇ ਸੀ ਇੱਕ ਦੋ-ਗਾਣਿਆਂ ਦਾ ਤੇ ਦੂਜਾ ਲੋਕ ਗਾਥਾਵਾਂ ਦਾ, ਦੇਵ ਨੂੰ ਮਾਣਕ ਦੀ ਆਵਾਜ਼ ਪਸੰਦ ਆਈ।

ਦੇਵ ਨੇ ਮਾਣਕ ਨੂੰ ਚਾਰ ਲੋਕ ਗਾਥਾਵਾਂ ਦਿੱਤੀਆਂ ਜਿਹਨਾਂ ਦਾ ਐਚ ਐਮ ਵੀ ਨੇ 1973 ਵਿੱਚ ਚਾਰ ਗੀਤਾਂ ਵਾਲਾ ਤਵਾ ਬਣਾਇਆ ਜਿਸਦਾ ਨੰਬਰ ਹੈ EMOE 10543 ਇਸ ਰਿਕਾਰਡ ਵਿੱਚ

ਆਖੇ ਅਕਬਰ ਬਾਦਸ਼ਾਹ (ਜੈਮਲ ਫੱਤਾ)
ਦੁਲਿਆ ਵੇ ਟੋਕਰਾ ਚੁਕਾਈਂ ਆਣ ਕੇ(ਦੁੱਲਾ ਭੱਟੀ)
ਤੇਰੀ ਖਾਤਰ ਹੀਰੇ (ਹੀਰ ਦੀ ਕਲੀ)
ਕਹੇ ਰਸਾਲੂ ਰਾਣੀਏ (ਸ਼ਾਹਣੀਂ ਕੌਲਾਂ)

ਇਸ ਰਿਕਾਰਡ ਨਾਲ ਬਾਜ਼ਾਰ ਵਿੱਚ ਮਾਣਕ ਦੀ ਗੱਲ ਤੁਰ ਪਈ ਤੇ ਇਹਦੇ ਨਾਲ ਹੀ ਐਚ ਐਮ ਵੀ ਨੇ ਦੇਵ ਦੇ ਪੰਜ ਹੋਰ ਗੀਤਾਂ ਦਾ ਤਵਾ ਰਿਕਾਰਡ ਕਰ ਲਿਆ ਇਸ ਨਾਲ ਚਾਰੇ ਪਾਸੇ ਦੇਵ ਥਰੀਕੇ ਵਾਲਾ ਤੇ ਕੁਲਦੀਪ ਮਾਣਕ ਦੇ ਨਾਮ ਦੀ ਧੁੰਮ ਪੈ ਗਈ ਅਗਲੇ ਵਰ੍ਹੇ ਫੇਰ ਗਿਆਰਾਂ ਗੀਤਾਂ ਵਾਲਾ ਵੱਡਾ ਐਲ ਪੀ ਤਵਾ ਬਣਾਇਆ ਜੋ ਪੰਜਾਬੀ ਗੀਤਾਂ ਦਾ ਇਤਿਹਾਸਕ ਪੰਨਾ ਹੈ ਜਿਸ ਵਿੱਚ

ਤੇਰੇ ਟਿੱਲੇ ਤੋਂ ਓਹ ਸੂਰਤ ਦੀਹੰਦੀ ਐ ਹੀਰ ਦੀ
ਛੇਤੀ ਕਰ ਸਰਵਣ ਬੱਚਾ
ਚਿੱਠੀਆਂ ਸਾਹਿਬਾਂ ਜੱਟੀ ਨੇ
ਸਿਖਰ ਦੁਪਹਿਰੇ ਵਰਗੀ ਬੇਗੋ
ਯਾਰੋ ਰੰਨਾ ਚੈਂਚਲ ਹਾਰੀਆਂ
ਗੜ੍ਹਮੁਗਲਾਣੇ ਦੀਆਂ ਨਾਰਾਂ

ਸਮੇਤ ਕੁੱਲ ਗਿਆਰਾਂ ਗੀਤ ਸਨ। ਬੱਸ ਇੱਥੋਂ ਦੇਵ ਤੇ ਮਾਣਕ ਦੀ ਜੋੜੀ ਦੀ ਚਰਚਾ ਹੱਦਾਂ ਸਰਹੱਦਾਂ ਟੱਪ ਗਈ ਇਸਤੋਂ ਬਾਅਦ 1977 ਵਿੱਚ ਜਸਵੰਤ ਭੰਵਰਾ ਜੀ ਦੇ ਸ਼ਗਿਰਦ ਸੁਰਿੰਦਰ ਛਿੰਦੇ ਨੂੰ ਚਾਰ ਲੋਕ ਗਾਥਾਵਾਂ ਨਾਲ ਲੋਕਾਂ ਦੇ ਰੂਬਰੂ ਕੀਤਾ

ਦੇਵ ਦੀਆਂ ਇਹ ਚਾਰ ਲੋਕ ਗਾਥਾਵਾਂ ਐਚ ਐਮ ਵੀ ਨੇ 1977 ਵਿੱਚ ਸੁਰਿੰਦਰ ਛਿੰਦੇ ਦੀ ਆਵਾਜ਼ ਵਿੱਚ ਤੇ ਰਾਮ ਸਰਨ ਦਾਸ ਦੇ ਸੰਗੀਤ ਵਿੱਚ ਰਿਕਾਰਡਿੰਗ ਕਰਕੇ ਚਾਰ ਗੀਤਾਂ ਵਾਲਾ ਤਵਾ ਬਣਾਇਆ ਜਿਸਦਾ ਲੜੀ ਨੰਬਰ 7 EPE 2023 (1977) ਐ

ਇਸ ਵਿੱਚ ਚਾਰ ਗੀਤ ਇੰਝ ਸਨ

ਉੱਚਾ ਬੁਰਜ ਲਾਹੌਰ ਦਾ (ਹੀਰ ਦੀ ਕਲੀ)
ਰੂਪ ਬਸੰਤ
ਰਾਣੀ ਇੱਛਰਾਂ
ਦਰੂਦ ਬਾਦਸ਼ਾਹ

ਇਸ ਰਿਕਾਰਡ ਨਾਲ ਦੇਵ ਦੀ ਬਦੌਲਤ ਲੋਕ ਗਾਥਾਵਾਂ ਦੇ ਪਿੜ ਵਿੱਚ ਇੱਕ ਹੋਰ ਕਲਾਕਾਰ "ਸੁਰਿੰਦਰ ਛਿੰਦੇ" ਦਾ ਪ੍ਰਵੇਸ਼ ਹੋਇਆ

ਇੰਜ "ਦੇਵ" ਦਾ ਲਿਖਿਆ "ਸੁਰਿੰਦਰ ਛਿੰਦੇ" ਦਾ ਗਾਇਆ ਤੇ "ਚਰਨਜੀਤ ਆਹੂਜਾ" ਦਾ ਸੰਗੀਤਬੱਧ ਕੀਤਾ ਉਪੇਰਾ 'ਜਿਉਣਾ ਮੌੜ' ਵੀ ਪੰਜਾਬੀ ਗੀਤਕਾਰੀ ਤੇ ਗਾਈਕੀ ਦਾ ਇਤਿਹਾਸਕ ਪੰਨਾ ਹੈ , ਦੇਵ ਦੇ ਗੀਤ ਕਈ ਪੰਜਾਬੀ ਫਿਲਮਾਂ 'ਚ ਵੀ ਰਿਕਾਰਡ ਹੋਏ, ਦੇਵ ਦੇ ਕਈ ਗੀਤ ਤਾਂ ਐਸੇ ਹਨ ਜੋ ਇੱਕ ਇੱਕ ਗੀਤ ਨੂੰ ਹੀ ਬੜੇ ਕਲਾਕਾਰ ਰਿਕਾਰਡ ਕਰਵਾ ਗਏ ਜਿਵੇਂ

ਟਿੱਲੇ ਵਾਲਿਆ ਮਿਲਾਦੇ ਜੱਟੀ ਹੀਰ ਨੂੰ

ਕੁਲਦੀਪ ਮਾਣਕ, ਸੁਰਿੰਦਰ ਕੌਰ ਤੇ ਕਰਮਜੀਤ ਸਿੰਘ ਧੂਰੀ ਨੇ ਵਾਰੋ ਵਾਰੀ ਰਿਕਾਰਡ ਕਰਵਾਇਆ

ਸੁਰਿੰਦਰ ਕੌਰ ਦੀ ਆਵਾਜ਼ ਵਿੱਚ

ਦੀਵਿਆਂ ਵੇਲੇ ਦਰ ਆਪਣੇ ਦਾ ਕਿਸ ਕੁੰਡਾ ਖੜਕਾਇਆ
ਨੀ ਉੱਠ ਵੇਖ ਨਨਾਣੇ ਕੌਣ ਪ੍ਰਾਹੁਣਾ ਆਇਆ
ਫੁੱਲਾਂ ਵਰਗੀ ਮਹਿਕ ਜਹੀ ਕੀ ਬੀਹੀ ਵਿੱਚੋਂ ਆਵੇ
ਰਾਤ ਵਾਲਾ ਰੱਬ ਕਰਕੇ ਨੀ ਸੁਪਨਾ ਸੱਚਾ ਹੋ ਜਾਵੇ
ਚੁਲ੍ਹੇ ਮੂਹਰੇ ਬੈਠੀ ਦਾ ਨੀ ਮੇਰਾ ਅੰਗ ਅੰਗ ਨਸ਼ਿਆਇਆ
ਨੀ ਉੱਠ ਦੇਖ ਨਨਾਣੇ, ਕੌਣ ਪ੍ਰਾਹੁਣਾ ਆਇਆ
ਭੁੱਲ ਭੁਲੇਖੇ ਸ਼ੀਸ਼ੇ ਮੂਹਰੇ ਜਦ ਬੈਠਾਂ ਮੈਂ ਜਾਕੇ
ਪੁੱਠੀਆਂ ਸਿੱਧੀਆਂ ਗੱਲਾਂ ਨੀ ਪਾ ਲੈਂਦੀਆਂ ਘੇਰਾ ਆਕੇ
ਪਰਸੋਂ ਰੋਂਦੀਆਂ ਰੀਝਾਂ ਨੂੰ ਮੈਂ ਲਾਰਿਆਂ ਨਾਲ ਮਨਾਇਆ
ਨੀ ਉੱਠ ਦੇਖ ਨਨਾਣੇ, ਕੌਣ ਪ੍ਰਾਹੁਣਾ ਆਇਆ
ਨੀ ਨਣਦੇ ਨੀ ਬੀਬੀਏ ਨਣਦੇ ਬਿੜਕ ਪੈਰਾਂ ਦੀ ਆਈ
ਇਉਂ ਜਾਪੇ ਜਿਉਂ ਬਾਹਰ ਖਲੋਤਾ ਚੰਨ ਵਰਗਾ ਤੇਰਾ ਭਾਈ
ਮੇਰਾ ਨਾਉਂ ਲੈ ਕੇ ਨੀ ਮੈਨੂੰ ਕਿਸਨੇ ਹੋਰ ਬੁਲਾਇਆ
ਨੀ ਉੱਠ ਦੇਖ ਨਨਾਣੇ, ਕੌਣ ਪ੍ਰਾਹੁਣਾ ਆਇਆ

ਲੋਕ ਗੀਤਾਂ ਦਾ ਹਾਣੀ ਹੋ ਚੁੱਕਿਐ,ਇਹ ਦੇਵ ਦੀ ਲੇਖਣੀ ਕਮਾਲ ਹੀ ਹੈ , ਗੀਤ ਦੀ ਰੂਹ ਨੂੰ ਮਾਣਦੇ ਹੋਏ ਦੇਵ ਨੇ ਗੀਤ ਵਿੱਚ ਆਪਣਾ ਨਾਮ ਵੀ ਨਹੀਂ ਪਾਇਆ ਇਹ ਉਹਦਾ ਗੀਤਕਾਰੀ ਪ੍ਰਤੀ ਸਮਰਪਣ ਐ,

ਦੇਵ ਦੇ ਕਈ ਗੀਤ ਐਸੇ ਹਨ ਜਿਨ੍ਹਾਂ ਤੇ ਕੱਲੇ ਕੱਲੇ ਗੀਤ ਤੇ ਵੀ ਪੀ ਐਚ ਡੀ ਕੀਤੀ ਜਾਵੇਗੀ ਜਿਵੇਂ

ਆ ਸੱਜਣਾ ਆ ਗਲ ਲੱਗ ਮਿਲੀਏ ,
ਮਿਲੀਏ ਤੇ ਮਰ ਜਾਈਏ ਵੇ
ਕੀ ਪਤਾ ਫਿਰ ਦੁਨੀਆਂ ਉੱਤੇ ,
ਆਈਏ ਜਾਂ ਨਾ ਆਈਏ ਵੇ

ਜਾਂ

ਮਾਂ ਦੀ ਪੂਜਾ ਰੱਬ ਦੀ ਪੂਜਾ,
ਮਾਂ ਤਾਂ ਰੱਬ ਦਾ ਰੂਪ ਹੈ ਦੂਜਾ
ਮਾਂ ਹੈ ਰੱਬ ਦਾ ਨਾਂ ਓ ਦੁਨਿਆ ਵਾਲਿਓ
ਮਾਂ ਬਿਨਾਂ ਕੋਈ ਨਾਂ ਲਾਡ ਲਡਾਉਂਦਾ
ਰੋਂਦਿਆਂ ਨੂੰ ਨਾ ਚੁੱਪ ਕਰਾਉਂਦਾ
ਖੋਹ ਲੈਂਦੇ ਟੁੱਕ ਕਾਂ ਓ ਦੁਨੀਆਂ ਵਾਲਿਓ
ਬੱਚਿਆਂ ਦਾ ਦੁੱਖ ਮਾਂ ਨਾ ਸਹਿੰਦੀ
ਗਿੱਲੀ ਥਾਂ ਤੇ ਆਪ ਹੈ ਪੈਂਦੀ
ਪਾਉਂਦੀ ਸੁੱਕੀ ਥਾਂ ਓ ਦੁਨੀਆਂ ਵਾਲਿਓ

ਦੇਵ ਸਮਰੱਥ ਗੀਤਕਾਰ ਸੀ, ਦੋ-ਗਾਣੇ, ਲੋਕ-ਗਾਥਾਵਾਂ, ਲੋਕ-ਤੱਥ, ਵਾਰਾਂ, ਕਲੀਆਂ, ਸੱਦ,ਧਾਰਮਿਕ ਗੀਤ, ਉਦਾਸ ਗੀਤ, ਉਪੇਰੇ, ਬੀਰ ਰਸ, ਸ਼ਿੰਗਾਰ ਰਸ, ਵਿਛੋੜੇ ਤੇ ਵਸਲ ਤੇ ਦੇਵ ਨੇ ਕਮਾਲ ਦਾ ਲਿਖਿਆ ਗੱਲ ਕੀ ਪੰਜਾਬੀ ਗੀਤਾਂ ਦੀ ਹਰ ਵਿਧਾ ਨੂੰ ਉਸਨੇ ਬਾਖੂਬੀ ਲਿਖਿਆ।

ਇਤਿਹਾਸ ਵਿੱਚ ਇਹ ਪਹਿਲੀ ਵਾਰੀ ਹੋਇਆ ਹੈ ਕਿ ਕਿਸੇ ਗੀਤਕਾਰ ਦੇ ਜਿਉਂਦੇ ਜੀਅ ਉਹਦੇ ਨਾਮ ਤੇ ਸੋਸਾਇਟੀ ਬਣਾਈ ਗਈ ਹੋਵੇ ਇਹ ਸ਼ਰਫ ਸਿਰਫ ਦੇਵ ਨੂੰ ਹੀ ਹਾਸਲ ਹੋਇਆ ਹੈ ਕਿ ਇੰਗਲੈਂਡ ਵਸਦੇ ਦੇਵ ਦੇ ਗੀਤਾਂ ਦੇ ਆਸ਼ਕ ਸੋਖਾ ਉਦੇਪੁਰੀਆ ਨੇ ਦੇਵ ਥਰੀਕੇ ਵਾਲਾ ਐਪਰੀਸੀਏਸ਼ਨ ਸੋਸਾਇਟੀ ਬਣਾ ਕੇ ਮਿਸਾਲ ਪੈਦਾ ਕਰ ਦਿੱਤੀ,

ਦੇਵ ਦੀ ਕਲਮ ਦਾ ਜਲੌਅ ਅੰਤ ਤੱਕ ਬਰਕਰਾਰ ਰਿਹਾ, ਮੈਂ ਦੇਵ ਨੂੰ ਇੱਕ ਨਹੀਂ ਅਨੇਕਾਂ ਵਾਰ ਮਿਲਿਆ ਹਮੇਸ਼ਾਂ ਹੀ ਦੇਵ ਚੜ੍ਹਦੀ ਕਲਾ 'ਚ ਈ ਮਿਲਿਆ ਕਦੇ ਪੈਸੇ ਦੀ ਭੁੱਖ ਨਹੀਂ ਦੇਖੀ,ਕਦੇ ਕੋਈ ਲਾਲਚ ਨਹੀਂ ਦੇਖਿਆ,

25 ਜਨਵਰੀ 2022 ਦੀ ਮਨਹੂਸ ਸਵੇਰੇ ਦੇਵ ਦੇ ਤੁਰ ਜਾਣ ਦੀ ਖ਼ਬਰ ਨੇ ਪੰਜਾਬੀਆਂ ਨੂੰ ਝੰਜੋੜ ਕੇ ਰੱਖ ਦਿੱਤਾ। ਪੰਜਾਬੀ ਗੀਤਕਾਰੀ ਲਈ ਕਦੇ ਵੀ ਨਾ ਪੂਰਿਆ ਜਾਣ ਵਾਲਾ ਘਾਟਾ। ਭਾਵੇਂ ਦੇਵ ਥਰੀਕੇ ਵਾਲਾ ਜਿਸਮਾਨੀ ਤੌਰ ਤੇ ਇਸ ਫਾਨੀ ਸੰਸਾਰ ਤੋਂ ਰੁਖ਼ਸਤ ਹੋ ਗਿਆ , ਪਰ ਉਸ ਦੇ ਗੀਤ ਹਮੇਸ਼ਾਂ ਪੰਜਾਬੀਆਂ ਦੇ ਦਿਲਾਂ ਵਿੱਚ ਧੜਕਣ ਬਣ ਕੇ ਧੜਕਦੇ ਰਹਿਣਗੇ।

facebook ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ



ਡਾ. ਬਲਵਿੰਦਰ ਕੌਰ ਬਰਾੜ 403 590 9629

ਉਹ ਵੇਲਾ ਯਾਦ ਕਰ



# ਜਾਵੋ ਨੀ, ਕੋਈ ਮੋੜ ਲਿਆਵੋ !



ਕੋਈ ਬਹੁਤਾ ਸਮਾਂ ਨਹੀਂ ਹੋਇਆ। ਬਚਪਨ ਵਿੱਚ ਅੱਜ ਤੋਂ 40-45 ਕੁ ਵਰ੍ਹੇ ਪਹਿਲਾਂ ਅਕਸਰ ਹੁੰਦਾ ਵੇਖਿਆ ਹੈ।

ਲਾਗੀ ਆ ਕੇ ਸੱਦਾ (ਸੱਦਾ - ਪੱਤਰ ਨਹੀਂ) ਦਿੰਦਾ ਸੀ, "ਤਾਈ ਜਾਂ ਬੇਬੇ, ਨੰਬਰਦਾਰਾਂ ਦੇ ਨਾਨਕੀ ਛੱਕ ਦੇ ਲੀੜੇ ਵੇਖ ਆਇਉ।" ਇਹ ਗੱਲ ਸਿਰਫ ਨੰਬਰਦਾਰਾਂ ਦੇ ਘਰ ਤੱਕ ਹੀ ਸੀਮਤ ਨਹੀਂ ਸੀ, ਇਸ ਦੀ ਥਾਂ ਤੁਸੀਂ ਕਿਸੇ ਦਾ ਵੀ ਘਰ ਲਿਖ ਸਕਦੇ ਹੋ।

ਨਾਨਕਿਆਂ ਵੱਲੋਂ ਲਿਆਂਦੀ ਨਾਨਕੀ ਛੱਕ ਦਾ ਖਿਲਾਰਾ ਦੋ ਤਿੰਨ ਮੰਜਿਆਂ ਤੇ ਖਿਲਰਿਆ ਹੁੰਦਾ ਸੀ।ਸਾਰੇ ਟੱਬਰ ਦੇ ਨਿੱਕੇ ਮੋਟੇ ਜੀਅ ਤਾਂ ਛੱਡੋ, ਕੁੱਤੇ ਕੁੱਤੀਆਂ ਤੱਕ @ਭੰਨਾਏ@ ਜਾਂਦੇ ਸਨ। ਕਈਆਂ ਦੇ ਨੱਕ ਥੱਲੇ ਫਿਰ ਵੀ ਨਹੀਂ ਸੀ ਆਉਂਦਾ। @ਨੀ ਆਹ, ਭੂਆ ਦਾ ਸੂਟ ਤਾਂ ਮਜਗਲਿਆਂ ਵਰਗਾ ਲਿਆ ਧਰਿਆ। ÷, ਕੋਈ ਨਘੋਚਣ ਆਪਣੀ ਆਦਤ ਅਨੁਸਾਰ ਵਰ੍ਹ ਈ ਜਾਂਦੀ।

ਸਿਆਣੇ ਠੀਕ ਈ ਤਾਂ ਆਖਦੇ ਨੇ ਕਿ ਕੁੜੀ ਦੇ ਵਿਆਹ ਦੇਣ ਨਾਲ ਹੀ ਤਾਂ ਗੱਲ ਨਹੀਂ ਮੁੱਕ ਜਾਂਦੀ, ਇਹ ਕਹਾਣੀ ਨਾਨਕੀ ਛੱਕ ਤੱਕ ਤੁਰਦੀ ਰਹਿੰਦੀ ਹੈ।

ਉਸ ਤੋਂ ਅਗਲੇ ਦਿਨ ਇਹ ਵਿਖਾਲਾ ਘਰ ਵਾਲਿਆਂ ਦਾ ਵਿਖਾਲਾ ਬਣ ਜਾਂਦਾ ਸੀ ਭਾਵ ਇਸ ਦਾ ਦਾਇਰਾ ਵੱਡਾ ਹੋ ਜਾਂਦਾ ਸੀ। ਹੁਣ ਇਸ ਵਿਖਾਲੇ ਵਿੱਚ ਉਹ ਸਭ ਕੁੱਝ ਆ ਜਾਂਦਾ ਸੀ ਜੋ ਕੁੜੀ ਵਾਲਿਆਂ ਵੱਲੋਂ ਵਿਆਹ ਵਿੱਚ ਦਿੱਤਾ ਜਾਂਦਾ ਸੀ। ਹੁਣ ਕਿਸੇ ਸਿਆਣੀ ਜਿਹੀ ਬੁੜ੍ਹੀ ਦੀ ਬੁੱਕਲ ਵਿੱਚ ਲਾਲ ਜਿਹੇ ਰੁਮਾਲ ਨਾਲ ਢਕਿਆ ਇੱਕ ਥਾਲ ਵੀ ਹੁੰਦਾ ਸੀ। ਇਸ ਵਿੱਚ ਕੁੜੀ ਨੂੰ ਪਾਏ ਜਾਣ ਵਾਲਾ ਟੂਮ ਛੱਲਾ ਅਤੇ ਮੁੰਡੇ ਵਾਲਿਆਂ ਨੂੰ ਦਿੱਤੇ ਜਾਣ ਵਾਲੇ ਕੜੇ, ਘੜੀ, ਜੋੜੀ ਜਾਂ ਫਿਰ ਆਪਣੀ ਹੈਸੀਅਤ ਮੁਤਾਬਕ ਅੱਗੇ ਦਾ ਕੁਛ, ਵੀ ਹੁੰਦਾ ਸੀ।

..... ਫਿਰ ਇਹ ਵਿਆਹ, ਵਿਆਹ ਨਾ ਰਹੇ। ਸੌਦੇਬਾਜੀ ਵਿੱਚ ਬਦਲ ਗਏ।

÷ਬਈ, ਜੀਹਨੇ ਧੀਅ ਦੇ ਦਿੱਤੀ, ਹੋਰ ਕੀ ਰਹਿ ਗਿਆ ?÷ ਇਹ ਮੁਹਾਵਰਾ ਪਤਾ ਨਹੀਂ ਕਦੋਂ ਮਰ ਮੁੱਕ ਗਿਆ। ਕਿੱਲਿਆਂ ਦੀ ਗਿਣਤੀ ਨਾਲ ਲੱਖਾਂ ਦੀ ਗਿਣਤੀ ਜੁੜ ਗਈ। ਸਾਰਾ ਕੁਛ ਚੁੱਪ ਚੁਪੀਤੇ ਬੁੱਕਲ ਵਿੱਚ ਗੁੜ ਭੰਨਣ ਵਾਂਗੂੰ ਹੋਣ ਲੱਗ ਪਿਆ।ਓਧਰ ਦੂਜੇ ਪਾਸੇ, ਥੋੜ੍ਹੀ ਪਹੁੰਚ ਵਾਲੇ ਮਹਾਤੜ ਹੀਣ ਭਾਵਨਾ ਅਤੇ ਨਮੋਸ਼ੀ ਤੋਂ ਡਰਦਿਆਂ ਵਿਖਾਲਾ ਕਰਨਾ ਬੰਦ ਕਰ ਗਏ।

... ਤੇ ਮਾਪੇ ਕੁੜੀ ਜੰਮਣ ਤੋਂ ਹੀ ਡਰਨ ਲੱਗ ਪਏ।

ਇਹ ਰਸਮ ਸਹਿਕਦੀ ਸਹਿਕਦੀ ਦਮ ਤੋੜ ਗਈ।

(ਜਸ ਬਠਿੰਡਾ ਦੀ ਫੇਸ ਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)

# ਅਸੀਂ ਸੁੱਖ ਵੇਲ਼ੇ ਮਠਿਆਈ, ਦੁੱਖ ਵੇਲ਼ੇ ਦੁਹਾਈ ਅਤੇ ਹਰ ਸਮੇ ਦਵਾਈ ਦੇ ਹੀ ਆਦੀ ਹੋ ਜਾਂਦੇ ਹਾਂ

**ਜਿਸ ਕੋਲ਼ੋਂ ਹੱਥ ਛੁਡਾ ਕੇ ਖ਼ੁਦ ਕੋਲ਼ੋਂ ਵਿੱਛੜੇ ਵੀ ਵਿੱਛੜੇ ਹਾਂ,**
**ਆਪਣੇ ਅੰਦਰਲਾ ਉਹ ਬੰਦਾ ਟੋਲਣ ਨੂੰ ਦਿਲ ਕਰਦਾ ਹੈ।**
**ਰੋਟੀ, ਰੀਝਾਂ, ਰਿਸ਼ਤੇ ਜਿਸ ਥਾਂ ਰਾਹ ਨਾ ਰੋਕਣ ਬੋਲਾਂ ਦਾ,**
**ਐਸੀ ਥਾਂ ਤੇ ਜਾ ਕੇ ਬੋਲਣ ਨੂੰ ਦਿਲ ਕਰਦਾ ਹੈ।**

(ਗੁਰਤੇਜ ਕੋਹਾਰਵਾਲ਼ਾ)

ਕਿਹਾ ਜਾਂਦਾ ਹੈ - ਮੌਤੋਂ ਭੁੱਖ ਬੁਰੀ, ਰਾਤੀਂ ਖਾ ਕੇ ਸੁੱਤੇ ਸਵੇਰ ਨੂੰ ਫੇਰ ਖੜ੍ਹੀ। ਸੋ ਪੇਟ ਪੂਰਤੀ ਕਰਨਾ ਹਰ ਜਿੰਦ ਲਈ ਇੱਕ ਨਾ ਟਲਣ ਵਾਲ਼ਾ ਆਹਰ ਹੈ। ਇਸੇ ਮਗਰ ਲੱਗ ਕੇ ਕਈ ਲੋਕ ਹੱਦਾਂ ਕਦੇ ਸਰਹੱਦਾਂ ਟੱਪ ਜਾਂਦੇ ਹਨ। ਹਰ ਕੋਈ ਆਪਣੇ ਪੇਟ ਨੂੰ ਪੂਰਨ ਲਈ ਆਪਣੇ ਵਿਤ ਅਤੇ ਸੁਆਦ ਅਨੁਸਾਰ ਹੀਲਾ-ਵਸੀਲਾ ਜੁਟਾ ਰਿਹਾ ਹੀ ਨਜ਼ਰ ਆਉਂਦਾ ਹੈ। ਸਿਆਣੇ ਆਖਦੇ ਹਨ ਭੁੱਖ ਲੱਗੇ ਤੋਂ ਖਾਣਾ ਪ੍ਰਕ੍ਰਿਤੀ ਹੈ, ਖੋਹ ਕੇ ਖਾਣਾ ਵਿਕ੍ਰਿਤੀ ਹੈ ਅਤੇ ਵੰਡ ਕੇ ਖਾਣਾ ਸੰਸਕ੍ਰਿਤੀ ਹੈ। ਇਉਂ ਖਾਣਾ ਖਾਣ ਦੇ ਵੀ ਵੱਖ-ਵੱਖ ਤਰੀਕੇ ਜਾਂ ਹੀਲੇ ਹਨ।ਸਾਨੂੰ ਚਾਹੀਦਾ ਹੈ ਸੁੱਖ ਵੇਲ਼ੇ ਸ਼ੁਕਰਾਨਾ, ਦੁੱਖ ਵੇਲ਼ੇ ਅਰਦਾਸ ਅਤੇ ਹਰ ਵੇਲ਼ੇ ਸਿਮਰਨ ਵਾਲ਼ੀ ਜੁਗਤ ਨੂੰ ਅਪਣਾਈਏ, ਪਰ ਅਸੀਂ ਸੁੱਖ ਵੇਲ਼ੇ ਮਠਿਆਈ, ਦੁੱਖ ਵੇਲ਼ੇ ਦੁਹਾਈ ਅਤੇ ਹਰ ਸਮੇ ਦਵਾਈ ਦੇ ਹੀ ਆਦੀ ਹੋ ਜਾਂਦੇ ਹਾਂ। ਗੁਰਦਵਾਰਾ ਸਾਹਿਬ ਵਿੱਚ ਬਣੀ ਪੰਗਤ ਦਾ ਅਰਥ ਹੈ ਕਤਾਰ ਜਾਂ ਸਿੱਧੀ ਤਰਤੀਬ ਵਿੱਚ ਅਨੁਸ਼ਾਸ਼ਨ ਅਨੁਸਾਰ ਧਰਤੀ 'ਤੇ ਬੈਠਣਾ। ਨੰਗੇ ਪੈਰ ਸਿਰ ਢਕ ਕੇ ਚੌਂਕੜੀ ਮਾਰ ਕੇ ਪਰਸ਼ਾਦਾ ਛਕਣਾ। ਅਸੀਂ ਕਿਸਾਨ ਅੰਦੋਲਨ ਸਮੇ ਕਿਸਾਨਾਂ ਨੂੰ ਪਰਸ਼ਾਦਾ ਮੱਥੇ ਨੂੰ ਛੂਹਾ ਕੇ ਬੁਰਕੀ ਤੋੜਦਿਆਂ ਵੇਖਿਆ ਹੈ। ਦੋਵੇਂ ਹੱਥ ਅੱਡ ਕੇ ਅਸੀਂ ਲੰਗਰ ਵਰਤਾਉਣ ਵਾਲ਼ੇ ਤੋਂ ਪਰਸ਼ਾਦਾ ਮੰਗਦੇ ਉਸ ਪਾਲਣਹਾਰ ਦੇ ਸ਼ੁਕਰਗੁਜ਼ਾਰ ਹੁੰਦੇ ਹਾਂ। ਸਿੱਖ ਜਗਤ ਨੂੰ ਆਪਣੀ ਇਸ ਪਿਰਤ 'ਤੇ ਮਾਣ ਹੋਣਾ ਚਾਹੀਦਾ ਹੈ ਕਿ ਅਸੀਂ ਕਿਸੇ ਵੀ ਦਰ 'ਤੇ ਆਏ ਫ਼ਰਿਆਦੀ ਨੂੰ ਢਿੱਡ ਭਰਨ ਦੀ ਬਖ਼ਸ਼ਿਸ਼ ਕਰਦੇ ਹਾਂ। ਲੰਗਰ ਦੀ ਪਿਰਤ ਬਾਬਾ ਨਾਨਕ ਜੀ ਨੇ ਕਈ ਸੌ ਸਾਲ ਪਹਿਲਾਂ ਪਾ ਕੇ ਸਾਨੂੰ ਅੱਜ ਤੱਕ ਨਿਵਾਜਿਆ ਹੈ। ਪੰਗਤ ਵਿੱਚ ਛਕਿਆ ਪਰਸ਼ਾਦਾ ਛੱਤੀ ਪਦਾਰਥਾਂ ਨਾਲ਼ੋਂ ਜਾਂ ਹੋਟਲ ਦੇ ਬਫੇ ਨਾਲੋਂ ਵੱਧ ਤ੍ਰਿਪਤੀ ਦਿੰਦਾ ਹੈ। ਜਦੋਂ ਅਸੀਂ ਛੋਟੇ ਸੀ ਤਾਂ ਆਪਣੇ ਭਾਂਡੇ ਆਪ ਹੀ ਸੁਆਹ ਨਾਲ਼ ਸੁੱਕ-ਮਾਂਜ ਕਰਦੇ ਸੀ। ਇਸ ਨਾਲ਼ ਉਸ ਸਮੇ ਸਟਰਲਾਈਜ਼ੇਸ਼ਨ ਹੋ ਜਾਂਦੀ ਸੀ। ਮੇਰੇ ਮਾਤਾ ਜੀ ਜ਼ਮੀਨ 'ਤੇ ਬੈਠ ਕੇ ਭੋਜਨ ਛਕਦੇ, ਅਸੀਂ ਸਵਾਲ ਕਰਦੇ ਤਾਂ ਆਖਦੇ ਕਿ ਭੋਰਾ ਕਿਣਕਾ ਜੋ ਧਰਤੀ 'ਤੇ ਡਿੱਗੂ, ਕਿਸੇ ਕੀੜੇ ਮਕੌੜੇ ਦੇ ਮੂੰਹ ਵਿੱਚ ਪਊ। ਅੱਜ ਜਦੋਂ ਕੈਨੇਡਾ ਵਿੱਚ ਲੱਖਾਂ ਦਾ ਭੋਜਨ ਕੂੜੇ ਵਿੱਚ ਜਾਂਦਾ ਵੇਖਦੇ ਹਾਂ ਤਾਂ ਉਸ ਕਿਣਕੇ ਦਾ ਸਰਫ਼ਾ ਕਰਦੇ ਵਿਸ਼ਵਾਸ ਨੂੰ ਯਾਦ ਕਰਦੇ ਹਾਂ। ਲੰਗਰ ਦੀ ਪ੍ਰਥਾ ਲੋੜਵੰਦਾਂ ਦੀ ਲੋੜ 'ਤੇ ਜਾ ਖੜ੍ਹਨ ਲਈ ਨਿਭਾਈ ਜਾ ਰਹੀ ਹੈ। ਖਾਲਸਾ ਏਡ ਵਰਗੀਆਂ ਕਈ ਸੰਸਥਾਵਾਂ ਲੋਕਾਈ 'ਤੇ ਬਣੀ ਭੀੜ, ਆਫ਼ਤ ਜਾਂ ਸੰਕਟ-ਕਾਲ ਸਮੇਂ ਲੰਗਰ ਪਹੁੰਚਾ ਕੇ ਪੁੰਨ ਖਟਦੀਆਂ ਹਨ। ਲੰਗਰ ਵਿੱਚ ਹਿੱਸਾ ਪਾਉਣਾ ਸਾਡੇ ਦਸਵੰਧ ਦਾ ਸਦਉਪਯੋਗ ਹੈ। ਪੰਗਤ ਵਿੱਚ ਬੈਠ ਕੇ ਸਭ ਨੂੰ ਹੀ ਸਭ ਦੇ ਸੁਆਦ ਦਾ ਖਾਣਾ ਮਿਲਦਾ ਹੈ। ਅੱਜ ਜਦੋਂ ਘਰੋਂ ਬਾਹਰ ਜਾ ਕੇ ਖਾਣਾ ਖਾਣ ਦਾ ਰਿਵਾਜ ਵਧ ਰਿਹਾ ਹੈ, ਇੱਕੋ ਪਰਿਵਾਰ ਦੇ ਸਾਰੇ ਜੀਅ ਆਪੋ ਆਪਣੀ ਮਰਜ਼ੀ ਦਾ ਭੋਜਨ ਮੰਗਾ ਕੇ ਵੱਖੋ-ਵੱਖ ਖਾਣਾ ਖਾ ਰਹੇ ਹੁੰਦੇ ਹਨ।ਪਰ ਪੰਗਤ ਵਿੱਚ ਕੋਈ ਛੋਟਾ ਵੱਡਾ ਨਹੀਂ, ਕੋਈ ਅਮੀਰ ਗ਼ਰੀਬ ਨਹੀਂ ਸਗੋਂ ਸਭ ਬਰਾਬਰ ਹੋ ਕੇ ਧਰਤੀ 'ਤੇ ਇਕੱਠੇ ਬੈਠ ਕੇ ਛਕਦੇ ਹਨ। ਇੱਥੇ ਕਿਸੇ ਦਾ ਰੁਤਬਾ, ਜਾਤ ਜਾਂ ਨਸਲ ਵੱਡੀ ਜਾਂ ਛੋਟੀ ਨਹੀਂ ਹੁੰਦੀ। ਇਸ ਤਰ੍ਹਾਂ ਬੈਠਣ ਨਾਲ਼ ਸਾਡੀ ਹਉਮੈ ਵਿਸਰਦੀ ਹੈ। ਮੈਂ ਕਿਤੋਂ ਪੜ੍ਹਿਆ ਸੀ ਕਿ ਰਾਬਿੰਦਰ ਨਾਥ ਟੈਗੋਰ ਨੇ ਆਪਣੇ ਅਧਿਆਪਕ ਨੂੰ ਕਿਹਾ, "ਮੇਰਾ ਨਵਾਂ ਸਾਈਕਲ ਹੈ ਪਰ ਫੇਰ ਵੀ ਮੈਂ ਆਪਣੇ ਸਾਥੀਆਂ ਤੋਂ ਪਛੜ ਜਾਂਦਾ ਹਾਂ।" ਅਧਿਆਪਕ ਨੇ ਸਾਈਕਲ ਲੈ ਕੇ ਆਉਣ ਨੂੰ ਕਿਹਾ। ਥੋੜ੍ਹੀ ਜਿਹੀ ਹਵਾ ਹਰ ਟਾਇਰ ਵਿੱਚੋਂ ਕੱਢੀ ਤਾਂ ਸਾਈਕਲ ਰੈਲ਼ਾ ਚੱਲਣ ਲੱਗਿਆ। ਇਉਂ ਹੀ ਗੁਰਦਵਾਰਾ ਸਾਹਿਬ ਵਿੱਚ ਪੰਗਤ ਵਿੱਚ ਬੈਠਿਆਂ ਸਾਡੀ ਵੀ ਹਉਮੈਂ ਦੀ ਹਵਾ ਨਿਕਲ਼ ਜਾਂਦੀ ਹੈ। ਅਸੀਂ ਸਭ ਦੇ ਬਰਾਬਰ ਹੋ ਜਾਂਦੇ ਹਾਂ। ਸਭ ਸਾਡੇ ਬਰਾਬਰ ਹੋ ਢੁਕਦੇ ਹਨ। ਸਭ ਰਲ਼ ਕੇ ਸ਼ੁਕਰਗੁਜ਼ਾਰ ਹੁੰਦੇ ਹਾਂ। ਉੱਥੇ ' ਤੂੰ ਦਾਤਾ ਦਾਤਾਰ ਤੇਰਾ ਦਿੱਤਾ ਖਾਵਣਾ' ਵੀ ਯਾਦ ਆਉਂਦਾ ਹੈ। ਸਾਮੂਹਿਕ ਨੇੜਤਾ ਕਾਇਮ ਕਰਨ ਦਾ ਇਹ ਵਧੀਆ ਹੀਲਾ ਹੈ। ਇਸ ਨਾਲ਼ ਆਪਸੀ ਸਾਂਝ ਪਨਪਦੀ ਹੈ। ਅਸੀਂ ਮਾਨਵਤਾ ਦਾ ਸੰਦੇਸ਼ ਸਿਰਜਦੇ ਨਿੱਜ ਅਤੇ ਪਰ ਵਿਚਲੀ ਵਿੱਥ ਨੂੰ ਪੂਰਦੇ ਹਾਂ।

**ਚੁਗਣੀ ਪੈ ਗਈ ਚੋਗ ਅਸਾਨੂੰ**
**ਸੱਤ ਸਮੁੰਦਰੋਂ ਪਾਰੋਂ ਮਾਂ**
**ਆਪਣਿਆਂ ਬਿਨ ਰੂਹ ਤੜਪੇ**
**ਜਿਉਂ ਕੂੰਜ ਵਿਛੜ ਜਾਏ ਡਾਰੋਂ ਮਾਂ।**

# ਕੈਲਗਰੀ ਲੇਖਕ ਸਭਾ ਵੱਲੋਂ ਕਨੇਡਾ ਦੇ ਬਹੁ-ਸੱਭਿਆਚਾਰ ਦੇ ਜਸ਼ਨ ਮਨਾਏ ਗਏ






ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਲੇਖਕ ਸਭਾ ਕਲਚਰਲ ਐਸੋਸੀਏਸ਼ਨ ਵੱਲੋਂ ਪਹਿਲਾ ਸਾਲਾਨਾ ਸਮਾਗਮ ਜੂਨ 14, 2026 ਦਿਨ ਐਤਵਾਰ ਨੂੰ ਟੈਂਪਲ ਕਮਿਊਨਿਟੀ ਹਾਲ ਵਿੱਚ 'ਕਨੇਡਾ ਦੇ ਬਹੁ-ਸਭਿਆਚਾਰ' ਦੇ ਜਸ਼ਨ ਦੇ ਰੂਪ ਵਿੱਚ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ 'ਲੈਂਡ ਐਕਨਾਲਜਮੈਂਟ' ਕਰਨ ਉਪਰੰਤ ਕਨੇਡਾ ਅਤੇ ਭਾਰਤ ਦੇ ਰਾਸ਼ਟਰੀ ਗਾਇਨ ਨਾਲ ਕੀਤੀ ਗਈ।ਸਮਾਗਮ ਵਿੱਚ ਨੇਪਾਲੀ ਕਮਿਊਨਿਟੀ ਸੋਸਾਇਟੀ ਆਫ ਕੈਲਗਰੀ ਦੇ ਡਾਂਸ ਗਰੁੱਪ, ਫਿਲਪੀਨੋ ਇੰਡਕ ਗਲੋਬਲ ਕਲਚਰਲ ਡਾਂਸ ਗਰੁੱਪ, ਇਲਮ ਸੋਸਾਇਟੀ ਦੇ 'ਯੂਨੀਵਰਸਲ ਵਾਈਬਜ਼ ਗਰੁੱਪ, ਗਿੱਧਾ ਅਕੈਡਮੀ ਦੀਆਂ ਛੋਟੀਆਂ ਬੱਚੀਆਂ ਦੇ ਗਰੁੱਪ ਅਤੇ ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀਆਂ ਸੀਨੀਅਰ ਔਰਤਾਂ ਵਲੋਂ ਪੰਜਾਬੀ ਲੋਕ-ਨਾਚ ਗਿੱਧਾ ਪੇਸ਼ ਕੀਤਾ ਗਿਆ। ਡਾ: ਰੀਟਾ ਕਰਮਾਕਰ ਨੇ ਬੰਗਾਲੀ ਗੀਤ ਨਾਲ ਸਮਾਂ ਬੰਨ੍ਹਿਆ। ਮੁਨਵਰ ਅਹਿਮਦ ਪੰਜਾਬੀ ਅਤੇ ਸੁਖਮੰਦਰ ਸਿੰਘ ਗਿੱਲ ਨੇ ਪੰਜਾਬੀ ਦੇ ਮਸ਼ਹੂਰ ਸ਼ਾਇਰ ਵਾਰਿਸ ਸ਼ਾਹ ਦਾ ਕਲਾਮ ਗਾ ਕੇ ਵਾਹ ਵਾਹ ਖੱਟ ਲਈ। ਪ੍ਰੋਗਰਾਮ ਦਾ ਅਗਾਜ਼ ਹਰਮਿੰਦਰ ਪਾਲ ਸਿੰਘ ਨੇ ਆਪਣੀ ਬੁਲੰਦ ਅਵਾਜ਼ ਵਿੱਚ ਧਾਰਮਿਕ ਗੀਤ ਨਾਲ ਕੀਤੀ। ਦੀਪ ਬਰਾੜ ਨੇ ਹਾਰਮੋਨੀਅਮ ਤੇ ਮਾਹੀਆ ਗਾ ਕੇ ਰੌਣਕਾਂ ਲਾਈਆਂ।

ਅਲਬਰਟਾ ਦੇ ਮਲਟੀਕਲਚਰਿਜ਼ਮ ਮਨਿਸਟਰ ਮੁਹੰਮਦ ਯਾਸੀਨ ਨੇ ਕਨੇਡਾ ਦੇ ਬਹੁ-ਸਭਿਆਚਾਰ ਦੇਸ਼ ਹੋਣ ਦੀ ਵਿਸ਼ੇਸ਼ਤਾ ਦੀ ਗੱਲ ਕਰਦਿਆਂ ਹਰੇਕ ਕਨੇਡਾ ਵਾਸੀ ਦੇ ਬਰਾਬਰ ਦੇ ਹੱਕਾਂ, ਮੌਕਿਆਂ ਤੇ ਫ਼ਰਜ਼ਾਂ ਬਾਰੇ ਸਾਂਝ ਪਾਈ। ਐਮ.ਐਲ.ਏ. ਗੁਰਦਿੰਰ ਬਰਾੜ ਅਤੇ ਪਰਮੀਤ ਬੋਪਾਰਾਏ ਹੁਰਾਂ ਅਲਬਰਟਾ ਵਿੱਚ ਹੋਣ ਵਾਲੇ ਰੈਫਰੰਡਮ ਦਾ ਜ਼ਿਕਰ ਕੀਤਾ।ਵਾਰਡ-5 ਦੇ ਕਾਊਂਸਲਰ ਰਾਜ ਧਾਲੀਵਾਲ ਜੀ ਵੀ ਇਸ ਉਤਸਵ ਵਿੱਚ ਸ਼ਾਮਿਲ ਹੋਏ। ਐਨ ਆਖਰੀ ਮੌਕੇ ਤੇ ਐਡਮਿੰਟਨ ਤੋਂ ਐਮ.ਐਲ.ਏ ਜਸਵੀਰ ਸਿੰਘ ਦਿਓਲ ਇਸ ਸਮਾਗਮ ਵਿੱਚ ਆ ਸ਼ਾਮਲ ਹੋਏ।ਵੱਖ ਵੱਖ ਸਭਿਆਚਾਰਾਂ ਨੂੰ ਗੀਤਾਂ ਅਤੇ ਨਾਚ ਰਾਹੀਂ ਪੇਸ਼ ਕਰਨ ਵਾਲੇ ਕਲਾਕਾਰਾਂ ਨੂੰ ਇਨ੍ਹਾਂ ਸਭ ਵਲੋਂ ਵਾਰੀ ਵਾਰੀ ਸਟੇਜ ਤੇ ਆ ਕੇ ਸਰਟੀਫੀਕੇਟਾਂ ਨਾਲ ਸਨਮਾਨਤ ਕੀਤਾ ਗਿਆ। ਬਲਵਿੰਦਰ ਬਰਾੜ, ਸੁਰਿੰਦਰ ਗੀਤ, ਸੁਖਵਿੰਦਰ ਤੂਰ, ਸੋਹਣ ਸਿੰਘ ਭੁੱਚੋ, ਗੁਰਚਰਨ ਹੇਅਰ, ਗੁਰਦੀਪ ਧਾਲੀਵਾਲ, ਰਮਨ ਗਿੱਲ ਤੇ ਜਗਦੇਵ ਸਿੰਘ ਸਿੱਧੂ ਹੁਰਾਂ ਆਪਣੇ ਆਪਣੇ ਅੰਦਾਜ਼ ਨਾਲ ਹਾਜ਼ਰੀ ਲੁਆਈ।

ਮਨਿੰਦਰ ਚਾਨੇ ਅਤੇ ਜਸਜੋਤ ਰੁਪਾਲ ਵਲੋਂ ਆਪਣੀ ਕੈਲੀਗ੍ਰਾਫੀ ਦੀ ਕਲਾ ਦੀਆਂ ਪ੍ਰਦਰਸ਼ਿਤ ਕੀਤੀਆਂ ਕਲਾਕ੍ਰਿਤੀਆਂ ਨੇ ਸਭ ਦਾ ਧਿਆਨ ਖਿੱਚਿਆ।ਇੱਕ ਹੋਰ ਮੇਜ ਉੱਪਰ ਲੇਖਕ ਸਭਾਵਾਂ ਦੇ ਲੇਖਕਾਂ ਦੀਆਂ ਪੰਜਾਬੀ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਤੋਂ ਇਲਾਵਾ ਲਹਿੰਦੇ ਪੰਜਾਬ ਦੇ ਲੇਖਕ ਅਬਦੁਲ ਬਾਸਿਤ ਤਾਹਿਰ ਦੀਆਂ ਸ਼ਾਹਮੁੱਖੀ ਦੀਆਂ ਕਿਤਾਬਾਂ ਸ਼ਾਮਲ ਸਨ।

# ਮੁਹੱਬਤ ਬਨਾਮ ਨ.ਫਰਤ

**ਗੁਰਚਰਨ ਕੌਰ ਥਿੰਦ**
ਫੋਨ: 403-402-9635

ਹੁਣੇ ਲੈਪ ਟਾਪ ਤੇ 'ਮੁਗਲੇ ਆਜ਼ਮ' ਫਿਲਮ ਵੇਖੀ। ਬਹੁਤ ਪੁਰਾਣੀਆਂ ਫਿਲਮਾਂ ਵੇਖਣ ਦਾ ਕਦੇ ਕਦੇ ਚੰਗਾ ਲਗਦਾ। ਨਵੀਂਆਂ ਫਿਲਮਾਂ ਦੀ ਹਿੰਸਾ, ਮਾਰ-ਧਾੜ, ਖਿੱਚ-ਧੂਹ, ਡੰਮ-ਡੰਮ-ਡੰਮ ਤੋਂ ਦਿਲ ਉਕਤਾ ਜਾਂਦਾ ਤਾਂ ਪੁਰਾਣਾ ਖਿੱਚ ਪਾਉਂਦਾ। ਉਹ ਵੀ ਮੁਗਲੇ ਆਜ਼ਮ ਫਿਲਮ ਦੀ ਅਜ਼ੀਮ ਮੁਹੱਬਤ ਦੀ ਦਾਸਤਾਂ! ਮੁਹੱਬਤ ਐਨੀ ਸ਼ਿਦਤ ਨਾਲ ਵੀ ਕੀਤੀ ਜਾ ਸਕਦੀ ਕਿ ਕੋਈ ਆਪਣਾ ਵਜੂਦ ਹੀ ਕੁਰਬਾਨ ਕਰ ਦੇਵੇ, ਆਪਣੀ ਸਲਤਨਤ ਦੇ ਵਿਰੋਧ ਵਿੱਚ ਖੜ੍ਹ ਜਾਵੇ, ਭਾਵੀ ਸ਼ਹਿਨਸ਼ਾਹ ਇੱਕ ਕਨੀਜ਼ ਨੂੰ ਮਹਾਰਾਣੀ ਬਣਾਉਣ ਦਾ ਕੌਲ਼ ਕਰ ਬੈਠੇ। ਸ਼ਾਹੀ ਮਹਿਲ ਦੀ ਚਾਰ ਦਿਵਾਰੀ ਅੰਦਰ ਨਿਰਛੱਲ ਮੁਹੱਬਤ ਦੀਆਂ ਮਾਸੂਮ ਸਰਗੋਸ਼ੀਆਂ ਦੀ ਫ਼ਿਜ਼ਾ ਵਿੱਚ ਘੁਲੀ ਮਹਿਕ! ਸ਼ਾਹੀ ਫਰਮਾਬਰਦਾਰਾਂ ਵਲੋਂ ਸ਼ਾਹੀ ਤਖ਼ਤ ਤੱਕ ਮਹਿਕ ਦੀ ਚੁਗ਼ਲੀ! ਤੇ ਫਿਰ ਸ਼ਾਹੀ ਮਹਿਲ ਅੰਦਰ ਮੁਹੱਬਤ ਤੇ ਨ.ਫਰਤ ਦਾ ਸੈਲਾਬ! ਇਸ ਸਭ ਕੁੱਝ ਨੂੰ ਵੇਖਦਿਆਂ ਅੰਦਰਲਾ ਭਾਵੁਕ ਹੋ ਤਰਲ ਬਣ ਵਹਿਣ ਲਗਦਾ ਤਾਂ ਮੁਹੱਬਤ ਤੇ ਨ.ਫਰਤ ਵਿਚੋਂ ਇੱਕ ਦੇ ਸੰਗ ਜਾ ਖਲੋਂਦਾ। ਕੀ ਇਹ ਇਸ ਕਹਾਣੀ ਦਾ ਫਿਲਮੀਕਰਨ ਹੈ ਜੋ ਭਾਵਨਾਵਾਂ ਨੂੰ ਪਸੀਜ ਰਿਹਾ ਜਾਂ ਕਦੇ ਆਮ ਜ਼ਿੰਦਗੀ ਵਿੱਚ ਵੀ 'ਮੁਹੱਬਤ ਜ਼ਿੰਦਾਬਾਦ!' ਕਹਿਣ ਸੁਣਨ ਦੀ ਕੋਈ ਘਟਨਾ ਸਹਿਜ ਭਾਅ ਵਾਪਰਦੀ ਹੋਵੇਗੀ?

ਕਈ ਵਿਚਾਰ, ਖਿਆਲ, ਉਤਰਾਅ-ਚੜ੍ਹਾਅ ਮਨ ਅੰਦਰ ਹਲਚਲ ਮਚਾ ਰਹੇ ਸਨ। ਹੁਣ ਤੱਕ ਦੀ ਹੰਢਾਈ ਲੰਮੀ ਜ਼ਿੰਦਗੀ ਦੇ ਪੈਂਡੇ ਨੂੰ ਪੁੱਠੇ ਪੈਰੀਂ ਤਹਿ ਕਰ ਉਹ ਪਲ ਫਰੋਲਣ ਦਾ ਯਤਨ! ਕੀ ਕਦੇ ਇਹੋ ਜਿਹੇ ਪਲ ਮਹਿਸੂਸੇ ਸੀ?.... ਇਹ ਸ਼ਿਦੱਤ! ਇਹ ਜਨੂੰਨ! ਇਹ ਤੜਪ! ਕਿ ਕਿਸੇ ਨੂੰ ਵੇਖੇ ਬਿਨਾ ਸਾਹ ਨਾ ਆਵੇ। ਪੈਰ ਬਾਗ਼ੀ ਹੋ ਅਣਜਾਣ ਰਾਹਾਂ ਦੇ ਪਾਂਧੀ ਬਣ ਗਏ ਹੋਣ। ਐਸਾ ਕੁੱਝ ਵੀ ਚੇਤੇ 'ਚ ਨੀ ਆਉਂਦਾ। ਕੀ ਇਹਦਾ ਮਤਲਬ ਜਜ਼ਬਾਤਹੀਣ ਹੋਣਾ ਹੁੰਦਾ ਜਾਂ ਫਿਰ ਜ਼ਬਤ ਵਿੱਚ ਰਹਿਣਾ। ਇਹ ਵੀ ਨਹੀਂ ਕਿ ਬਚਪਨ ਤੋਂ ਜੁਆਨੀ 'ਚ ਪੈਰ ਧਰਦੇ ਦਿਲ ਹੋਰੂੰ ਹੋਰੂੰ ਜਿਹਾ ਨਹੀਂ ਹੁੰਦਾ। ਕੁਦਰਤ ਦੀਆਂ ਚੁਸਤੀਆਂ ਬਚਣ ਤਾਂ ਨਹੀਂ ਦੇਂਦੀਆਂ। ਕਈ ਕੁੱਝ ਚੰਗਾ ਲੱਗਦਾ, ਕਈ ਕੁੱਝ ਕਰਨ ਨੂੰ ਚਿੱਤ ਕਰਦਾ। ਉੱਛਲਣ ਨੂੰ ਕੁੱਦਣ ਨੂੰ, ਨੱਚਣ-ਟੱਪਣ ਨੂੰ। ਚੋਰ ਝਾਤੀਆਂ ਮਾਰਨ ਨੂੰ। ਸੁਹਣਾ ਸੁਹਣਾ ਲਗਣ ਨੂੰ। ਕੁਦਰਤ ਇਹ ਖੇਡ ਖਡਾਉਂਦੀ ਏ ਤੇ ਹਰ ਜੀਵ ਖੇਡੀ ਜਾਂਦਾ। ਮਨੁੱਖ, ਪਸ਼ੂ, ਪੰਛੀ ਤੇ ਬਨਸਪਤੀ ਵੀ। ਜਵਾਨੀ ਤਾਂ ਹਰ ਇੱਕ 'ਤੇ ਆਉਣੀ ਹੁੰਦੀ। ਆਉਂਦੀ ਏ। ਤੇ ਫਿਰ ਇਹ ਪੜਾਅ ਨਿਪਟ ਵੀ ਜਾਂਦਾ। ਕਹਿੰਦੇ ਭਈ ਹੁਣ ਜੀਵ ਪ੍ਰੌੜ ਹੋ ਗਿਆ। ਸਿਆਣਾ ਹੋ ਗਿਆ। ਠਹਿਰਾ ਆ ਗਿਆ। ਟੱਬਰਟੋਰ ਵਾਲਾ ਜੁ ਹੋ ਗਿਆ। ਤੇ ਫਿਰ 'ਗਈ ਜੁਆਨੀ ਆਇਆ ਬੁਢੇਪਾ ਬਣ ਗਿਆ ਰੂਪ ਕਰੇਲਾ'। ਜੀਵਨ ਦੀ ਸ਼ਾਮ ਦੇ ਘੁਸਮੁਸੇ ਵਿੱਚ ਅਗਲੇਰਾ ਹਨੇਰਾ ਪੰਧ ਨੇੜੇ ਆਉਂਦਾ ਭਾਸਣ ਲਗਦਾ। ਇਹ ਤਾਂ ਹੈ, ਸਧਾਰਨ ਜਿਹੇ ਬੰਦੇ ਦੀ ਗੱਲ! ਤਾਂ ਫਿਰ ਜਿਹੜੇ ਕਿੱਸੇ-ਕਹਾਣੀਆਂ ਬਣ ਜਾਂਦੇ ਨੇ, ਉਹ ਕੁੱਝ ਵੱਖਰੇ ਹੁੰਦੇ ਹੋਣੇ ਨੇ? ਉਨ੍ਹਾਂ ਅੰਦਰ ਕੋਈ ਵਖਰੀ ਤਰ੍ਹਾਂ ਦਾ ਪੁਰਜ਼ਾ ਫਿੱਟ ਹੁੰਦਾ ਹੋਣਾ, ਜਿਹੜਾ ਉਨ੍ਹਾਂ ਨੂੰ ਟਿਕਣ ਨਹੀਂ ਦੇਂਦਾ। ਜੋ ਜ਼ਿੱਦ ਬਣ ਜ਼ਮਾਨੇ ਨਾਲ ਟਕਰਾਅ ਖੜਾ ਕਰ ਦੇਂਦਾ। ਇਸ਼ਕ-ਮੁਹੱਬਤ ਦੀਆਂ ਗਾਥਾਂ ਬਣੇ ਪਾਤਰ ਇਸੇ ਧਰਤੀ ਦੇ ਹੀ ਤਾਂ ਬਾਸ਼ਿੰਦੇ ਸਨ। ਹੀਰ-ਰਾਂਝਾ, ਸੱਸੀ-ਪੁਨੂੰ, ਸੋਹਣੀ-ਮਾਹੀਵਾਲ, ਲੈਲਾ-ਮਜਨੂੰ, ਰੋਮੀਓ-ਜੂਲੀਅਟ। ਪੰਜਾਬੀ ਸਭਿਆਚਾਰ ਤੇ ਦੂਸਰੇ ਹੋਰਾਂ ਸਭਿਆਚਾਰਾਂ ਦੀਆਂ ਪ੍ਰੇਮ-ਗਾਥਾ ਦੇ ਪਾਤਰ। ਜਾਂ ਫਿਰ ਕਿੱਸਾਕਾਰ, ਕਵੀ ਤੇ ਲੇਖਕ ਸਾਹਿਤਕ ਮਿਰਚ ਮਸਾਲਾ ਲਾ ਕੇ ਉਨ੍ਹਾਂ ਨੂੰ ਅਜਿਹੇ ਰੂਪ ਵਿੱਚ ਪੇਸ਼ ਕਰ ਦੇਂਦੇ ਹੋਣੇ ਨੇ। ਕਈ ਇੰਜ ਵੀ ਸੋਚਦੇ ਹੋਣਗੇ।

ਇਸ਼ਕ-ਮੁਹੱਬਤ ਦੇ ਕਿੱਸੇ ਕਹਾਣੀਆਂ ਦੀ ਗੱਲ ਛੱਡੀਏ। ਗੱਲ ਕਰੀਏ ਮੁੱਹਬਤ ਤੇ ਨ.ਫਰਤ ਦੋ ਆਪਾ ਵਿਰੋਧੀ ਜਜ਼ਬਾਤਾਂ ਦੀ, ਭਾਵਨਾਵਾਂ ਦੀ। ਇੱਕ ਸ਼ਬਦ ਹੈ 'ਪਿਆਰ'। ਬੜਾ ਮਕਬੂਲ ਜਿਹਾ ਜਜ਼ਬਾਤ। ਮਾਂ ਦਾ ਬੱਚਿਆਂ ਨਾਲ ਪਿਆਰ, ਤੀਵੀਂ ਮਰਦ ਦਾ ਪਿਆਰ। ਫੁੱਲਾਂ-ਬੂਟਿਆਂ, ਜੀਵ-ਜੰਤੂਆਂ ਨਾਲ ਪਿਆਰ, ਆਂਢੀਆਂ-ਗੁਵਾਢੀਆਂ ਨਾਲ ਪਿਆਰ।'ਸਾਨੂੰ ਆਪਸ ਵਿੱਚ ਪਿਆਰ ਨਾਲ ਰਹਿਣਾ ਚਾਹੀਦਾ। ਸਭ ਨੂੰ ਪਿਆਰ ਕਰੋ। ਰੱਬ ਸਾਨੂੰ ਸਾਰਿਆਂ ਨੂੰ ਪਿਆਰ ਕਰਦਾ।' ਅਜਿਹੇ ਵਾਕ ਕਈ ਅਦਾਰਿਆਂ ਦੀਆਂ ਕੰਧਾਂ ਤੇ ਲਿਖ ਆਪਸੀ ਪਿਆਰ ਤੇ ਸਹਿਯੋਗ ਦਾ ਸੁਨੇਹਾ ਦਿੱਤਾ ਜਾਂਦਾ। ਇਸੇ ਪਿਆਰ ਲਈ ਜਦੋਂ 'ਮੁਹੱਬਤ' ਸ਼ਬਦ ਵਰਤਿਆ ਜਾਣ ਲਗਦਾ ਤਾਂ ਇਹ ਵਰਜਿਤ ਜਿਹਾ ਹੋ ਜਾਂਦਾ। ਤੇ ਜੇ 'ਇਸ਼ਕ' ਹੋਵੇ ਤਾਂ ਫਿਰ 'ਇਸ਼ਕ ਹਕੀਕੀ' 'ਇਸ਼ਕ ਮਿਜਾਜ਼ੀ' ਤੇ 'ਇਸ਼ਕ ਰੂਹਾਨੀ' ਵਰਗੇ ਵਖਰੇਵੇਂ ਨਾਲ, ਇਸ ਨੂੰ ਜਿਸਮਾਨੀ ਤੇ ਰੂਹਾਨੀ ਪਿਆਰ ਨਾਲ ਜੋੜ ਤ੍ਰਿਸਕਾਰਿਆ ਜਾਂ ਵਡਿਆਇਆ ਜਾਂਦਾ। 'ਨ.ਫਰਤ' ਸ਼ਬਦ ਤਾਂ ਆਪਣੇ ਆਪ ਵਿੱਚ ਹੀ ਨਾਂਹ-ਪੱਖੀ ਜਜ਼ਬਾਤ ਹੈ, ਜੋ ਈਰਖਾ, ਸਾੜਾ, ਜਲਨ ਵਰਗੀਆਂ ਭਾਵਨਾਵਾਂ ਦਾ ਪ੍ਰਗਟਾਅ ਹੈ। ਕਹਿੰਦੇ ਹਨ ਕਿ ਜਿਨੀ ਸ਼ਿੱਦਤ ਨਾਲ ਕੋਈ ਕਿਸੇ ਨੂੰ ਪਿਆਰ ਕਰਦਾ ਉਨੀ ਹੀ ਸ਼ਿੱਦਤ ਨਾਲ ਉਹ ਉਸੇ ਵੇਲੇ ਕਿਸੇ ਦੂਜੇ ਨੂੰ 'ਨ.ਫਰਤ' ਵੀ ਕਰ ਸਕਦਾ ਹੈ। ਇਹਦਾ ਮਤਲਬ ਕਿ ਇਹ ਦੋਵੇਂ ਭਾਵਨਾਵਾਂ ਇੱਕ ਸਿੱਕੇ ਦੇ ਦੋ ਪਹਿਲੂ ਹਨ। ਇਹ ਜਜ਼ਬਾਤਾਂ ਦੇ ਪ੍ਰਗਟਾਅ ਦੀ ਸਿਖ਼ਰ ਹੈ। ਜੋ ਅਜਿਹਾ ਕਰਦਾ ਉਹ ਸਹਿਜ ਨਹੀਂ ਹੋ ਸਕਦਾ। ਸੱਚ ਹੈ ਕਿ ਉਹਦੇ ਅੰਦਰ ਆਮ ਨਾਲੋਂ ਕੁੱਝ ਵੱਖਰਾ ਜ਼ਰੂਰ ਹੈ, ਜੋ ਉਸ ਕੋਲੋਂ ਅਜਿਹਾ ਕਰਵਾਉਂਦਾ ਹੈ। ਨਤੀਜਾ ਜ਼ਿੱਦ! ਅੜੀ! ਵਿਰੋਧ! ਚਾਹੇ ਇਹ ਆਪਸੀ ਪਿਆਰ ਜਾਂ ਫਿਰ ਨ.ਫਰਤ ਕਾਰਨ ਹੋਣ, ਇਹ ਜੀਵਨ ਵਿੱਚ ਖ਼ਲਲ ਪੈਦਾ ਕਰਨ ਦਾ ਬਾਇਸ ਬਣ ਸਕਦੇ ਨੇ।ਜਦੋਂ ਇਹੋ 'ਮੁਹੱਬਤ ਤੇ ਨ.ਫਰਤ' ਦਾ ਜਜ਼ਬਾ ਧਰਮ ਨਾਲ ਜੁੜ ਜਾਵੇ ਤਾਂ ਫਿਰ ਧਾਰਮਿਕ ਕੱਟੜਤਾ ਸਿਰ ਚੜ੍ਹ ਬੋਲਣ ਲਗਦੀ ਹੈ। ਇੱਕ ਧਰਮ ਨਾਲ ਇਸ਼ਕ ਦੀ ਸ਼ਿੱਦਤ ਵਾਲੀ ਮੁਹੱਬਤ ਦੂਜੇ ਧਰਮ ਨਾਲ ਨ.ਫਰਤ ਦੀ ਇੰਤਹਾ ਤੱਕ ਪੁੱਜ ਜਾਣਾ ਆਮ ਜਿਹਾ ਵਰਤਾਰਾ ਬਣ ਜਾਂਦਾ ਹੈ। ਇਤਿਹਾਸ ਇਸ ਦਾ ਸਾਖੀ ਹੈ। ਕੱਟੜ ਧਰਮੀਆਂ ਵਲੋਂ ਆਪਣੇ ਧਰਮ ਨੂੰ ਹਰ ਹੀਲੇ ਸਹੀ ਦਰਸਾਉਣਾ ਤੇ ਦੂਜੇ ਧਰਮ ਨੂੰ ਬੇਦਲੀਲੀ ਨਾਲ ਕੋਸਣਾ। ਡਾਢੇ ਵਲੋਂ ਮਜ਼ਲੂਮ ਨੂੰ ਛੁਟਿਆਉਣਾ, ਕੋਸਣਾ ਤੇ ਕੋਹਣਾ। ਡੰਡੇ ਦੇ ਜ਼ੋਰ ਜ਼ੁਲਮ ਕਰਨਾ ਤੇ ਵਿਰੋਧੀ ਨੂੰ ਕੁਚਲਣਾ। ਦੁਨੀਆਂ ਵਿੱਚ ਹਰ ਧਰਮ ਦੂਜੇ ਧਰਮ ਦੀ ਹਿੱਕ ਤੇ ਪੈਰ ਰੱਖ ਅੱਗੇ ਵਧਿਆ। ਜਿਹਦਾ ਜਦੋਂ ਜ਼ੋਰ ਚਲਿਆ ਉਸ ਦੂਸਰੇ ਧਰਮ ਦੇ ਅਨੁਆਈਆਂ ਦਾ ਕਤਲੇਆਮ ਕੀਤਾ। ਸਿੱਖ ਧਰਮ ਵਿੱਚ ਹੋਈਆਂ ਸ਼ਹਾਦਤਾਂ ਦੀ ਬੇਹਿਸਾਬ ਗਿਣਤੀ ਵਕਤ ਦੀ ਕੱਟੜ ਹਕੂਮਤ ਵਲੋਂ ਕੀਤੇ ਜ਼ਬਰ ਜ਼ੁਲਮ ਦੀ ਕਹਾਣੀ ਬਿਆਨਦੀ ਹੈ। ਖਾਸ ਤੌਰ ਤੇ ਸੱਤ ਤੇ ਨੌ ਸਾਲ ਦੀ ਉਮਰ ਦੇ ਬਾਲਾਂ ਨੂੰ ਜ਼ਿੰਦਾਂ ਨੀਹਾਂ ਵਿੱਚ ਚਿਣ ਦੇਣਾ ਨ.ਫਰਤ ਦੀ ਸ਼ਿੱਦਤ ਦੀ ਇੰਤਹਾ ਹੀ ਤਾਂ ਹੈ।



**ਜੇ ਗੱਲ ਆਮ ਜੀਵਨ-ਪ੍ਰਵਾਹ ਦੀ ਕਰੀਏ ਤਾਂ ਭਾਵਨਾਵਾਂ ਦੀ ਸ਼ਿੱਦਤ ਦੇ ਪ੍ਰਗਟਾਅ ਜਦੋਂ ਜ਼ਿੱਦ,ਅੜੀ ਤੇ ਆਪਾ ਵਿਰੋਧ ਬਣ ਜਾਂਦੇ ਹਨ ਤਾਂ ਪਰਿਵਾਰਾਂ ਦਾ ਟੁੱਟਣਾ ਅਕਸਰ ਇਨ੍ਹਾਂ ਦੁਵੱਲੇ ਜਜ਼ਬਾਤਾਂ ਦੀ ਸ਼ਿੱਦਤ ਦਾ ਨਤੀਜਾ ਹੀ ਹੁੰਦਾ ਹੈ। ਕਦੇ ਮਾਂ ਦਾ ਆਪਣੇ ਪੁੱਤ ਨਾਲ ਹਦੋਂ ਵੱਧ ਲਗਾਅ ਤੇ ਨੂੰਹ ਨਾਲ ਬੇਲੋੜੀ ਨ.ਫਰਤ ਅਤੇ ਕਦੇ ਪਤਨੀ ਦੀ ਆਪਣੇ ਪਤੀ ਨਾਲ ਓੜਕਾਂ ਦੀ ਮੁਹੱਬਤ ਦਾ ਪ੍ਰਦਰਸ਼ਨ, ਰਿਸ਼ਤਿਆਂ ਦਾ ਘਾਣ ਕਰਨ ਦਾ ਸਬੱਬ ਬਣ ਜਾਂਦਾ ਹੈ।**

ਜੇ ਗੱਲ ਆਮ ਜੀਵਨ-ਪ੍ਰਵਾਹ ਦੀ ਕਰੀਏ ਤਾਂ ਭਾਵਨਾਵਾਂ ਦੀ ਸ਼ਿੱਦਤ ਦੇ ਪ੍ਰਗਟਾਅ ਜਦੋਂ ਜ਼ਿੱਦ,ਅੜੀ ਤੇ ਆਪਾ ਵਿਰੋਧ ਬਣ ਜਾਂਦੇ ਹਨ ਤਾਂ ਪਰਿਵਾਰਾਂ ਦਾ ਟੁੱਟਣਾ ਅਕਸਰ ਇਨ੍ਹਾਂ ਦੁਵੱਲੇ ਜਜ਼ਬਾਤਾਂ ਦੀ ਸ਼ਿੱਦਤ ਦਾ ਨਤੀਜਾ ਹੀ ਹੁੰਦਾ ਹੈ। ਕਦੇ ਮਾਂ ਦਾ ਆਪਣੇ ਪੁੱਤ ਨਾਲ ਹਦੋਂ ਵੱਧ ਲਗਾਅ ਤੇ ਨੂੰਹ ਨਾਲ ਬੇਲੋੜੀ ਨ.ਫਰਤ ਅਤੇ ਕਦੇ ਪਤਨੀ ਦੀ ਆਪਣੇ ਪਤੀ ਨਾਲ ਓੜਕਾਂ ਦੀ ਮੁਹੱਬਤ ਦਾ ਪ੍ਰਦਰਸ਼ਨ, ਰਿਸ਼ਤਿਆਂ ਦਾ ਘਾਣ ਕਰਨ ਦਾ ਸਬੱਬ ਬਣ ਜਾਂਦਾ ਹੈ।

ਪਰਿਵਾਰ ਸਾਡੇ ਸਮਾਜ ਦੀ ਇਕਾਈ ਹੈ। ਸਿਹਤਮੰਦ ਪਰਿਵਾਰ ਸੁਹਣੇ ਸਮਾਜ ਦੇ ਸਿਰਜਕ ਬਣਦੇ ਹਨ ਅਤੇ ਟੁੱਟ-ਭੱਜ ਵਾਲੇ ਪਰਿਵਾਰ ਸਮਾਜ ਨੂੰ ਬਿਮਾਰ ਕਰਨ ਦਾ ਸਬੱਬ ਬਣਦੇ ਹਨ। ਆਪਣੇ ਟੱਬਰ ਦੀ ਬਗੀਚੀ ਨੂੰ ਪਿਆਰ ਮੁਹੱਬਤ ਨਾਲ ਸਿੰਜਣ ਵਾਲੇ ਮਹਿਕਾਂ ਖਿੰਡਾਉਂਦੇ ਹਨ। ਨਿੱਤ ਦੀ ਤੂੰ-ਤੂੰ ਮੈਂ-ਮੈਂ ਚੰਗੇ ਭਲੇ ਜੀਆਂ ਨੂੰ ਬੜੀ ਨਾਮੁਰਾਦ ਮਰਜ਼, ਡਿਪ੍ਰੈਸ਼ਨ ਦੇ ਲੜ ਲਾ ਸਕਦੀ ਹੈ। ਪਿਆਰ, ਮੁਹੱਬਤ ਤੇ ਇਸ਼ਕ ਦੀ ਸ਼ਿੱਦਤ ਤੋਂ ਬੋਚ ਬੋਚ ਪੈਰ ਧਰਦੇ ਹੋਏ, ਨ.ਫਰਤ, ਸਾੜੇ ਤੇ ਈਰਖਾ ਵਰਗੀ ਨਾਮੁਰਾਦ ਸੋਚ ਨੂੰ ਮੂਲੋਂ ਨਕਾਰਕੇ ਸੁਹਣੇ ਤੇ ਸਿਹਤਮੰਦ ਪਰਿਵਾਰ, ਸਮਾਜ ਤੇ ਦੇਸ਼ ਦਾ ਨਿਰਮਾਣ ਕਰਨ ਵੱਲ ਵਧਣਾ, ਅੱਜ ਦੀ ਹੀ ਨਹੀਂ ਹਰ ਸਮੇਂ ਦੀ ਲੋੜ ਰਹੀ ਹੈ ਤੇ ਰਹੇਗੀ।

# ਥਾਲ਼ੀ ਦੇ ਬੈਂਗਣ' ਸਿਰਲੇਖ ਵਾਲ਼ਾ ਬੈਂਤ ਬਿਅੰਤ ਪਾਠਕਾਂ ਨੇ ਪਸੰਦ ਕਰਿਆ

**ਤਰਲੋਚਨ ਸਿੰਘ ਦੁਪਾਲ ਪੁਰ**
001-408-905-5517

ਛੱਜੂ ਨਾਂ ਵਾਲ਼ੇ ਭਗਤਾਂ ਦੀ ਬੇਇਜਤੀ ਨੇ ਲਿਖਵਾਇਆ ਸੀ ਮੈਥੋਂ ਇਹ ਬੈਂਤ !

ਪੰਜਾਬੀ ਅਖਬਾਰ ਲਈ ਚਲੰਤ ਮਾਮਲਿਆਂ 'ਤੇ ਕਟਾਖਸ਼ ਕਰਦੇ ਬੈਂਤ ਜਾਂ ਕਬਿੱਤ ਤਾਂ ਮੈਂ ਕਈ ਦਹਾਕਿਆਂ ਤੋਂ ਹੀ ਲਿਖਦਾ ਆ ਰਿਹਾ ਹਾਂ।ਪਰ ਦੋ ਦਿਨ ਪਹਿਲਾਂ 'ਥਾਲ਼ੀ ਦੇ ਬੈਂਗਣ' ਸਿਰਲੇਖ ਵਾਲ਼ਾ ਬੈਂਤ ਬਿਅੰਤ ਪਾਠਕਾਂ ਨੇ ਪਸੰਦ ਕਰਿਆ ਹੈ!

ਮੈਂ ਸੋਚਿਆ ਕਿ ਪਾਠਕਾਂ ਨੂੰ ਇਸ ਬੈਂਤ ਦੇ ਲਿਖਣ ਦਾ ਮੁੱਖ ਕਾਰਨ ਬਣੀ ਛੱਜੂ ਭਗਤ ਦੀ ਬਿਅਦਬੀ ਬਾਰੇ ਵੀ ਦੱਸ ਹੀ ਦਿਆਂ-

ਬੀਬੀ ਜਗੀਰ ਕੌਰ ਦੀ ਅਗਵਾਈ ਹੇਠ ਬੀਬੀ ਪਰਮਜੀਤ ਕੌਰ ਲਾਂਡਰਾਂ ਮੈਂਬਰ ਸ਼੍ਰੋਮਣੀ ਕਮੇਟੀ ਕਈ ਸਾਲ ਸੁਖਬੀਰ ਬਾਦਲ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਭਗੌੜਾ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਚਿੰਬੜਿਆ ਹੋਇਆ 'ਭਰਦਾਨ' ਗਰਦਾਨਦੀ ਰਹੀ। ਪਰ ਕੁੱਝ ਹਫਤੇ ਪਹਿਲਾਂ,ਜਦ ਉਹ ਮੁੜ ਬਾਦਲ ਦਲ ਵਿੱਚ ਜਾ ਵੜੀ ਤਾਂ ਇੱਕ ਵੀਡ਼ੀਓ ਵਿੱਚ ਉਸ ਨੇ ਸੁਖਬੀਰ ਸਿੰਘ ਬਾਦਲ ਹੱਥੋਂ ਪੀਲ਼ਾ ਸਾਫਾ ਅਤੇ ਲੋਈ ਆਪਣੇ ਗਲ਼ ਵਿੱਚ ਪੁਆਉਂਦਿਆਂ ਹੋਇਆਂ ਕਿਹਾ ਕਿ ਮੈਂ ਏਧਰ-ਓਧਰ ਘੁੰਮ ਕੇ ਦੇਖ ਲਿਆ 'ਜੋ ਸੁੱਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ' ਅਨੁਸਾਰ ਮੈਂ 'ਘਰ ਵਾਪਸੀ' ਕਰ ਲਈ !

ਇਸ ਮੌਕੇ ਬੇਥਵ੍ਹੀਆਂ ਜਿਹੀਆਂ ਗੱਲਾਂ ਤਾਂ ਉਸ ਬੀਬੀ ਜੀ ਨੇ ਹੋਰ ਵੀ ਕਈ ਕੀਤੀਆਂ ਪਰ ਉਸਦੇ ਬੋਲਾਂ ਤੋਂ ਛੱਜੂ ਭਗਤ ਦੇ ਨਾਂ ਦੀ ਬੇਇਜਤੀ ਹੋਈ ਮਹਿਸੂਸ ਕਰਦਿਆਂ ਮੈਂ ਇਤਹਾਸ ਦੇ ਕੁੱਝ ਪੱਤਰੇ ਫਰੋਲੇ।ਸੋਚਿਆ ਜਾਵੇ ਤਾਂ ਉਸ ਬੀਬੀ ਨੇ 'ਛੱਜੂ ਦਾ ਚੁਬਾਰਾ' ਜਰੂਰ ਸੁਖਬੀਰ ਸਿੰਘ ਬਾਦਲ ਦੇ 'ਸੁੱਖ ਬਿਲਾਸ' ਨੂੰ ਹੀ ਕਿਹਾ ਹੋਵੇ ਗਾ ਜੋ ਉਸ ਦੇ ਨਿਵਾਸ ਲਾਂਡਰਾਂ ਤੋਂ ਬਹੁਤੀ ਦੂਰ ਨਹੀਂ ਹੈ!




ਕਿੱਥੇ ਤਿੰਨ ਗੁਰੂ ਸਾਹਿਬਾਨ ਦੇ ਸਮਕਾਲੀ ਅਤੇ ਵਰੋਸਾਏ ਹੋਏ ਚਾਰ ਛੱਜੂ ਭਗਤ ਜਨ ਅਤੇ ਕਿੱਥੇ ਬੀਬੀ ਲਾਂਡਰਾਂ ਦੇ ਚਿਤਵੇ ਹੋਏ 'ਸੁੱਖ ਵਾਲ਼ੇ ਚੁਬਾਰਿਆਂ' ਦਾ ਮਾਇਆਧਾਰੀ ਮਾਲਕ !!

ਪਹਿਲਾਂ ਇਤਹਾਸ ਵਿਚਲੇ ਚਾਰ ਛੱਜੂ ਭਗਤਾਂ ਬਾਰੇ ਸੁਣਿਉਂ ਜੀ-

1.ਪਹਿਲਾ ਛੱਜੂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮੌਕੇ ਭਾਟੀਆ ਜਾਤ ਦਾ ਲਾਹੌਰ ਵਿੱਚ ਹੋਇਆ ਹੈ।ਇਸ ਦੀ ਦੁਕਾਨ ਦੇ ਥਾਂਹ ਮਹਾਰਾਜਾ ਰਣਜੀਤ ਸਿੰਘ ਨੇ ਸੁੰਦਰ ਮੰਦਰ ਬਣਾ ਦਿੱਤਾ।ਸੰਮਤ 1696 ਵਿੱਚ ਇਸ ਛੱਜੂ ਭਗਤ ਦੇ ਦਿਹਾਂਤ ਤੋਂ ਬਾਅਦ ਲੋਕ ਇਸਦੇ ਅਸਥਾਨ ਨੂੰ ਛੱਜੂ ਦਾ ਚੁਬਾਰਾ ਆਖਦੇ ਹਨ।

2.ਦੂਸਰਾ ਕੋਹਲੀ ਗੋਤ ਦਾ ਛੱਜੂ ਭਗਤ ਸੁਲਤਾਨ ਪੁਰ ਨਿਵਾਸੀ ਪ੍ਰੇਮੀ ਵੀ ਪੰਜਵੇਂ ਸਤਿਗੁਰੂ ਜੀ ਦਾ ਪ੍ਰਸਿੱਧ ਪਰਉਪਕਾਰੀ ਸਿੱਖ ਹੋਇਆ ਹੈ।

3.ਤੀਸਰਾ ਛੱਜੂ ਭਗਤ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸੈਨਾਨੀ ਹੋਇਆ ਜਿਸਨੇ ਸ੍ਰੀ ਅੰਮ੍ਰਿਤਸਰ ਦੀ ਜੰਗ ਵਿੱਚ ਵੱਡੀ ਬੀਰਤਾ ਦਿਖਾਈ-(ਛੱਜੂ ਗੱਜੂ ਮੁਹਰੂ ਰੰਧਾਵਾ ਤੇ ਸੁਜਾਨਾ ਬੀਰ(ਗੁਪ੍ਰਸੂਰਜ)

4.ਚੌਥਾ ਛੱਜੂ ਪੰਜੋਖਰਾ ਜਿਲ੍ਹਾ ਅੰਬਾਲ਼ਾ ਦਾ ਹੋਇਆ ਹੈ ਜਿਸਨੂੰ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਵਿੱਦਿਯਬਲ ਬਖਸ਼ ਕੇ ਪੰਡਤ ਲਾਲ ਚੰਦ ਦਾ ਹੰਕਾਰ ਦੂਰ ਕੀਤਾ ਸੀ।

ਸੋ ਛੱਜੂ ਭਗਤ ਸਾਹਿਬਾਨ ਬਾਰੇ ਇਹ ਸਾਰਾ ਇਤਹਾਸਿਕ ਵੇਰਵਾ ਵਿਚਾਰਨ ਬਾਅਦ ਮੈਂ ਬੈਂਤ ਵਿੱਚ ਪੱਤਰਕਾਰਾਂ ਨੂੰ ਸੁਝਾਅ ਦਿੱਤਾ ਸੀ ਕਿ ਭਰਾਵੋ ਥਾਲ਼ੀ ਦੇ ਬੈਂਗਣਾ ਵਾਂਗ ਰਿੜ੍ਹਦੇ ਫਿਰਦੇ ਇਨ੍ਹਾਂ ਸਿਆਸੀ ਲੋਕਾਂ ਦੀਆਂ ਟਪੂਸੀਆਂ ਨੂੰ 'ਘਰ ਵਾਪਸੀ' ਨਹੀਂ ਸਗੋਂ 'ਥੁੱਕਿਆ ਹੋਇਆ ਚੱਟਿਆ' ਲਿਖਣਾ ਚਾਹੀਦਾ ਐ !!

ਇਹ ਸੀ ਬਹੁਤਾਤ ਪਾਠਕਾਂ ਵਲੋਂ ਪਸੰਦ ਕੀਤਾ ਗਿਆ ਉਹ ਬੈਂਤ-

**ਥਾਲ਼ੀ ਦੇ ਬੈਂਗਣ !**

**ਕਾਲ਼ੀ ਘਟਾ ਨੂੰ ਦੇਖ ਕੇ 'ਮੋਰ ਬਗਲੇ'**
**ਖੁਸ਼ੀਆਂ ਨਾਲ ਉਡਾਰੀਆਂ ਮਾਰਦੇ ਨੇ।**
**ਲੀਡਰ ਲੋਕ ਇਉਂ ਚੋਣਾ ਨੂੰ ਦੇਖ ਕੇ ਜੀ**
**ਫਾਇਦਾ ਕਿੱਧਰੋਂ ਹੋਊ ਇਹ ਤਾੜਦੇ ਨੇ।**
**ਪਹਿਲਾਂ ਕੋਸਦੇ ਭੰਡਦੇ ਰਹਿਣ ਜਿਸਨੂੰ**
**ਸੋਭਾ ਕਰਦਿਆਂ ਫੇਰ ਸੰਘ ਪਾੜਦੇ ਨੇ।**
**ਆਗੂ ਏਦਾਂ ਦੇ ਹੋਣ ਜਿਸ ਦੇਸ ਅੰਦਰ**
**ਅਕਸਰ ਜਿੱਤਦੇ ਲੋਕ ਪਰ 'ਹਾਰਦੇ' ਨੇ।**
**'ਘਰ ਵਾਪਸੀ' ਲਿਖਣ ਅਖਬਾਰ ਵਾਲ਼ੇ**
**ਪੱਤਰਕਾਰਾਂ ਨੇ ਸ਼ਬਦ ਇਹ ਰੱਟਿਆ ਏ।**
**ਪਾ ਕੇ ਲਾਹਣਤਾਂ 'ਥਾਲ਼ੀ ਦੇ ਬੈਂਗਣਾ' ਨੂੰ**
**ਕਹਿਣਾ ਚਾਹੀਦਾ 'ਥੁੱਕਿਆ ਚੱਟਿਆ' ਏ !**

ਡਾਇਰੀ ਦਾ ਪੰਨਾ



ਨਿੰਦਰ ਘੁਗਿਆਣਵੀ
9417421700

# ਉੱਪਲ ਅੰਕਲ, ਕਦੋਂ ਆਓਗੇ?

ਆਪਣੇ ਜੀਵਨ ਦਾ ਕਾਫੀ ਸਮਾਂ ਬਰਤਾਨੀਆ ਦੀਆਂ ਪ੍ਰਗਤੀਸ਼ੀਲ ਸਫਾਂ ਵਿੱਚ ਸਰਗਰਮ ਰਹਿ ਕੇ ਉਹ ਉਥੇ ਹੀ ਸਮਾਅ ਗਿਆ ਹੈ ਅਵਤਾਰ ਉੱਪਲ। ਸਹਿਜ ਤੇ ਸੰਜਮ ਭਰੀਆਂ ਲਿਖਤਾਂ ਲਿਖੀ ਗਿਆ। ਉਹ ਡੂੰਘੀ ਸੰਗੀਤਕ ਸੋਝੀ ਦਾ ਮਾਲਕ ਸੀ ਤੇ ਹਮੇਸ਼ਾ ਕੋਈ ਪਿਆਰਾ ਜਿਹਾ ਨਗਮਾ ਗੁਣਗੁਣਾਉਂਦਾ ਰਹਿੰਦਾ। ਮਿਲਾਪੜਾ ਸੱਜਣ ਸੀ ਤੇ ਹਸਮੁਖਾ ਬੰਦਾ ਸੀ। ਕਈਆਂ ਨੂੰ ਖੁਸ਼ਕ ਲਗਦਾ ਸੀ ਪਰ ਨੇੜਿਓਂ ਜਾਨਣ ਵਾਲਿਆਂ ਲਈ 'ਨਾਰੀਅਲ ਦੀ ਗਿਰੀ' ਵਰਗਾ ਸੀ। ਉਸਦੇ ਤੁਰ ਜਾਣ ਦੀ ਸੂਚਨਾ ਨੇ ਕਾਲਜੇ ਨੂੰ ਧੂਹਿਆ ਹੈ। ਮੈਂ ਉਸਦੇ ਤੇ ਉਹਦੀ ਪਤਨੀ ਸੱਤਿਆ (ਸਤਵਿੰਦਰ) ਦੇ ਬੜਾ ਨੇੜੇ ਰਿਹਾ,ਉਹ ਮੈਨੂੰ 'ਘੁਗਿਆਣਵੀ' ਦੀ ਥਾਂ ' ਘੁੱਗੀ' ਆਖ ਕੇ ਬੁਲਾਉਂਦੀ ਰਹੀ। ਇਨਾਂ ਦਾ ਛੋਟਾ ਮੁੰਡਾ ਬੌਬ ਮੇਰਾ ਚੰਗਾ ਦੋਸਤ ਬਣ ਗਿਆ ਸੀ। ਉੱਪਲਾਂ ਨਾਲ ਬਿਤਾਇਆ ਸਮਾਂ ਰਮਣੀਕ ਤੇ ਯਾਦਗਾਰੀ ਹੈ। ਉਸ ਸਭ ਕਾਸੇ ਨੂੰ ਚੇਤੇ ਕਰਦਿਆਂ ਅੱਜ ਹਉਕਾ ਜਿਹਾ ਨਿਕਲਦਾ ਹੈ।

ਅਵਤਾਰ ਉੱਪਲ ਨੇ ਜੋ ਵੀ ਲਿਖਿਆ, ਉਹ ਸਭ ਕੁਝ ਸਮੇਂ ਸਮੇਂ ਸਿਰ 'ਨਵਾਂ ਜਮਾਨਾ' ਵਿਚ ਐਤਵਾਰੀ ਅੰਕਾਂ ਵਿਚ ਛਪਦਾ ਰਿਹਾ। ਕਦੇ ਉਹ ਲੇਖ ਲਿਖਦਾ। ਕਦੇ ਕਹਾਣੀ। ਕਦੀ ਵਾਰਤਕ ਦੀ ਟੁਕੜੀ। ਕਦੇ ਡਾਇਰੀ ਦਾ ਪੰਨਾ। ਮੇਰੇ ਸਾਹਮਣੇ ਉਸਦੀ ਖੂਬਸੂਰਤ ਵਾਰਤਕ ਦੀ ਪੁਸਤਕ ਪਈ ਹੈ, 'ਆਪਣੀ ਮੰਜ਼ਿਲ ਆਪਣੇ ਰਾਹ'। ਇਸ ਕਿਤਾਬ ਵਿਚ ਉਸਦੀਆਂ ਤਿੰਨ ਕਹਾਣੀਆਂ ਵੀ ਸ਼ਾਮਿਲ ਹਨ। ' ਸ਼ਿਵਰੰਜਨੀ ਨਾ ਰੁਕੀ' ਜਦ ਛਪੀ ਸੀ, ਤਾਂ ਬੜੀ ਚਰਚਾ ਹੋਈ ਸੀ। ' ਬਿਨ ਅਰਦਾਸੋਂ ਅਰਥੀ' ਕਹਾਣੀ ਨੇ ਵੀ ਪਾਠਕਾਂ ਦਾ ਧਿਆਨ ਮੱਲਿਆ ਸੀ। 'ਝਿੜੀ ਵਾਲਾ ਬੋਹੜ' ਪੜ ਕੇ ਵੱਡੇ ਵੱਡੇ ਲੇਖਕਾਂ ਨੇ ਉਪਲ ਜੀ ਨੂੰ ਖੂਬ ਵਡਿਆਇਆ ਸੀ। ਉਸ ਨੇ ਨਾਵਲ ਵੀ ਲਿਖਿਆ ' ਧੁੰਦ ਤੇ ਪ੍ਰਭਾਤ'। ਉਸਨੂੰ ਸ਼ਬਦਾਂ ਨਾਲ ਖੇਡਣਾ ਤੇ ਖਿਡਾਉਣਾ ਆਉਂਦਾ ਸੀ। ਉਸਦਾ ਵਾਰਤਕ ਲੇਖ 'ਸੁਰ ਤੇ ਜ਼ਿੰਦਗੀ' ਉਸਦੀ ਮਨੁੱਖੀ ਜੀਵਨ ਤੇ ਸੰਗੀਤ ਪ੍ਰਤੀ ਪਰਪੱਕ ਸੂਝ, ਕੋਮਲ ਮਨ ਤੇ ਸੱਚੀ ਨਿਸ਼ਠਾ ਦਾ ਪਰਗਟਾਵਾ ਕਰਦਾ ਹੈ, ਉਹਨੇ ਲਿਖਿਆ ਹੈ, ÷ਸਵੇਰੇ ਸਵੇਰੇ ਪੰਛੀਆਂ ਦੀ ਚਹਿਚਾਹਟ, ਕੂਲਾਂ ਝਰਨਿਆਂ 'ਚ ਵਹਿੰਦੇ ਪਾਣੀਆਂ ਦੀ ਵੱਜ ਰਹੀ ਸਰੋਦ, ਦਿਨ ਦੇ ਚੜਾਅ ਨਾਲ ਦਰਿਆਵਾਂ-ਝੀਲਾਂ 'ਚ ਬੇੜੀਆਂ ਠੇਲਦੇ ਮਲਾਹਾਂ ਦੇ ਚੱਪੂਆਂ ਦੀ ਟਿਪ-ਤਾਲ ਤੇ ਸੂਈਆਂ-ਗਧੂੰਈਆਂ ਤੇ ਚਰਮਖਾਂ ਵੇਚਣ ਵਾਲੀਆਂ ਦੀਆਂ ਮਧੁਰ ਆਵਾਜ਼ਾਂ ਮਨ ਨੂੰ ਹੁਲਾਰਾ ਦੇਂਦੀਆਂ ਹਨ।÷ ਸੰਨ 2003 ਦੇ ਜੁਲਾਈ ਮਹੀਨੇ ਵਿਚ ਲਿਖਿਆ ਉਸਦਾ ਨਿਬੰਧ 'ਦਾਦੀ ਮਾਂ ਤੇ ਦੀਵਾ' ਉਸਦੀ ਉਤਮ ਵਾਰਤਕ ਰਚਨਾ ਹੈ, ਜੋ ਉਸਨੇ ਆਪਣੇ ਬਚਪਨੀ ਦਿਨਾਂ ਬਾਬਤ ਲਿਖੀ ਹੈ। ਦਾਦੀ ਤੇ ਮਾਂ ਨੂੰ ਯਾਦ ਕਰਦਿਆਂ ਉਹ ਭਾਵੁਕ ਹੋ ਜਾਂਦਾ ਹੈ।

ਉਹ ਸਾਹਿਤਕ ਰਚਨਾਵਾਂ ਗਾਉਂਦਾ, ਤਾਂ ਹਰਮੋਨੀਅਮ ਉਤੇ ਉਸਦੀਆਂ ਉਂਗਲਾਂ ਪੈਲਾਂ ਪਾਉਂਦੀਆਂ ਜਾਪਦੀਆਂ। ਮਹਿਫਲਾਂ ਵਿਚ ਰੰਗ ਬੱਝ ਜਾਂਦਾ। ਉਹ ਰਾਗਾਂ ਵਿੱਚ ਹੀ ਗਾਉਂਦਾ ਸੀ। ਬੇ-ਰਾਗਾ ਬਿਲਕੁਲ ਨਹੀਂ ਸੀ। ਉੱਪਲ ਲਿਖਦਾ ਗਾਉਂਦਾ, ਬੋਲਦਾ, ਤੁਰਿਆ ਫਿਰਦਾ ਅਜੀਬ ਜਿਹੀ ਤੜਫਣ ਵਿਚ ਜਾਪਦਾ ਸੀ। ਹੱਸਦਾ ਤਾਂ ਤਵੇ ਉਤੇ ਫੁੱਲੇ ਫੁਲਕੇ ਵਾਂਗ ਫੁੱਲਿਆ ਫੁੱਲਿਆ ਹਾਸਾ ਹਸਦਾ। ਜਦ ਉਦਾਸ ਹੁੰਦਾ ਤਾਂ ਹਟਕੋਰੇ ਨਾ ਭਰਦਾ, ਬਸ---ਚੁੱਪੀ ਧਾਰ ਲੈਂਦਾ ਪਰ ਜਦ ਗੁੱਸੇ ਦਾ ਦੌਰਾ ਪੈਂਦਾ, ਫਿਰ ਉਹ ਦੇਖਿਆ ਨਹੀਂ ਸੀ ਜਾਂਦਾ। ਕੁਝ ਵੀ ਹੈ, ਉਹ ਇਕ ਸੰਵੇਦਨਸ਼ੀਲ ਵਿਅਕਤੀਤਵ ਦਾ ਮਾਲਕ ਸੀ। ਜੇ ਆਪਣੇ ਪਿੰਡ ਬਿਆਸ (ਆਦਮਪੁਰ ਜਿਲਾ ਜਲੰਧਰ) ਰਹੀ ਜਾਂਦਾ, ਵਲੈਤ ਨੂੰ ਵਹੀਰ ਨਾ ਘੱਤਦਾ, ਤਾਂ ਸ਼ਾਇਦ ਗੱਲਾਂ ਹੋਰ ਈ ਹੁੰਦੀਆਂ। ਬੜਾ ਕੁਝ ਹੋਣਾ ਸੀ ਉਹਦੇ ਕੋਲ ਤੇ ਉਹ ਆਪਣੇ ਪਿੰਡ ਦਾ ਸਰਦਾਰ ਅਵਤਾਰ ਸਿੰਘ ਉੱਪਲ ਹੁੰਦਾ, ਆਪਣੀ ਨੇਕ ਸੋਚ ਸਦਕਾ ਸ਼ਾਇਦ 'ਸਰਪੰਚ' ਵੀ ਬਣ ਜਾਂਦਾ, ਕਿਉਂਕ ਸਮਾਜ ਸੇਵਾ ਦਾ ਜਜਬਾ ਉਹਦੇ ਵਿਚੋਂ ਗੁਆਚਿਆ ਨਹੀਂ ਸੀ। ਅਵਤਾਰ ਉੱਪਲ ਇੰਗਲੈਂਡ ਜਾ ਕੇ ਵੀ ਲੋਕ ਪੱਖੀ ਰਿਹਾ। ਲੋਕਾਂ ਲਈ ਖੜਦਾ ਰਿਹਾ। ਲੋਕ ਹਿਤੂ ਜਥੇਬੰਦੀਆਂ ਵਿਚ ਜਾਂਦਾ। ਪੰਜਾਬ ਨੂੰ ਝੂਰਦਾ ਰਿਹਾ ਤੇ ਆਪਣੀਆਂ ਲਿਖਤਾਂ ਵਿਚ ਉਹ ਪਾੜਾ ਪਾਉਣਿਆਂ ਨੂੰ ਘੂਰਦਾ ਰਿਹਾ ਪਰ ਵਲੈਤ ਜਾ ਕੇ ਵੀ ਉਸ ਕੋਲ 'ਕੱਖ' ਨਾ ਬਚਿਆ।

ਹੁਣ ਮੈਂ ਉਹਦੇ ਨਾਲ ਜੁੜੀਆਂ ਯਾਦਾਂ ਸ਼ਬਦਾਂ ਵਿਚ ਜੜ ਲਵਾਂ ? ਤੇ ਪੜ੍ਹੋ।

***

ਇਹ ਸਮਾਂ 1999 ਦਾ ਹੋਵੇਗਾ। ਮੈਂ ਉਦੋਂ ਕੁ ਜਿਹੇ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿਚ ਰਹਿੰਦਾ ਸਾਂ। ਬਾਬਾ ਭਗਤ ਸਿੰਘ ਬਿਲਗਾ, ਕਾਮਰੇਡ ਗੰਧਰਵ ਸੈਨ ਕੋਛੜ, ਕਾ ਗੁਰਮੀਤ, ਬਾਬਾ ਚੂਹੜ ਸਿੰਘ ਬੱਜੋਂ, ਕਾਮਰੇਡ ਢੱਡਾ, ਛੀਨਾ ਜੀ, ਅਮੋਲਕ ਭਾਜੀ, ਬਾਬਾ ਰਮੇਸ਼ਵਰ ਸਿੰਘ ਚਮਿਆਰੀ ਆਦਿ ਦੀ ਸੰਗਤ ਦਾ ਲਾਹਾ ਲੈਂਦਾ ਰਹਿੰਦਾ। ਇਥੇ ਹੀ ਇਨਾਂ ਸਭਨਾਂ ਨੂੰ ਮਿਲਣ ਆਇਆ ਬੈਠਾ ਸੀ ਅਵਤਾਰ ਉੱਪਲ, ਜੋ ਪਹਿਲੀ ਵਾਰ ਦੇਖਿਆ। ਨਾਂ ਜਾਣਿਆ-ਪਛਾਣਿਆ ਸੀ। ਬਾਬਿਆਂ ਨੇ ਮੇਰੀ ਜਾਣ ਪਛਾਣ ਕਰਵਾਈ ਤਾਂ ਉਹਨੇ ਹੱਸ ਕੇ ਆਖਿਆ, ਏਹਨੂੰ ਤਾਂ ਮਿਲਣ ਦੀ ਬੜੀ ਚਾਹਤ ਸੀ ਮੇਰੀ, ਅੱਜ ਖੂਬਸੂਰਤ ਥਾਵੇਂ ਪੂਰੀ ਹੋ ਗਈ ਆ। ਜਾਣ ਲੱਗੇ ਨੇ ਆਪਣਾ ਈਮੇਲ ਲਿਖਵਾ ਦਿੱਤਾ, ਤੇ ਮੇਰਾ ਆਪਣੀ ਡਾਇਰੀ ਉਤੇ ਲਿਖ ਲਿਆ। ਫਿਰ ਭੁਲ ਭੁਲਾਉਣ ਵਾਂਗ ਹੀ ਸਮਝੋ। ਇਕ ਦਿਨ ਈਮੇਲ ਖੋਲ੍ਹੀ, ਦੇਖਿਆ ਤਾਂ ਉਹਨਾਂ ਨਵਾਂ ਜਮਾਨਾ ਵਿਚ ਛਪੇ ਗਿਆਨੀ ਕੇਸਰ ਸਿੰਘ ਬਾਰੇ ਮੇਰੇ ਸ਼ਬਦ ਚਿੱਤਰ ਦੀ ਸਿਫਤ ਕੀਤੀ ਹੋਈ ਸੀ। ਇਹ ਵੀ ਲਿਖਿਆ ਸੀ ਕਿ ਅਗਲੇ ਦਿਨੀਂ ਉਹ ਇੰਗਲੈਂਡ ਤੋਂ ਜਲੰਧਰ ਆ ਰਿਹਾ ਹੈ, ਦੇਸ਼ ਭਗਤ ਯਾਦਗਾਰ ਹਾਲ ਵਿਚ ਮੁਲਾਕਾਤ ਕਰਾਂਗੇ ਤੇ ਉਹ ਆਪਣੇ ਕਾਮਰੇਡ ਦੋਸਤ ਸਿੰਘ ਪਾਸ ਠਹਿਰੇਗਾ। ਉਦੋਂ ਤਕ ਮੈਂ ਜਲੰਧਰ ਛੱਡ ਕੇ ਆਪਣੇ ਪਿੰਡ ਆ ਰਹਿਣ ਲੱਗਿਆ ਸਾਂ। ਮੁਲਾਕਾਤ ਕਾਹਦੀ ਹੋਣੀ ਸੀ ਫਿਰ। ਈਮੇਲ ਕਰਕੇ ਨਾ ਮਿਲ ਸਕਣ ਦੀ ਮੁਆਫੀ ਮੰਗੀ। 2010 ਵਿਚ ਇੰਗਲੈਂਡ ਜਾਣ ਦਾ ਸਬੱਬ ਬਣ ਗਿਆ। ਉਪਲ ਜੀ ਨੂੰ ਫੋਨ ਕੀਤਾ। ਉਹ ਚਹਿਕ ਰਹੇ ਸਨ ਖੁਸ਼ੀ ਨਾਲ। ਆਖਣ ਲੱਗੇ ਕਿ ਅਜ ਸ਼ਾਮ ਨੂੰ ਹਰਜੀਤ ਅਟਵਾਲ ਦੇ ਘਰ ਇਕ ਸਾਹਿਤਕ ਮਹਿਫਲ ਹੈ, ਮੈਂ ਉਥੇ ਜਾਣਾ ਹੈ, ਜੇ ਤੂੰ ਵੀ ਆ ਜਾਵੇਂਗਾ ਤਾਂ ਉਥੋਂ ਮੈਂ ਤੈਨੂੰ ਆਪਣੇ ਨਾਲ ਘਰ ਲੈ ਆਵਾਂਗਾ। ਗੁਰਪਾਲ ਸਿੰਘ ਨਾਲ ਪ੍ਰੋਗਰਾਮ ਤੈਅ ਹੋਇਆ ਕਿ ਉਹ ਅਟਵਾਲ ਦੇ ਘਰ ਲਿਆਉਣਗੇ। ਮਹਿਫਲ ਭਰੀ ਹੋਈ ਸੀ। ਜਿੰਦਰ ਵੀ ਇੰਡੀਆ ਤੋਂ ਆਇਆ ਹੋਇਆ ਸੀ। ਮੈਨੂੰ ਤੂੰਬੀ ਟੁਣਕਾਉਣ ਲਈ ਆਖਿਆ ਗਿਆ। ਰੰਗ ਬੱਝਿਆ, ਇਨਾਮ ਵਜੋਂ ਪੌਂਡ ਵੀ ਜੇਬ ਵਿਚ ਪਾਏ। ਰਾਤ ਪਈ ਤੋਂ ਮੈਂ ਉਨਾਂ ਨਾਲ ਘਰ ਆ ਗਿਆ। ਸੱਤਿਆ ਆਂਟੀ ਮਿਲੇ। ਤੇ ਬਸ, ਦੋ ਮਹੀਨੇ ਦੇ ਲਗਪਗ ਰਹਿਣਾ ਸੀ ਇੰਗਲੈਂਡ, ਇਨਾਂ ਦੋਵਾਂ ਜੀਆਂ ਦਾ ਹੁਕਮ ਸੀ ਕਿ ਇਹ ਘਰ ਤੇਰਾ ਘਰ ਹੈ, ਜਿਥੇ ਮਰਜੀ ਜਾਹ, ਪਰ ਰਾਤੀਂ ਘਰ ਮੁੜਨਾ ਹੈ। ਜਿਸ ਨੇ ਤੈਨੂੰ ਮਿਲਣਾ ਹੋਵੇ, ਉਹ ਨਿਝੱਕ ਹੋ ਕੇ ਇਥੇ ਆਵੇ। ਤੇ ਦੋਸਤ ਮਿੱਤਰ ਪਾਠਕ ਆ ਆ ਮਿਲਣ ਲੱਗੇ। ਜਿਥੇ ਮੇਰਾ ਪ੍ਰੋਗਰਾਮ ਹੁੰਦਾ ਅੰਕਲ ਆਂਟੀ ਨਾਲ ਜਾਂਦੇ। ਦੂਰ ਹੁੰਦਾ, ਤਾਂ ਉੱਪਲ ਅੰਕਲ ਜਾਂਦੇ। ਹੌਲੀ-ਹੌਲੀ ਪਤਾ ਲੱਗਣ ਲੱਗਿਆ ਕਿ ਉੱਪਲ ਅੰਕਲ ਤਾਂ 'ਮਲਟੀਟੇਲੇਂਟਿਡ ਬੰਦਾ' ਹੈ। ਜੇ ਕਿਸੇ ਦੀ ਨਕਲ ਲਾਹੁੰਦਾ, ਤਾਂ ਕਮਾਲਾਂ ਈ ਕਰੀ ਜਾਂਦਾ। ਹੱਸ ਹੱਸ ਢਿੱਡੀਂ ਪੀੜਾਂ ਪਾਈ ਜਾਂਦਾ। ਇਸ 'ਮਹਾਨ ਕਾਰਜ' ਵਿਚ ਮੈਂ ਵੀ ਅੰਕਲ ਦਾ ਸਾਥ ਦੇਣ ਲੱਗ ਪਿਆ। ਦਿਨ ਵਿਚ ਕਈ ਵਾਰ ਅਸੀਂ ਹਰਭਜਨ ਹੁੰਦਲ ਤੇ ਕੈਲਾਸ਼ਪੁਰੀ ਦੀਆਂ ਸਾਗਾਂ ਲਾਹੁੰਦੇ ਤੇ ਖੂਬ ਖੜਮਸਤੀ ਕਰਦੇ। ਉਦੋਂ ਵਿਦਵਾਨ ਅਵਤਾਰ ਉੱਪਲ ਮੈਨੂੰ ਮੇਰਾ ਹਾਣੀ ਦੋਸਤ ਲੱਗਣ ਲਗਦਾ। ਬੜਾ ਮਨ ਲੱਗਿਆ ਮੇਰਾ ਇਨਾਂ ਕੋਲ।

ਉਪਲ ਜੀ ਨੇ ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਤੋਰੀ ਦੀ ਵੇਲ' ਪੜੀ ਹੋਈ ਸੀ ਤੇ ਉਹਦਾ ਦਿਲ ਕਰਦਾ ਸੀ ਭੁੱਲਰ ਨਾਲ ਗੱਲ ਕਰਨ ਨੂੰ। ਜਦ ਮੈਂ ਉਪਲ ਅੰਕਲ ਦਾ ਕੰਪਿਊਟਰ ਵਰਤਦਾ, ਤਾਂ ਉਹ ਲਾਗੇ ਈ ਬੈਠਾ ਹੁੰਦਾ, ਭੁੱਲਰ ਜੀ ਨੂੰ ਈਮੇਲ ਕਰਨ, ਤੇ ਉਨਾਂ ਦੀ ਹਾਸੇ ਬਿਖੇਰਦੀ ਈਮੇਲ ਆਈ ਹੋਣ ਬਾਰੇ ਦਸਦਾ। ਉੱਪਲ ਜੀ ਤੇ ਭੁੱਲਰ ਜੀ ਦੀ ਈਮੇਲ ਸਾਂਝੀ ਹੋਈ। ਥੋੜੇ ਦਿਨਾਂ ਬਾਅਦ ਉਪਲ ਜੀ ਨੇ ਛੋਟਾ ਜਿਹਾ ਪੀਸ ਲਿਖਿਆ, 'ਤੋਰੀ ਦੀ ਵੇਲ ਵਾਲਾ ਭੁੱਲਰ', ਜੋ ਨਵਾਂ ਜਮਾਨਾ ਵਿਚ ਐਤਵਾਰ ਨੂੰ ਪਰਵਾਨੇ ਨੇ ਛਾਪਿਆ। ਉਹਨੀਂ ਦਿਨੀਂ ਜਰਮਨ ਤੋਂ ਕੇਹਰ ਸ਼ਰੀਫ ਇੰਗਲੈਂਡ ਆਇਆ। ਉਪਲ ਅੰਕਲ ਦਾ ਘਰ ਭਰ ਗਿਆ। ਕਾ ਹਰਸੇਵ ਬੈਂਸ, ਰਣਜੀਤ ਧੀਰ, ਦੂਹੜਾ ਜੀ, ਕਾਫੀ ਸਾਰੇ ਸੱਜਣ। ਮਹਿਫਲਾਂ ਜੁੜਨ ਲੱਗੀਆਂ। ਸੱਤਿਆ ਆਂਟੀ ਦਾ ਪੈਰ ਭੁੰਜੇ ਨਾ ਲਗਦਾ। ਖੂਬ ਖਾਤਰਦਾਰੀ ਕਰਦੀ।

ਮੈਂ ਮਹਿਸੂਸ ਕਰਦਾ ਕਿ ਦੋਵੇਂ ਜੀਅ ਲੋਕਾਂ ਪਾਸੋਂ ਖੂਬ ਮੋਹ-ਤਿਹੁ ਲੈਂਦੇ-ਦਿੰਦੇ ਨੇ ਪਰ ਇਨਾਂ ਦੇ ਅੰਦਰ ਕੁਝ ਟੁੱਟ -ਭੱਜ ਵੀ ਹੈ, ਜੋ ਇਹ ਕਿਸੇ ਖਾਸ ਕੋਲ ਹੀ ਜਾਹਰ ਕਰਦੇ ਹੋਣਗੇ। ਮੈਂ ਵਲੈਤ ਵਿਚ ਖੂਬ ਘੁੰਮਦਾ ਫਿਰਦਾ ਰਿਹਾ। ਇਨਾਂ ਦਾ ਬੌਬ ਬੇਟਾ ਵੀ ਨਾਲ ਹੀ ਰਹਿੰਦਾ ਸੀ ਉਦੋਂ। ਉਹ ਵੀ ਮੇਰੇ ਨਾਲ ਜਾਂਦਾ। ਆਪਣੇ ਕੈਮਰੇ ਨਾਲ ਫੋਟੋਆਂ ਖਿੱਚਦਾ ਤੇ ਘਰ ਆਣ ਕੇ ਈਮੇਲ ਕਰਦਾ। ਇਕ ਦਿਨ ਮੈਂ ਲੇਟ ਉੱਠਿਆ। ਅੰਕਲ ਆਂਟੀ ਤਿਆਰ ਹੋਏ ਬੈਠੇ ਸਨ ਜਿਵੇਂ ਕਿਤੇ ਜਾਣਾ ਹੋਵੇ! ਮੇਜ ਉਤੇ ਫੁੱਲਾਂ ਦਾ ਛੋਟਾ ਜਿਹਾ ਗੁਲਦਸਤਾ ਪਿਆ ਸੀ ਤੇ ਇਕ ਲਿਫਾਫਾ ਵੀ। ਪੁੱਛਦਾ ਹਾਂ ਕਿ ਕਿਥੇ ਦੀ ਤਿਆਰੀ ਐ? ਆਂਟੀ ਦੱਸਣ ਲੱਗੀ ਹੈ, " ਘਰ ਹੀ ਆਂ, ਕਿਤੇ ਨੀ ਜਾਣਾ, ਅੱਜ ਵੱਡੇ ਨੇ ਆਉਣਾ ਏਂ ਅੱਜ ਉਹਦਾ ਬਰਥਡੇ ਐ, ਪਿਛਲੀ ਵਾਰ ਉਹਤੋਂ ਆਇਆ ਨਹੀਂ ਸੀ ਗਿਆ, ਅੱਜ ਆਏਗਾ, ਬਸ ਆਉਣ ਈ ਵਾਲਾ ਏ, ਦੋ ਚਾਰ ਮਿੰਟ ਰੁਕੇਗਾ, ਓਹ ਏਨਾ ਕੁ ਚਿਰ ਈ ਰੁਕਦਾ ਹੁੰਦਾ, ਬਸ--- ਉਹਦੀ ਆਪਣੀ ਦੁਨੀਆਂ, ਸਾਡੀ ਆਪਣੀ---ਪਤਾ ਨੀ ਸਾਡਾ ਕੀ ਕਸੂਰ ਸੀ।" ਆਂਟੀ ਰੋ ਪਈ। ਮੈਂ ਹੌਸਲਾ ਦੇਣ ਲੱਗਿਆ। ਅੰਕਲ ਉਠਕੇ ਕਮਰੇ ਵਿੱਚ ਚਲਾ ਗਿਆ। ਮੇਰਾ ਮਨ ਵੀ ਭਰ ਆਇਆ। ਕੋਈ ਬੋਲ ਨਹੀਂ ਸੀ ਰਿਹਾ। ਮੈਂ ਨਹਾਉਣ ਗਿਆ। ਜਦ ਨਹਾ ਕੇ ਆਇਆ, ਮੁੰਡਾ ਗੁਲਦਸਤੇ ਤੇ ਲਿਫਾਫੇ ਦੇ ਨਾਲ ਨਾਲ ਮਾਂ ਪਿਓ ਤੋਂ ਆਸ਼ੀਰਵਾਦ ਲੈ ਕੇ ਉਡ ਚੁੱਕਾ ਸੀ। ਹੁਣ ਉਹਨੇ ਅਗਲੇ ਸਾਲ ਆਉਣਾ ਸੀ।

***

ਮੇਰੇ ਪਿੰਡ ਪਰਤਣ ਦੇ ਦਿਨ ਨੇੜੇ ਆ ਰਹੇ ਸਨ। ਇਕ ਦਿਨ ਸਵੇਰ ਦੀ ਚਾਹ ਵੇਲੇ ਮਾਤਾ ਕਹਿੰਦੀ, ÷ਘੁੱਗੀ ਵੇ, ਉਡਾਰੀ ਮਾਰਨੀ ਹੁਣ ਤੂੰ ਫਿਰ? ਇੰਡੀਆ ਜਾ ਕੇ ਸਾਨੂੰ ਭੁੱਲ ਤਾਂ ਨੀ ਜਾਏਂਗਾ? ਮਨ ਭਰ ਆਈ। ਅੰਕਲ ਕਹਿੰਦਾ, ਆਪਾਂ ਜਲੰਧਰ ਖੁਰਲੇ ਕਿੰਗਰੇ ਟੀਵੀ ਟਾਵਰ ਕੋਲ ਫਲੈਟ ਲੈ ਲਿਆ ਏ ਸੁਸਾਇਟੀ ਵਿਚ, ਅਸੀਂ ਆ ਰਹੇ ਆਂ ਅਗਲੇ ਸਾਲ, ਬਸ ਤੂੰ ਉੱਡਿਆ ਉੱਡਿਆ ਆਈਂ ਸਾਡੇ ਕੋਲ, ਇਕੱਠੇ ਰਹਾਂਗੇ,ਲਿਖਾਂਗੇ ਪੜਾਂਗੇ, ਗਾਵਾਂਗੇ, ਘੁੰਮਾਂ ਫਿਰਾਂਗੇ, ਕੇਰਲਾ ਵੀ ਚੱਲਾਂਗੇ। 2013 ਵਿਚ ਉਹ ਆਏ। ਖੂਬਸੂਰਤ ਸੀ ਫਲੈਟ। ਕੁਝ ਦਿਨ ਅਸੀਂ ਇਕੱਠੇ ਰਹੇ। ਸੱਤਿਆ ਆਂਟੀ ਮੁੜ ਗਏ ਵਾਪਿਸ ਤੇ ਅੰਕਲ ਨੇ ਹਾਲੇ ਹੋਰ ਰਹਿਣਾ ਸੀ। ਸ਼ਾਇਦ ਕੇਸਰ ਨੂੰ ਕੋਈ ਖਰੜਾ ਦਿੱਤਾ ਹੋਇਆ ਸੀ ਕਿਤਾਬ ਦੀ ਛਪਵਾਈ ਵਾਸਤੇ। ਅੰਕਲ ਦਾ ਫੋਨ ਆਇਆ ਕਿ ਮੈਂ ਤੇਰਾ ਪਿੰਡ ਵੇਖਣਾ, ਬੱਸੇ ਬਹਿ ਕੇ ਆ ਰਿਹਾ ਆਂ, ਫਰੀਦਕੋਟੋਂ ਆਣ ਕਾ ਲੈ ਜਾਣਾ। ਮੈਂ ਆਪਣੇ ਦੋਸਤ ਨਾਲ ਕਾਰ ਲੈਕੇ ਬਸ ਅੱਡੇ ਗਿਆ। ਉੱਪਲ ਅੰਕਲ ਬੜਾ ਖੁਸ਼। ਆਖਣ ਲੱਗਿਆ, " ਯਾਰ, ਬੜਾ ਵਧੀਆ ਐ ਮਾਲਵਾ, ਖੁੱਲਾ ਇਲਾਕਾ, ਖੁੱਲੇ ਡੁੱਲੇ ਖੇਤ, ਘਰ ਤੇ ਖੁੱਲਮ ਖੁੱਲੇ ਵਿਹੜੇ, ਕਿਆ ਕੋਠੀਆਂ ਪਾਈਆਂ ਨੇ ਲੋਕਾਂ ਨੇ ਬਈ, ਨਾਲੇ ਆਖੀ ਜਾਂਦੇ ਆ ਕਿ ਜੱਟ ਮਰ ਗਿਆ ਭੁੱਖਾ, ਫਾਹੇ ਲਈ ਜਾਂਦਾ, ਫੇ ਆਹ ਸਾਰਾ ਕੁਝ ਕਿੱਦਾਂ ਬਣ ਗਿਆ ਆ? ਬਈ, ਬੜੇ ਵੱਡੇ ਵੱਡੇ ਟਰੈਕਟਰ ਨੇ ਕਿਆ ਬਾਤ ਐ।" ਗੱਲਾਂ ਕਰਦੇ ਕਰਦੇ ਅਸੀਂ ਸਾਦਿਕ ਮੰਡੀ ਆ ਗਏ। ਦੋਸਤ ਮਿੱਤਰ ਇਕੱਠੇ ਕੀਤੇ। ਉਪਲ ਅੰਕਲ ਨੇ ਵਲੈਤ ਬਾਰੇ ਭਾਸ਼ਣ ਕੀਤਾ। ਕਲੱਬ ਵਲੋਂ ਹਾਰ ਤੇ ਲੋਈਆਂ-ਸਿਰੋਪੇ ਪਾ ਕੇ ਅੰਕਲ ਨੂੰ ਸਨਮਾਨਿਆ ਗਿਆ। ਆਥਣੇ ਘਰ ਆਏ। ਛੋਟੇ ਭਰਾ ਸ਼ਿੰਦਰ ਨੇ ਚੁੱਲੇ ਉਤੇ ਮੁਰਗਾ ਧਰਿਆ। ਮਸਾਲੇ ਦੀ ਮਹਿਕ ਪਸਰੀ ਤਾਂ ਵਿਹੜੇ ਵਿੱਚ ਖਲੋਤਾ ਉਪਲ ਅੰਕਲ ਬਾਗੋਬਾਗ ਹੋਵੇ ਪਿਆ, " ਬਈ, ਆਹ ਲੱਜਤ ਵਲੈਤੇ ਥੋੜੇ ਲਭਦੀ ਆ, ਵਾਹ---ਓ ਕਾਕਾ, ਲੂਣ, ਮਿਰਚ, ਮਸਾਲਾ ਬਹੁਤਾ ਖੁੱਲ੍ਹਾ ਨਾ ਪਾਉਣਾ ਯਾਰ, ਵਲੈਤੀਆਂ ਦੇ ਢਿੱਡ ਨੀਂ ਪਚਾਉਂਦੇ ਹੁਣ, ਇਹ ਚੀਜਾਂ--- ਬਸ ਹਲਕਾ ਜਿਹਾ ਰੱਖੀਂ।" ਸਵੇਰੇ ਅੰਕਲ ਵੇਲੇ ਨਾਲ ਹੀ ਤਿਆਰ ਹੋ ਗਿਆ। ਅਸੀਂ ਫਰੀਦਕੋਟ ਤੋਂ ਬੱਸ ਚੜਾ ਆਏ। ਇੰਗਲੈਂਡ ਜਾ ਕੇ ਉਹਨੇ ਈਮੇਲ ਕੀਤੀ, ਜੋ ਇਓਂ ਸੀ, ਪਿਆਰੇ ਨਿੰਦਰ, ਯੂ ਕੇ ਦੀ ਸਰਦੀ ਬਹੁਤ ਉਦਾਸ ਕਰਨ ਵਾਲੀ ਅਤੇ ਨਿਰਾਸ਼ਾਜਨਕ ਹੁੰਦੀ ਹੈ, ਪਰ ਜ਼ਿੰਦਗੀ ਫਿਰ ਵੀ ਚੱਲਦੀ ਰਹਿੰਦੀ ਹੈ। ਅਸੀਂ ਸਾਰੇ ਇੱਥੇ ਠੀਕ ਹਾਂ। ਤੁਹਾਡੇ ਪਰਿਵਾਰ ਵੱਲੋਂ ਸਾਦਿਕ ਵਿੱਚ ਮੇਰਾ ਕੀਤਾ ਗਿਆ ਸ਼ਾਨਦਾਰ ਸਵਾਗਤ ਅਤੇ ਸਤਿਕਾਰ ਮੇਰੀ ਯਾਦਾਂ ਵਿੱਚ ਹਮੇਸ਼ਾਂ ਲਈ ਰਹੇਗਾ। ਘੁਗਿਆਣਾ ਅਤੇ ਸਾਰੇ ਸਾਦਿਕ ਇਲਾਕੇ ਦੇ ਲੋਕ ਬਹੁਤ ਮਿਲਣਸਾਰ ਅਤੇ ਮਦਦਗਾਰ ਹਨ। ਅੱਜਕੱਲ੍ਹ ਤੂੰ ਕੀ ਲਿਖਣ ਦੀ ਯੋਜਨਾ ਬਣਾ ਰਿਹਾ ਏਂ? ਤੇਰੀ ਆਂਟੀ 17 ਮਾਰਚ ਨੂੰ ਕੈਨੇਡਾ ਜਾ ਰਹੀ ਹੈ ਅਤੇ 3 ਅਪ੍ਰੈਲ ਨੂੰ ਵਾਪਸ ਆਵੇਗੀ। ਆਪਣੇ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਨੂੰ ਮੇਰੀਆਂ ਸ਼ੁਭਕਾਮਨਾਵਾਂ ਦੇਣਾ। ਅਰੋੜਾ ਸਾਹਿਬ ਕਿਵੇਂ ਹਨ? ਕਿਰਪਾ ਕਰਕੇ ਉਹਨਾਂ ਨੂੰ ਵੀ ਮੇਰੀਆਂ ਸ਼ੁਭਕਾਮਨਾਵਾਂ ਦੇਣਾ। ਤੇਰਾ ਅੰਕਲ-ਅਵਤਾਰ।÷

***

ਪਤਾ ਨਹੀਂ, ਮਨ ਉਤੇਜਿਤ ਜਿਹਾ ਸੀ ਕੁਝ ਦਿਨਾਂ ਤੋਂ । ਆਂਟੀ ਨੂੰ ਫੋਨ ਕਰਨ ਨੂੰ ਹੌਲ ਜਿਹਾ ਪਿਆ, ਫੋਨ ਮਿਲਾਇਆ। ਉੱਪਲ ਜੀ ਨੇ ਚੁੱਕਿਆ, "ਹੈਲੋ ਨਿੰਦਰ, ਕਿੱਦਾਂ ਆਂ? ਮੈਂ ਆਖਿਆ, " ਸਾਰੇ ਵਧੀਆ ਐ ਸਭ ਅੰਕਲ, ਮਾਤਾ ਨਾਲ ਗੱਲ ਕਰਵਾਓ ਜਰਾ, ਬੜੇ ਦਿਨ ਹੋਗੇ ਐ।"

"ਨਿੰਦਰ, ਮਾਤਾ ਨਹੀਂ ਹੈਗੀ ਤੇਰੀ, ਬਸ---ਉਹ ਚਲੀ ਗਈ ਆ ਛੱਡ ਕੇ, ਪਰਸੋਂ ਨੂੰ ਫਿਊਨਲ ਆ ਬੇਟੇ, ਤੈਨੂੰ ਯਾਦ ਕਰਦੀ ਕਰਦੀ ਗਈ ਆ।" ਭੁੱਬਾਂ ਮਾਰਦੇ ਉੱਪਲ ਜੀ ਨੂੰ ਮੈਥੋਂ ਜਰ ਨਾ ਹੋਇਆ। ਫੋਨ ਕੱਟ ਦਿੱਤਾ ਤੇ ਕਮਰੇ ਦੀ ਕੁੰਡੀ ਲਾ ਕੇ ਰੋ ਲਿਆ। ਅੰਕਲ ਅਸਥੀਆਂ ਲਿਆਇਆ ਇੰਡੀਆ। ਜਲੰਧਰ ਵਾਲੇ ਫਲੈਟ ਵਿਚ ਜਾ ਮਿਲਿਆ। ਨਾਲ ਕੋਈ ਰਿਸ਼ਤੇਦਾਰ ਵੀ ਆਇਆ ਹੋਇਆ ਸੀ। ਅੰਕਲ ਟੁੱਟ ਚੁੱਕਾ ਸੀ। ਰੋਣੋਂ ਨਾ ਹਟਦਾ। ਸੁਣਦਾ ਪਹਿਲੋਂ ਹੀ ਉੱਚਾ ਸੀ ਤੇ ਸਦਮੇ ਕਾਰਣ ਕੰਨ ਹੋਰ ਵੀ ਬਹਿ ਗਏ। ਜੇ ਫੋਨ ਕਰਨਾ, ਤਾਂ ਸੁਣਨਾ ਨਾ। ਉੱਚੀ ਬੋਲਣਾ ਪੈਂਦਾ। ਫਿਰ ਫੋਨ ਵੀ ਬੰਦ ਹੋ ਗਿਆ। ਰਾਹ-ਰਾਬਤਾ ਟੁੱਟ ਗਿਆ। ਕਦੇ ਕਦੇ ਆਂਟੀ ਸੱਤਿਆ ਦੀ ਯਾਦ ਆਉਂਦੀ, ਕਦੇ ਅੰਕਲ ਦੀ, ਤਾਂ ਗੁਰਪਾਲ ਸਿੰਘ ਨੂੰ ਫੋਨ ਕਰਨਾ। ਉਸਨੇ ਦੱਸਣਾ ਕਿ ਅਵਤਾਰ ਢਿੱਲਾ ਮੱਠਾ ਈ ਐ, ਘਰ ਹੀ ਹੈ, ਬਹੁਤੇ ਲੋਕਾਂ ਨਾਲ ਟੱਚ ਵਿਚ ਨਹੀਂ ਹੈਗਾ। ਫਿਰ ਇਕ ਦੋਸਤ ਨੇ ਦੱਸਿਆ ਕਿ ਉੱਪਲ ਜੀ ਦੀ ਨੂੰਹ ਰਹੀ ਰੂਪ ਕੌਰ ਇਕ ਧੀ ਬਣ ਕੇ ਉਸਨੂੰ ਸਾਂਭ ਰਹੀ ਹੈ, ਉਸ ਕੁੜੀ ਨੇ ਤਾਂ ਅੰਤਲੇ ਵੇਲੇ ਤੀਕ ਉਸਦੀ ਬਹੁਤ ਦੇਖਭਾਲ ਕੀਤੀ ਤੇ ਆਪਣੇ ਨਿੱਕੇ ਨਿਆਣਿਆਂ ਦਾ ਸਮਾਂ ਵੀ ਉਹਨਾਂ ਦੇ ਦਾਦੇ ਦੀ ਸੇਵਾ ਲੇਖੇ ਲਾਈ ਗਈ, ਉਸ ਕੁੜੀ ਨੇ ਏਨਾ ਕਰੜਾ ਸੰਘਰਸ਼ ਕੀਤਾ ਪਰ ਫਿਰ ਵੀ ਡਿੱਗੀ ਡੋਲੀ ਨਹੀਂ। ਉੱਪਲ ਜੀ ਦੇ ਪੁਰਾਣੇ ਦੋਸਤ ਕਾਮਰੇਡ ਹਰਸੇਵ ਬੈਂਸ ਤੇ ਪ੍ਰੀਤ ਵੀ ਹਰ ਵੇਲੇ ਸਹਿਯੋਗ ਕਰਦੇ ਰਹੇ। ਪਿਛਲੇ ਲਗਭਗ ਪੰਜ ਸਾਲਾਂ ਤੋਂ ਮੇਰਾ ਸੰਪਰਕ ਇੱਕ ਤਰਾਂ ਟੁੱਟ ਹੀ ਗਿਆ ਹੋਇਆ ਸੀ। ਸਾਊਥਾਲ ਦੇ ਈਲਿੰਗ ਹਸਪਤਾਲ ਵਿੱਚ ਪਿਆ ਅਵਤਾਰ ਉੱਪਲ ਜਾਂਦਾ ਜਾਂਦਾ ਸ਼ਾਇਦ ਬੇਟੀ ਰੂਪ ਕੌਰ ਨੂੰ ਕਹਿ ਰਿਹਾ ਹੋਵੇ ਕਿ ਮੇਰੇ ਤੁਰ ਜਾਣ ਦੀ ਈਮੇਲ ਨਿੰਦਰ ਬੇਟੇ ਨੂੰ ਜ਼ਰੂਰ ਕਰ ਦੇਵੀਂ। ਫੇਸਬੁੱਕ ਉਤੇ ਰੂਪ ਨੇ ਸੂਚਨਾ ਪਾਈ ਕਿ ਸਾਥੀ ਅਵਤਾਰ ਉੱਪਲ 19 ਮਈ ਨੂੰ ਚੱਲ ਵੱਸੇ ਹਨ। ਰੂਪ ਵਾਸਤੇ ਮੇਰੇ ਮੂੰਹੋਂ ਇਹ ਸ਼ਬਦ ਆਪ ਮੁਹਾਰੇ ਨਿੱਕਲ ਗਏ, "ਸ਼ੇਰ ਬੱਚੀਏ, ਨੂੰਹ ਬਣ ਕੇ ਆਈ ਸੈਂ, ਤੂੰ ਇਕ ਸਿਆਣੀ ਧੀ ਬਣ ਕੇ ਵਿਖਾਇਆ ਹੈ, ਤੇਰੇ ਜਿਹੀ ਧੀ ਉਤੇ ਮਾਣ ਹੈ, ਜੁਗ ਜੁਗ ਜੀਵੇਂ।"

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC TIMELESS WINDOW COVERINGS

# ਜਾਂਚ 'ਚ ਵੀਡੀਓ ਅਸਲ ਸਾਬਤ ਹੋਣ 'ਤੇ ਮੁੱਖ ਮੰਤਰੀ ਤੁਰੰਤ ਅਸਤੀਫ਼ਾ ਦੇਣ : ਐਡਵੋਕੇਟ ਧਾਮੀ



ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਿਵਾਦਿਤ ਵੀਡੀਓ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜੀਆਂ ਸ਼ਿਕਾਇਤਾਂ ਦੀ ਗੰਭੀਰਤਾ ਨੂੰ ਦੇਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਦੇਸ਼ ਦੀ ਇੱਕ ਨਾਮੀ ਫੋਰੈਂਸਿਕ ਲੈਬ ਤੋਂ ਕਰਵਾਈ ਗਈ ਜਾਂਚ ਵਿੱਚ ਵੀਡੀਓ ਨੂੰ ਅਸਲ ਅਤੇ ਪ੍ਰਮਾਣਿਕ ਕਰਾਰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਮੁੱਖ ਮੰਤਰੀ ਨੂੰ ਨੈਤਿਕਤਾ ਦੇ ਆਧਾਰ 'ਤੇ ਤੁਰੰਤ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਆਦੇਸ਼ 'ਤੇ ਪ੍ਰਤੀਕਿਰਿਆ ਦਿੰਦਿਆਂ ਕੀਤਾ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਦਾ ਅਹੁਦਾ ਬਹੁਤ ਜ਼ਿੰਮੇਵਾਰੀ, ਮਰਯਾਦਾ ਅਤੇ ਭਰੋਸੇ ਨਾਲ ਜੁੜਿਆ ਹੋਇਆ ਹੈ। ਜਦੋਂ ਜਾਂਚ ਦੌਰਾਨ ਵੀਡੀਓ ਅਸਲ ਸਾਬਤ ਹੋ ਚੁੱਕੀ ਹੈ ਤਾਂ ਜਨਤਕ ਜੀਵਨ ਵਿੱਚ ਨੈਤਿਕ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਮੁੱਖ ਮੰਤਰੀ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦਾ ਸਤਿਕਾਰ ਕਰਨਾ ਹਰ ਸਿੱਖ ਅਤੇ ਜਨਤਕ ਜੀਵਨ ਨਾਲ ਜੁੜੇ ਵਿਅਕਤੀ ਦਾ ਫਰਜ਼ ਹੈ। ਇਸ ਮਾਮਲੇ ਨੂੰ ਰਾਜਨੀਤਿਕ ਰੰਗਤ ਦੇਣ ਦੀ ਬਜਾਏ ਸੱਚਾਈ, ਜਵਾਬਦੇਹੀ ਅਤੇ ਨੈਤਿਕਤਾ ਦੇ ਅਸੂਲਾਂ ਦੇ ਆਧਾਰ 'ਤੇ ਵੇਖਿਆ ਜਾਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਲੋਕਤੰਤਰ ਵਿੱਚ ਜਨਤਕ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਤੋਂ ਉੱਚ ਨੈਤਿਕ ਮਾਪਦੰਡਾਂ ਦੀ ਉਮੀਦ ਕੀਤੀ ਜਾਂਦੀ ਹੈ ਅਤੇ ਅਜਿਹੇ ਮਾਮਲਿਆਂ ਵਿੱਚ ਜਵਾਬਦੇਹੀ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ।ਐਡਵੋਕੇਟ ਧਾਮੀ ਨੇ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਤੇ ਪੰਥਕ ਮਰਯਾਦਾ ਅਨੁਸਾਰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੀ ਰਹੇਗੀ ਅਤੇ ਹਰ ਆਦੇਸ਼ 'ਤੇ ਡੱਟ ਕੇ ਪਹਿਰਾ ਦੇਵੇਗੀ।









# ਸੰਸਾਰ ਅਮਨ ਦੀ ਮੁੱਦਈ, ਪੰਜਾਬ ਦੀ ਕੋਇਲ 'ਬੀਬੀ ਸੁਰਿੰਦਰ ਕੌਰ'



**ਬਲਵਿੰਦਰ ਸਿੰਘ ਭੁੱਲਰ**

ਮਾਂ ਬੋਲੀ ਦੀ ਸੇਵਾ ਕਰਦਿਆਂ ਸੈਂਕੜੇ ਮਰਦ ਔਰਤ ਗਾਇਕਾਂ ਤੇ ਗਾਇਕਾਵਾਂ ਨੇ ਸਟੇਜਾਂ ਤੇ ਪ੍ਰੋਗਰਾਮ ਪੇਸ਼ ਕੀਤੇ ਹਨ ਅਤੇ ਗੀਤ ਰਿਕਾਰਡ ਕਰਵਾਏ ਹਨ। ਇਸ ਕਾਰਜ ਪਿੱਛੇ ਵੱਖ ਵੱਖ ਕਾਰਨ ਸਨ, ਕਿਸੇ ਨੇ ਪ੍ਰਸਿੱਧੀ ਲਈ ਗਾਇਆ ਤੇ ਕਿਸੇ ਨੇ ਪੈਸੇ ਲਈ। ਕਿਸੇ ਨੇ ਸ਼ੌਕ ਲਈ ਤੇ ਕਿਸੇ ਨੇ ਮਜਬੂਰੀ ਵੱਸ ਗਾਇਆ। ਪਰ ਬੀਬੀ ਸੁਰਿੰਦਰ ਕੌਰ ਇੱਕ ਅਜਿਹੀ ਔਰਤ ਗਾਇਕਾ ਸੀ, ਜਿਸਨੇ ਗਾਉਣਾ ਸੁਰੂ ਤਾਂ ਭਾਵੇਂ ਬਚਪਨ ਤੋਂ ਸ਼ੌਕ ਵਜੋਂ ਕੀਤਾ ਪਰ ਸਾਲਾਂ ਬੱਧੀ ਸਮਾਂ, ਬਿਨਾਂ ਕਿਸੇ ਲਾਲਚ ਦੇ, ਦੁਨੀਆਂ ਭਰ ਲਈ ਅਮਨ ਦਾ ਸੰਦੇਸ਼ ਦੇਣ ਲਈ ਸਟੇਜੀ ਪ੍ਰੋਗਰਾਮਾਂ ਤੇ ਲਾਇਆ। ਪਿਛਲੀ ਸਦੀ ਦੇ ਪੰਜਾਹਵਿਆਂ ਦਾ ਇਹ ਉਹ ਸਮਾਂ ਸੀ ਜਦੋਂ ਦੂਜੀ ਸੰਸਾਰ ਜੰਗ ਤੋਂ ਬਾਅਦ ਤੀਜੀ ਜੰਗ ਦਾ ਖਤਰਾ ਪੈਦਾ ਹੋ ਰਿਹਾ ਸੀ। ਇਸ ਖਤਰੇ ਤੋਂ ਲੋਕਾਂ ਨੂੰ ਸੁਚੇਤ ਕਰਨ ਲਈ ਇੱਕ ਅਮਨ ਲਹਿਰ ਉੱਠੀ, ਜਿਸਦੀ ਰਾਜਨੀਤਕ ਤੌਰ ਤੇ ਅਗਵਾਈ ਕਮਿਊਨਿਸਟ ਪਾਰਟੀ ਕਰ ਰਹੀ ਸੀ। ਇਸ ਲਹਿਰ ਨੂੰ ਪ੍ਰਚੰਡ ਕਰਨ ਲਈ ਪ੍ਰੋ: ਮੋਹਨ ਸਿੰਘ, ਸੰਤੋਖ ਸਿੰਘ ਧੀਰ, ਤੇਰਾ ਸਿੰਘ ਚੰਨ ਵਰਗੇ ਉੱਚਕੋਟੀ ਦੇ ਰਚਨਾਕਾਰ ਗੀਤ ਲਿਖ ਰਹੇ ਸਨ ਅਤੇ ਅਮਰਜੀਤ ਗੁਰਦਾਸਪੁਰੀ ਤੇ ਜੁਗਿੰਦਰ ਬਾਹਰਲਾ ਵਰਗੇ ਕਲਾਕਾਰ ਲੋਕਾਂ ਸਾਹਮਣੇ ਪੇਸ਼ ਕਰ ਰਹੇ ਸਨ। ਜੇਕਰ ਔਰਤਾਂ ਦੀ ਭੂਮਿਕਾ ਤੇ ਨਿਗਾਹ ਮਾਰੀਏ ਤਾਂ ਸਭ ਤੋਂ ਮੂਹਰੇ ਨਾਂ ਆਉਂਦਾ ਹੈ ਬੀਬੀ ਸੁਰਿੰਦਰ ਕੌਰ ਦਾ। ਉਸਨੇ ਅਮਨ ਲਹਿਰ ਅਤੇ ਇਪਟਾ ਦੇ ਮੰਚ ਤੋਂ, ਬਗੈਰ ਕਿਸੇ ਲਾਲਚ ਦੇ, ਗਾਇਕੀ ਰਾਹੀਂ ਲੋਕਾਂ ਨੂੰ ਜਾਗਰੂਕ ਕਰਦਿਆਂ ਅਮਨ ਦੇ ਰਾਹ ਤੋਰਨ ਲਈ ਵੱਡੀ ਭੂਮਿਕਾ ਨਿਭਾਈ। ਅਸਲੋਂ ਉਹ ਦੁਨੀਆਂ ਭਰ ਦੇ ਅਮਨ ਦੀ ਮੁੱਦਈ ਸੀ। ਇਸ ਤਰ੍ਹਾਂ ਲੋਕ ਗੀਤਾਂ ਦੇ ਨਾਲ ਨਾਲ ਉਸਦੀ ਸਮਾਜਕ ਤੇ ਰਾਜਨੀਤਕ ਭੂਮਿਕਾ ਵੀ ਮਹੱਤਵਪੂਰਨ ਹੈ, ਜਿਸਦੀ ਦਾਦ ਦੇਣੀ ਬਣਦੀ ਹੈ।

ਗ੍ਰਾਮੋਫੋਨ ਵਾਲੀ ਸਟੇਜੀ ਗਾਇਕੀ ਦੀ ਸਹਿਜਾਦੀ, ਨਰਮ ਸੁਭਾਅ, ਸਾਦੇ ਪਹਿਰਾਵੇ, ਹਸਮੁਖ ਚਿਹਰੇ ਦੀ ਮਾਲਕਣ, ਅਮਨ ਦੀ ਮੁੱਦਈ, ਪੰਜਾਬ ਦੀ ਕੋਇਲ ਬੀਬੀ ਸੁਰਿੰਦਰ ਕੌਰ, ਗਾਇਕੀ ਦਾ ਵਗਦਾ ਦਰਿਆ ਸੀ। ਉਸਨੇ ਭਾਵੇਂ ਕਿੰਨੇ ਵੀ ਤਵੇ ਰਿਕਾਰਡ ਕਰਵਾਏ, ਪਰ ਉਸਨੂੰ ਗਾਇਕੀ ਦੇ ਨਸ਼ੇ ਦੇ ਲੋਰ, ਦਿਲੋਂ ਹੁੰਗਾਰਾ ਭਰ ਰਹੇ ਸਰੋਤਿਆਂ ਦੇ ਰੁਬਰੂ, ਸਟੇਜ ਤੇ ਗਾਉਣ ਸਮੇਂ ਹੀ ਆਉਂਦੀ ਸੀ। ਗੀਤ ਪੇਸ਼ ਕਰਦੀ ਏਨੀ ਖੁੱਭ ਜਾਂਦੀ ਕਿ ਉਸਦੇ ਪੈਰ ਥਰਕਣ ਲਗਦੇ, ਅੱਖਾਂ ਬੰਦ ਹੋਣ ਲਗਦੀਆਂ, ਗਲੇ ਚੋਂ ਤਰੰਗਾਂ ਨਿਕਲਣ ਲੱਗ ਜਾਂਦੀਆਂ ਅਤੇ ਉਹ ਖੁਦ ਗੀਤ ਬਣ ਕੇ ਸਰਸਵਤੀ ਦਾ ਰੂਪ ਧਾਰ ਲੈਂਦੀ। ਉਸਦੀ ਹੇਕ ਅਤੇ ਹੂਕ ਨੇ ਪੂਰੀ ਤਰ੍ਹਾਂ ਪੰਜਾਬੀ ਸੱਭਿਆਚਾਰ ਦੀ ਤਰਜਮਾਨੀ ਕੀਤੀ।

ਸੁਰਿੰਦਰ ਕੌਰ ਦਾ ਜਨਮ 25 ਨਵੰਬਰ 1929 ਨੂੰ ਸਾਂਝੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਖੇ ਪਿਤਾ ਸ੍ਰੀ ਬਿਸਨ ਦਾਸ ਦੇ ਘਰ ਮਾਤਾ ਮਾਇਆ ਦੀ ਕੁੱਖੋਂ ਹੋਇਆ। ਉਹ ਪੰਜ ਭੈਣਾਂ ਅਤੇ ਪੰਜ ਭਰਾ ਸਨ। 12 ਸਾਲ ਦੀ ਉਮਰ ਵਿੱਚ ਹੀ ਉਸਨੇ ਪੜ੍ਹਾਈ ਕਰਦਿਆਂ ਆਪਣੀ ਵੱਡੀ ਭੈਣ ਪ੍ਰਕਾਸ ਕੌਰ ਦੇ ਨਾਲ ਹੀ ਮਾਸਟਰ ਇਨਾਇਤ ਹੁਸੈਨ ਅਤੇ ਪੰ: ਮਾਨੀ ਪ੍ਰਸਾਦਿ ਤੋਂ



ਕਲਾਸਕੀ ਗਾਇਕੀ ਦੇ ਗੁਰ ਹਾਸਲ ਕੀਤੇ। ਅਗਸਤ 1943 ਵਿੱਚ ਉਸਨੇ ਰੇਡੀਓ ਲਾਹੌਰ ਤੋਂ ਪਹਿਲਾ ਗੀਤ ਪੇਸ਼ ਕੀਤਾ, ਜਿਸਨੂੰ ਚੰਗਾ ਹੁੰਗਾਰਾ ਮਿਲਿਆ। ਇਸੇ ਮਹੀਨੇ ਹੀ ਉਸਨੇ ਆਪਣੀ ਵੱਡੀ ਭੈਣ ਪ੍ਰਕਾਸ਼ ਕੌਰ ਨਾਲ ਆਪਣਾ ਇਹ ਗੀਤ ਅੰਮ੍ਰਿਤਸਰ ਵਿਖੇ ਇੱਕ ਅਕਾਲੀ ਕਾਨਫਰੰਸ ਵਿੱਚ ਗਾਇਆ ਸੀ, ਜਿਸਦੇ ਬੋਲ ਸਨ, 'ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ'। ਇਸ ਗੀਤ ਨੂੰ ਮਿਲੇ ਹੁੰਗਾਰੇ ਤੋਂ ਉਸ ਨੂੰ ਅਜਿਹਾ ਹੌਂਸਲਾ ਮਿਲਿਆ ਕਿ ਉਸਨੇ ਆਪਣਾ ਜੀਵਨ ਹੀ ਪੰਜਾਬੀ ਸੱਭਿਆਚਾਰ ਤੇ ਗਾਇਕੀ ਨੂੰ ਸਮਰਪਿਤ ਕਰਨ ਦਾ ਮਨ ਬਣਾ ਲਿਆ।ਗਾਇਕੀ ਵਿੱਚ ਉਹ ਅਜੇ ਪੈਰ ਜਮਾ ਹੀ ਰਹੀ ਸੀ ਕਿ ਸਾਲ 1947 ਆਇਆ ਅਤੇ ਦੇਸ਼ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਹਜ਼ਾਰਾਂ ਹੋਰ ਪਰਿਵਾਰਾਂ ਵਾਂਗ ਸੁਰਿੰਦਰ ਕੌਰ ਦੇ ਪਰਿਵਾਰ ਨੂੰ ਵੀ ਆਪਣਾ ਜੱਦੀ ਸ਼ਹਿਰ ਲਾਹੌਰ ਛੱਡਣਾ ਪਿਆ ਅਤੇ ਉਹ ਗਾਜੀਆਬਾਦ ਜੋ ਦੇਸ ਦੀ ਰਾਜਧਾਨੀ ਦਿੱਲੀ ਦੇ ਨਾਲ ਲਗਦਾ ਸੀ, ਵਿੱਚ ਵਸ ਗਏ। ਅਗਲੇ ਸਾਲ 1948 ਵਿੱਚ ਉਸਦੀ ਸ਼ਾਦੀ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਸਾਹਿਤ ਦੇ ਲੈਕਚਰਾਰ ਪ੍ਰੋ: ਜੋਗਿੰਦਰ ਸਿੰਘ ਸੋਢੀ ਨਾਲ ਹੋ ਗਈ। ਉਹਨਾਂ ਸੁਰਿੰਦਰ ਕੌਰ ਨੂੰ ਹਿੰਦੀ ਫਿਲਮਾਂ ਲਈ ਪਲੇਅਬੈਕ ਸਿੰਗਰ ਵਜੋਂ ਕੰਮ ਕਰਨ ਲਈ ਬੰਬਈ ਭੇਜ ਦਿੱਤਾ। ਉੱਥੇ ਉਹਨਾਂ 1948 ਵਿੱਚ ਫਿਲਮ 'ਸ਼ਹੀਦ' ਲਈ ਗੀਤ 'ਬਦਨਾਮ ਨਾ ਹੋ ਜਾਏ ਮੁਹੱਬਤ ਦਾ ਅਫ਼ਸਾਨਾ' 'ਆਨਾ ਹੈ ਤੋ ਆ ਜਾਓ' 'ਹਮ ਕਹਾਂ ਔਰ ਤੁਮ ਕਹਾਂ' ਗਾਏ। ਸੁਰਿੰਦਰ ਕੌਰ ਨੇ ਹਿੰਦੀ ਦੀਆਂ 22 ਫਿਲਮਾਂ ਲਈ ਗੀਤ ਗਾਏ, ਇਸਤੋਂ ਇਲਾਵਾ ਬਹੁਤ ਸਾਰੀਆਂ ਪੰਜਾਬੀ ਫਿਲਮਾਂ ਲਈ ਵੀ ਆਪਣੀ ਅਵਾਜ਼ ਦਿੱਤੀ।ਸੁਰਿੰਦਰ ਕੌਰ ਦੀ ਵਧੇਰੇ ਦਿਲਚਸਪੀ ਪੰਜਾਬੀ ਗਾਇਕੀ ਵੱਲ ਸੀ, ਇਸ ਲਈ ਉਹ 1952 ਵਿੱਚ ਵਾਪਸ ਦਿੱਲੀ ਆ ਗਈ। ਇੱਥੇ ਉਸਨੇ ਪੰਜਾਬੀ ਗਾਇਕੀ ਵੱਲ ਆਪਣਾ ਰੁਝਾਨ ਵਧਾਇਆ। ਆਪਣੀ ਭੈਣ ਪ੍ਰਕਾਸ ਕੌਰ ਤੋਂ ਇਲਾਵਾ ਸੁਰਿੰਦਰ ਕੌਰ ਨੇ ਦੀਦਾਰ ਸੰਧੂ, ਹਰਚਰਨ ਗਰੇਵਾਲ, ਕੁਲਦੀਪ ਮਾਣਕ ਨਾਲ ਵੀ ਸਟੇਜਾਂ ਸਾਂਝੀਆਂ ਕੀਤੀਆਂ, ਪਰ ਲੰਬਾ ਸਮਾਂ ਆਸਾ ਸਿੰਘ ਮਸਤਾਨਾ ਨਾਲ ਦੋਗਾਣੇ ਗਾ ਕੇ ਪੰਜਾਬੀ ਗਾਇਕੀ ਦੀ ਝੋਲੀ ਪਾਏ। 'ਸਾਂਝ ਸਾਂਝ ਰੱਖੋ ਨੀ ਇਹ ਕਲਗੀ ਜੁਝਾਰ ਦੀ' 'ਇੱਕ ਮੇਰੀ ਅੱਖ ਕਾਸ਼ਨੀ ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ' 'ਜੁੱਤੀ ਕਸੂਰੀ ਪੈਰੀਂ ਨਾ ਪੂਰੀ ਹਾਏ ਰੱਬਾ ਵੇ ਸਾਨੂੰ ਟੁਰਨਾ ਪਿਆ' 'ਚੰਨ ਕਿੱਥਾਂ ਗੁਜ਼ਾਰੀ ਆ ਈ ਰਾਤ ਵੇ' 'ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ' 'ਮੈਨੂੰ ਹੀਰੇ ਹੀਰੇ ਆਖੇ ਹਾਏ ਨੀ ਮੁੰਡਾ ਲੰਬੜਾਂ ਦਾ' ਆਦਿ ਬੀਬੀ ਸੁਰਿੰਦਰ ਕੌਰ ਦੇ ਅਜਿਹੇ ਮਕਬੂਲ ਗੀਤ ਹਨ, ਜਿਹਨਾਂ ਨੂੰ ਕਈ ਦਹਾਕੇ ਪਹਿਲਾਂ ਵੀ ਲੋਕ ਪੂਰੀ ਦਿਲਚਸਪੀ ਨਾਲ ਦਿਲ ਦੀ ਧੜਕਣ ਰੋਕ ਕੇ ਸੁਣਦੇ ਸਨ ਅਤੇ ਅੱਜ ਵੀ ਓਨੇ ਹੀ ਪਿਆਰ ਨਾਲ ਸੁਣੇ ਜਾਂਦੇ ਹਨ।ਸੁਰਿੰਦਰ ਕੌਰ ਦੀ ਸੁਰੀਲੀ ਆਵਾਜ਼ ਦੀ ਕਦਰ ਕਰਦਿਆਂ ਸਰੋਤਿਆਂ ਨੇ ਉਸ ਨੂੰ ਪੰਜਾਬ ਦੀ ਕੋਇਲ ਦੀ ਉਪਾਧੀ ਨਾਲ ਨਿਵਾਜਿਆ ਹੈ। ਸਾਲ 1984 ਵਿੱਚ ਉਹਨਾਂ ਨੂੰ ਸੰਗੀਤ ਨਾਟਕ ਅਕਾਦਮੀ ਵੱਲੋਂ 'ਮਿਲੇਨੀਅਮ ਪੰਜਾਬੀ ਗਾਇਕ ਪੁਰਸਕਾਰ' ਨਾਲ ਸਨਮਾਨਿਆ ਗਿਆ। ਇਸਤੋਂ ਇਲਾਵਾ ਉਸਨੂੰ ਭਾਰਤ ਸਰਕਾਰ, ਪੰਜਾਬ ਸਰਕਾਰ, ਯੂਨੀਵਰਸਿਟੀਆਂ ਅਤੇ ਅਨੇਕ ਸੰਸਥਾਵਾਂ ਨੇ ਸਨਮਾਨ ਦਿੱਤੇ। 2004 ਵਿੱਚ ਉਹ ਦਿੱਲੀ ਨੂੰ ਛੱਡ ਕੇ ਪੰਚਕੂਲਾ ਰਹਿਣ ਲੱਗ ਪਈ। ਸਾਲ 2006 ਵਿੱਚ ਭਾਰਤ ਸਰਕਾਰ ਵੱਲੋਂ ਉਸ ਵੇਲੇ ਦੇ ਰਾਸ਼ਟਰਪਤੀ ਡਾ: ਏ ਪੀ ਜੇ ਅਬਦੁਲ ਕਲਾਮ ਵੱਲੋਂ ਬੀਬੀ ਸੁਰਿੰਦਰ ਕੌਰ ਨੂੰ ਭਾਰਤ ਦੇ ਵੱਡਾ ਸਨਮਾਨ 'ਪ੍ਰਦਮ ਸ੍ਰੀ' ਭੇਂਟ ਕੀਤਾ ਗਿਆ।14 ਜੂਨ 2006 ਨੂੰ ਉਹ ਪੰਜਾਬੀ ਗਾਇਕੀ ਅਤੇ ਸਰੋਤਿਆਂ ਨੂੰ ਸਦਾ ਲਈ ਵਿਛੋੜਾ ਦੇ ਗਈ। ਉਹਨਾਂ ਦੀਆਂ ਤਿੰਨ ਪੁੱਤਰੀਆਂ ਵਿੱਚੋਂ ਵੱਡੀ ਬੀਬੀ ਡੌਲੀ ਗੁਲੇਰੀਆ ਪੰਚਕੂਲਾ ਵਿਖੇ ਰਹਿੰਦੀ ਹੈ ਅਤੇ ਉਸਨੇ ਵੀ ਆਪਣੀ ਮਾਤਾ ਦੀ ਪੰਜਾਬੀ ਗਾਇਕੀ ਨੂੰ ਅੱਗੇ ਵਧਾਉਣ ਲਈ ਕੰਮ ਕੀਤਾ ਹੈ। ਦੂਜੀਆਂ ਦੋ ਪੁੱਤਰੀਆਂ ਅਮਰੀਕਾ ਵਿਖੇ ਰਹਿੰਦੀਆਂ ਹਨ।

# ਮਾਨਸਿਕ ਤਣਾਉਦਾ ਸ਼ਿਕਾਰ ਕਿਉਂ ਹੈ ਮਨੁੱਖ ?

**ਡਾ. ਸੁਖਰਾਜ ਸਿੰਘ ਬਾਜਵਾ**

ਮਨੁੱਖ ਵੀ ਬਾਕੀ ਜਾਨਵਰਾਂ ਦੀ ਤਰ੍ਹਾਂ ਹੀ ਧਰਤੀ 'ਤੇ ਇੱਕ ਸੈਲੀ ਜੀਵ ਤੋਂ ਵਿਕਸੀਤ ਹੋਇਆ ਹੈ। ਮਨੁੱਖ ਨੂੰ ਬਾਕੀ ਜੀਵਾਂ ਤੋਂ ਅਲੱਗ ਕਰਕੇ ਸਿਰਫ ਉਸਦੀ ਅਕਲ ਅਤੇ ਜ਼ਬਾਨ ਵਿੱਚ ਸ਼ਬਦਾਂ ਦੀ ਵਰਤੋਂ ਕਰਕੇ ਰੱਖਿਆ ਗਿਆ ਹੈ। ਧਰਤੀ ਉੱਪਰ ਜਿਸ ਤਰ੍ਹਾਂ ਬਾਕੀ ਜੀਵ ਕੁਦਰਤੀ ਜੀਵਨ ਬਤੀਤ ਕਰਦੇ ਹਨ, ਉਸੇ ਤਰ੍ਹਾਂ ਮਨੁੱਖ ਦਾ ਵਿਕਾਸ ਵੀ ਕੁਦਰਤੀ ਰੂਪ ਵਿੱਚ ਕੁਦਰਤੀ ਜੀਵਨ ਜਿਊਣ ਲਈ ਹੀ ਹੋਇਆ ਹੈ। ਪਰ ਮਨੁੱਖ ਦੀ ਜ਼ਬਾਨ ਨੂੰ ਸ਼ਬਦ ਮਿਲਣ ਕਰਕੇ ਅਤੇ ਦਿਮਾਗ ਦਾ ਵਿਕਾਸ ਹੋਣ ਕਰਕੇ ਮਨੁੱਖ ਨੇ ਆਪਣੇ ਆਪ ਨੂੰ ਬਾਕੀ ਜੀਵਾਂ ਤੋਂ ਅਲੱਗ ਕਰ ਲਿਆ, ਇੱਥੋਂ ਤਕ ਕੇ ਆਪਣੇ ਆਪ ਨੂੰ ਜਾਨਵਰ ਕਹਾਉਣਾ ਇੱਕ ਗਾਲ੍ਹ ਸਮਝਣ ਲੱਗ ਗਿਆ। ਮਨੁੱਖ ਨੇ ਆਪਣੇ ਦਿਮਾਗ ਦਾ ਇਸਤੇਮਾਲ ਕਰਕੇ ਅਨਾਜ ਪੈਦਾ ਕਰਨ ਤੋਂ ਲੈਕੇ ਬਹੁਤ ਕੁਝ ਅਜਿਹਾ ਬਣਾ ਲਿਆ, ਜਿਸਨੂੰ ਉਹ ਆਪਣੇ ਸੁਖ ਆਰਾਮ ਲਈ ਇਸਤੇਮਾਲ ਕਰਨ ਲੱਗ ਗਿਆ। ਪੈਦਲ ਚੱਲਣਾ, ਭੋਜਨ ਦੀ ਤਲਾਸ਼ ਕਰਨਾ ਅਤੇ ਭੋਜਨ ਲਈ ਸੰਘਰਸ਼ ਕਰਨਾ ਹਰ ਜਾਨਵਰ ਦੀ ਫਿਤਰਤ ਹੈ, ਪਰ ਮਨੁੱਖ ਦੇ ਵਿਕਾਸ਼ੀਲ ਦਿਮਾਗ ਨੇ ਜੀਵਨ ਦੇ ਇਸ ਸੰਘਰਸ਼ ਨੂੰ ਖਤਮ ਕਰਕੇ ਸੰਘਰਸ਼ ਨੂੰ ਇੱਕ ਨਵੇਂ ਪਾਸੇ ਵੱਲ ਮੋੜ ਦਿੱਤਾ ਕਿ ਉਹ ਸੀ ਵੱਧ ਤੋਂ ਵੱਧ ਤਾਕਤ ਹਾਸਲ ਕਰਨੀ, ਵੱਧ ਤੋਂ ਵੱਧ ਧਨ ਜੋੜਨਾ। ਇਸ ਤਾਕਤ ਦੇ ਨਸ਼ੇ ਨੇ ਮਨੁੱਖ ਨੂੰ ਈਰਖਾਲੂ ਅਤੇ ਝਗੜਾਲੂ ਬਣਾ ਦਿੱਤਾ। ਮਨੁੱਖ ਹੀ ਮਨੁੱਖ ਦਾ ਵੈਰੀ ਬਣਨ ਲੱਗਾ ਅਤੇ ਇਸੇ ਲੜੀ ਤਹਿਤ ਵਿਨਾਸ਼ ਵਾਲੇ ਹਥਿਆਰਾਂ ਦੀ ਦੌੜ ਸ਼ੁਰੂ ਹੋਈ, ਜਿਹੜੀ ਕੇ ਪਰਮਾਣੂ ਬੰਬ, ਹਾਈਡ੍ਰੋਜਨ ਬੰਬ ਦੇ ਰੂਪ ਵਿੱਚ ਵੀ ਖਤਮ ਨਹੀਂ ਹੋਈ।

ਦੋ ਪਹੀਆ ਤੋਂ ਫਿਰ ਚਾਰ ਪਹੀਆ ਦੇ ਸਫ਼ਰ ਨੇ ਮਨੁੱਖ ਨੂੰ ਆਲਸੀ ਬਣਾ ਦਿੱਤਾ। ਦੋ ਪੈਰ ਤੁਰਨਾ ਉਹ ਆਪਣੀ ਸ਼ਾਨ ਦੇ ਖਿਲਾਫ ਸਮਝਣ ਲੱਗਾ। ਏਸੀ ਦੀ ਹਵਾ ਅਤੇ ਫਿਰ ਮੋਬਾਇਲ ਫੋਨ ਦੇ ਵਿਕਾਸ ਨੇ ਮਨੁੱਖ ਨੂੰ ਸਮਾਜਿਕ ਪ੍ਰਾਣੀ ਦੀ ਸ਼੍ਰੇਣੀ ਤੋਂ ਵੱਖ ਕਰ ਦਿੱਤਾ ਤੇ ਮਨੁੱਖ ਬੰਦ ਕਮਰੇ ਵਿੱਚ ਕੈਦ ਹੋ ਕੇ ਰਹਿਣਾ ਪਸੰਦ ਕਰਨ ਲੱਗਾ। ਵਿਕਾਸ ਦੀ ਇਸ ਦੌੜ ਵਿੱਚ ਮਨੁੱਖ ਔਲਾਦ ਦੀ ਲੋੜ ਬਾਰੇ ਵੀ ਭੁੱਲਣ ਲੱਗ ਗਿਆ ਤੇ ਪਰਿਵਾਰ ਛੋਟੇ ਹੋਣ ਲੱਗੇ। ਹੁਣ ਹਾਲਾਤ ਇਹ ਹੋ ਗਏ ਹਨ ਕਿ ਪਰਿਵਾਰ ਸ਼ਬਦ ਦੇ ਹੌਲੀ ਹੌਲੀ ਅਲੋਪ ਹੋਣ ਦਾ ਖਤਰਾ ਪੈਦਾ ਹੋਣ ਲੱਗ ਗਿਆ ਹੈ। ਮਨੁੱਖ ਇਕੱਲੇਪਣ ਵਿੱਚ ਰਹਿਣ ਲੱਗ ਗਿਆ ਪਰ ਇਸ ਇਕੱਲੇਪਣ ਨੇ ਮਨੁੱਖ ਦੇ ਦਿਮਾਗ ਨੂੰ ਜਕੜ ਕੇ ਰੱਖ ਦਿੱਤਾ ਤੇ ਮਨੁੱਖ ਮਾਨਸਿਕ ਤੌਰ 'ਤੇ ਤਣਾਅ ਵਿੱਚ ਜਿਊਣ ਦੀ ਕੋਸ਼ਿਸ਼ ਵਿੱਚ ਲੱਗਾ ਹੋਇਆ ਹੈ। ਆਪਣੇ ਹੀ ਦਿਮਾਗ ਨਾਲ ਵਿਕਸਿਤ ਕੀਤੇ ਟੈਲੀਵਿਜ਼ਨ, ਮੋਬਾਇਲ ਫੋਨ, ਗੱਡੀਆਂ ਉਸਦੇ ਇਕੱਲੇਪਣ ਨੂੰ ਦੂਰ ਨਹੀਂ ਕਰ ਸਕੇ ਅਤੇ ਇਹ ਸਾਧਨ ਹੀ ਹੌਲੀ ਹੌਲੀ ਮਾਨਸਿਕ ਤੌਰ 'ਤੇ ਤਣਾਵ ਦਾ ਕਾਰਨ ਬਣਨ ਲੱਗੇ ਹਨ। ਬੰਦ ਕਮਰੇ ਵਿੱਚ ਬੈਠਕੇ ਸਿਰਫ ਦੀਵਾਰਾਂ ਜਾਂ ਛੱਤ ਨੂੰ ਹੀ ਵੇਖੀ ਜਾਣਾ, ਇਹ ਬਿਮਾਰ ਦਿਮਾਗ ਦੀ ਨਿਸ਼ਾਨੀ ਹੈ। ਅਸਲ ਵਿੱਚ ਮਨੁੱਖ ਆਪਣੇ ਸੁਭਾਅ ਦੇ ਉਲਟ ਜਿਊਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਇਹੀ ਬਿਮਾਰੀ ਦਾ ਸਭ ਤੋਂ ਵੱਡਾ ਕਾਰਨ ਹੈ। ਉਦਾਹਰਣ ਦੇ ਤੌਰ 'ਤੇ ਕੁੱਤਾ ਇੱਕ ਅਜਿਹਾ ਜਾਨਵਰ ਹੈ ਜੋ ਕੁਦਰਤ ਦੇ ਨੇੜੇ ਜਿਊਣਾ ਪਸੰਦ ਕਰਦਾ ਹੈ ਪਰ ਅਸੀਂ ਕੁਝ ਕੁੱਤਿਆਂ ਦੀਆਂ ਨਸਲਾਂ ਨੂੰ ਪਾਲਤੂ ਬਣਾ ਲਿਆ। ਖੋਜ ਨੇ ਦੱਸਿਆ ਕਿ ਜੰਗਲੀ ਤੌਰ 'ਤੇ ਰਹਿ ਰਹੇ ਕੁੱਤਿਆਂ ਨਾਲੋਂ ਪਾਲਤੂ ਕੁੱਤੇ ਜਲਦੀ ਅਤੇ ਜ਼ਿਆਦਾ ਬਿਮਾਰ ਹੁੰਦੇ ਹਨ ਅਤੇ ਉਹ ਪਾਲਤੂ ਕੁੱਤੇ ਜਿਨ੍ਹਾਂ ਨੂੰ ਹਰ ਵਕਤ ਬੰਨ੍ਹ ਕੇ ਰੱਖਿਆ ਜਾਂਦਾ ਹੈ ਜਾਂ ਇਕੱਲੇ ਘਰਾਂ ਵਿੱਚ ਰੱਖਿਆ ਜਾਂਦਾ ਹੈ, ਉਹਨਾਂ ਵਿੱਚ ਡਿਪਰੈਸ਼ਨ ਵੇਖਿਆ ਜਾਂਦਾ ਹੈ। ਡਿਪਰੈਸ਼ਨ ਕਾਰਨ ਉਹ ਚਿੜਚਿੜੇ ਹੋ ਜਾਂਦੇ ਹਨ ਅਤੇ ਕਈ ਵਾਰ ਆਪਣੇ ਮਾਲਿਕ ਨੂੰ ਹੀ ਪੈ ਜਾਂਦੇ ਹਨ। ਕੁੱਤਿਆਂ ਦਾ ਸੁਭਾਅ ਨਹੀਂ ਹੈ ਬੱਝ ਕੇ ਰਹਿਣਾ। ਇਸੇ ਤਰ੍ਹਾਂ ਦੁਧਾਰੂ ਪਸ਼ੂ ਜੋ ਘਰਾਂ ਵਿੱਚ ਰੱਖੇ ਜਾਂਦੇ ਹਨ ਜੇਕਰ ਇਹਨਾਂ ਨੂੰ ਵੀ ਇਕੱਲੇ ਰੱਖਿਆ ਜਾਵੇ ਤਾਂ ਇਹ ਵੀ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ, ਇਸ ਹਾਲਤ ਵਿੱਚ ਇਹਨਾਂ ਵਿੱਚ ਦੁੱਧ ਦਾ ਘਟਣਾ ਵੇਖਿਆ ਗਿਆ ਹੈ। ਇਸੇ ਤਰ੍ਹਾਂ ਰੁੱਖਾਂ ਵਿੱਚ ਵੀ ਵੇਖਿਆ ਗਿਆ ਹੈ ਕਿ ਕੋਈ ਬੂਟਾ ਜਾਂ ਰੁੱਖ ਅਗਰ ਇੱਕ ਵੱਡੇ ਸਮੂਹ ਵਿੱਚ ਹੋਵੇ ਤਾਂ ਜ਼ਿਆਦਾ ਵਧ ਰਿਹਾ ਹੁੰਦਾ ਹੈ ਪਰ ਇਕੱਲਾ ਰੁੱਖ ਹੌਲੀ ਹੌਲੀ ਵਧਦਾ ਹੈ ਜਾਂ ਮਰ ਜਾਂਦਾ ਹੈ। ਉੱਪਰ ਦੱਸੀਆਂ ਉਦਾਹਰਣਾਂ ਇਹ ਸਪਸ਼ਟ ਕਰਦੀਆਂ ਹਨ ਕਿ ਕੋਈ ਵੀ ਜੀਵ ਜਦੋਂ ਇਕੱਲਾ ਰਹਿ ਜਾਵੇ ਜਾਂ ਚਾਰਦੀਵਾਰੀ ਵਿੱਚ ਬੰਦ ਹੋ ਕੇ ਰਹੇ ਤਾਂ ਉਸਦਾ ਡਿਪਰੈਸ਼ਨ ਵਿੱਚ ਚਲੇ ਜਾਣਾ ਆਮ ਗੱਲ ਹੈ। ਡਿਪਰੈਸ਼ਨ ਤੋਂ ਬਚਣ ਲਈ ਜਾਂ ਇਸਦੇ ਇਲਾਜ ਲਈ ਅਕਸਰ ਮਨੁੱਖ ਡਾਕਟਰ ਦਾ ਸਹਾਰਾ ਲੈਂਦਾ ਹੈ ਅਤੇ ਨੀਂਦ ਦੀਆਂ ਗੋਲੀਆਂ ਜਾਂ ਦਿਮਾਗ ਨੂੰ ਸੁੰਨ ਕਰਨ ਵਾਲੀਆਂ ਦਵਾਈਆਂ ਨਾਲ ਕੋਸ਼ਿਸ਼ ਕਰਦਾ ਹੈ ਕਿ ਉਹ ਇਸ ਸਥਿਤੀ ਤੋਂ ਬਾਹਰ ਆ ਜਾਵੇ ਪਰ ਇਸ ਤਰ੍ਹਾਂ ਉਹ ਦੂਸਰੀਆਂ ਬਿਮਾਰੀਆਂ ਦਾ ਸ਼ਿਕਾਰ ਹੋਣ ਲੱਗ ਜਾਂਦਾ ਹੈ। ਡਿਪਰੈਸ਼ਨ ਵਿੱਚੋਂ ਨਿਕਲਣ ਦਾ ਠੋਸ ਉਪਾ ਦਵਾਈਆਂ ਨਹੀਂ, ਜੀਵਨਸ਼ੈਲੀ ਵਿੱਚ ਬਦਲਾਵ ਹੈ। ਕੁਦਰਤ ਦੇ ਨੇੜੇ ਹੋਣਾ, ਖੁੱਲ੍ਹ ਕੇ ਜ਼ਿੰਦਗੀ ਜਿਊਣਾ, ਸਮੂਹ ਵਿੱਚ ਰਹਿਣਾ ਮਤਲਬ ਆਪਣੇ ਆਪ ਨੂੰ ਸਮਾਜਿਕ ਤੌਰ ਤੇ ਵੱਧ ਕਿਰਿਆਸ਼ੀਲ ਕਰਨਾ। ਪੁਰਾਣੇ ਸਮਿਆਂ ਵਿੱਚ ਮਨੁੱਖ ਡਿਪਰੈਸ਼ਨ ਦਾ ਘੱਟ ਸ਼ਿਕਾਰ ਹੁੰਦਾ ਸੀ ਕਿਉਂਕਿ ਉਹ ਦਿਨ ਵੇਲੇ ਸਖ਼ਤ ਮਿਹਨਤ ਤੋਂ ਬਾਅਦ ਰਾਤ ਨੂੰ ਖੁੱਲ੍ਹੇ ਅਸਮਾਨ ਹੇਠ ਸੌਂਦਾ ਸੀ, ਖੁੱਲ੍ਹਾ ਖਾਣਾ ਖਾਂਦਾ ਸੀ, ਖੁੱਲ੍ਹੇ ਕੱਪੜੇ ਪਹਿਨਦਾ ਸੀ। ਪਰਿਵਾਰ ਵੱਡਾ ਹੁੰਦਾ ਸਿ ਤੇ ਹਰ ਗੱਲ ਵਿੱਚ ਇੱਕ ਦੂਸਰੇ ਨਾਲ ਸਾਂਝ ਹੁੰਦੀ ਸੀ।

# ਸੀਨੀਅਰ ਵੀਕ ਪ੍ਰੋਗਰਾਮ




**ਬੀਤੇ ਦਿਨੀ ਚੈਸਟਰਮੇਅਰ ਸਿਟੀ ਵਿੱਚ ਸੀਨੀਅਰ ਵੀਕ ਪ੍ਰੋਗਰਾਮ ਮਨਾਇਆ ਗਿਆ। ਜਿਸ ਦਾ ਉਦਘਾਟਨ ਪਹਿਲੀ ਜੂਨ ਨੂੰ RIC ਸੈਂਟਰ ਵਿਖੇ ਸਿਟੀ ਮੇਅਰ ਸ਼ੈਨਨ ਡੀਨ ਨੇ ਕੀਤਾ। ਲੋਕਲ MLA ਸੈਂਨਲ ਡੀ ਯੌਂਗ ਅਤੇ ਸਿਟੀ ਕੌਸਲਰ ਕਿਰਨ ਰੰਧਾਵਾ ਅਤੇ ਹੋਰ ਕੌਂਸਲਰ ਵੀ ਹਾਜ਼ਰ ਸਨ। ਇਸ ਮੌਕੇ ਚੈਸਟਰਮੇਅਰ ਪੰਜਾਬੀ ਬਜ਼ੁਰਗ (ਸੀਨੀਅਰ ਜ਼) ਸੁਸਾਇਟੀ ਦੇ ਮੈਂਬਰਾਂ ਜਨਕ ਸਿੰਘ ਖੁਰਮੀ, ਆਤਮਾ ਸਿੰਘ ਗਿੱਲ, ਜਗਜੀਤ ਸਿੰਘ ਗਰੇਵਾਲ, ਕੁਲਦੀਪ ਸਿੰਘ ਗਿੱਲ,ਇੰਦਰਜੀਤ ਸਿੰਘ ਜੋਸਨ, ਰਛਪਾਲ ਸਿੰਘ ਗਿੱਲ, ਗੁਰਰਾਜ ਸਿੰਘ ਵਿਰਕ, ਗੁਰਭੇਜ ਸਿੰਘ ਅਤੇ ਮੈਡਮ ਪ੍ਰਵਿੰਦਰ ਕੌਰ ਨੇ ਭਰਪੂਰ ਹਾਜ਼ਰੀ ਲਗਵਾਈ।**

## ਪਹਿਲਾਂ ਜਾਨ-ਫਿਰ ਸਾਮਾਨ !

# ਹਵਾਈ ਸਫ਼ਰ ਦੌਰਾਨ ਹੁਣ ਜਿੰਦਰਿਆਂ (ਲਾਕ) ਵਿੱਚ ਬੰਦ ਹੋ ਸਕਦੇ ਨੇ ਤੁਹਾਡੇ 'ਕੈਰੀ-ਆਨ ਬੈਗ'

## ਐਮਰਜੈਂਸੀ ਵੇਲੇ ਸਾਮਾਨ ਦੀ ਬਜਾਏ 'ਜਾਨ ਬਚਾਉਣ' ਨੂੰ ਪਹਿਲ ਦੇਣ ਦੀ ਤਿਆਰੀ

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ): ਹਵਾਈ ਜਹਾਜ਼ ਵਿੱਚ ਸਫ਼ਰ ਕਰਨ ਵਾਲੇ ਮੁਸਾਫਰਾਂ ਲਈ ਇੱਕ ਵੱਡੀ ਖ਼ਬਰ ਹੈ। ਹਵਾਈ ਸਫ਼ਰ ਦੌਰਾਨ ਐਮਰਜੈਂਸੀ ਦੀ ਸਥਿਤੀ ਵਿੱਚ ਜਹਾਜ਼ ਨੂੰ 90 ਸੈਕਿੰਡ ਦੇ ਅੰਦਰ ਖਾਲੀ ਕਰਨਾ ਲਾਜ਼ਮੀ ਹੁੰਦਾ ਹੈ, ਪਰ ਮੁਸਾਫਰਾਂ ਵੱਲੋਂ ਆਪਣਾ ਸਾਮਾਨ ਚੁੱਕਣ ਦੀ ਜ਼ਿੱਦ ਕਾਰਨ ਇਹ ਕੀਮਤੀ ਸਮਾਂ ਬਰਬਾਦ ਹੋ ਰਿਹਾ ਹੈ। ਇੱਕ ਹਾਲੀਆ ਸਰਵੇਖਣ ਮੁਤਾਬਕ 40 ਫੀਸਦੀ ਮੁਸਾਫਰਾਂ ਨੂੰ ਇਹ ਪਤਾ ਹੀ ਨਹੀਂ ਹੈ ਕਿ ਐਮਰਜੈਂਸੀ ਵੇਲੇ ਸਾਮਾਨ ਜਹਾਜ਼ ਦੇ ਅੰਦਰ ਹੀ ਛੱਡਣਾ ਹੁੰਦਾ ਹੈ, ਜਦਕਿ 10 ਫੀਸਦੀ ਲੋਕ ਨਿਰਦੇਸ਼ਾਂ ਦੇ ਬਾਵਜੂਦ ਵੀ ਬੈਗ ਚੁੱਕਣ ਦੀ ਕੋਸ਼ਿਸ਼ ਕਰਦੇ ਹਨ। ਅਜਿਹੇ ਕਈ ਮਾਮਲੇ ਸਾਹਮਣੇ ਆਏ ਹਨ ਜਿੱਥੇ ਮੁਸਾਫਰ ਏਅਰ ਹੋਸਟੈਸ ਅਤੇ ਅਮਲੇ ਦੇ ਨਿਰਦੇਸ਼ਾਂ ਨੂੰ ਅਣਦੇਖਾ ਕਰਕੇ, ਬਾਹਰ ਨਿਕਲਣ ਦੀ ਬਜਾਏ ਆਪਣਾ ਸਾਮਾਨ ਚੁੱਕਣ ਲੱਗ ਜਾਂਦੇ ਹਨ। ਇਸ ਕਾਰਨ ਕੀਮਤੀ ਸਕਿੰਟ ਬਰਬਾਦ ਹੁੰਦੇ ਹਨ ਅਤੇ ਦੂਜੇ ਮੁਸਾਫਰਾਂ ਦੀ ਜਾਨ ਵੀ ਖ਼ਤਰੇ ਵਿੱਚ ਪੈ ਜਾਂਦੀ ਹੈ।ਇਸੇ ਗੰਭੀਰ ਖ਼ਤਰੇ ਨੂੰ ਦੇਖਦਿਆਂ ਹੁਣ ਅੰਤਰਰਾਸ਼ਟਰੀ ਹਵਾਈ ਸੰਸਥਾ 'ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ' (IATA) ਉਡਾਣ ਦੌਰਾਨ ਓਵਰਹੈੱਡ ਬਿਨ (ਸਾਮਾਨ ਵਾਲੇ ਕੈਬਿਨਾਂ) ਨੂੰ ਜਿੰਦਰੇ (ਲਾਕ) ਮਾਰਨ ਦੀ ਵੱਡੀ ਯੋਜਨਾ ਬਣਾ ਰਹੀ ਹੈ, ਤਾਂ ਜੋ ਐਮਰਜੈਂਸੀ ਵੇਲੇ ਲੋਕ ਸਾਮਾਨ ਦੀ ਬਜਾਏ ਸਿਰਫ਼ ਆਪਣੀ ਜਾਨ ਬਚਾਉਣ ਵੱਲ ਭੱਜਣ। ਇਹ 90 ਸੈਕਿੰਡ ਦੀ ਖੇਡ ਹੈ ਜਦੋਂ ਸਾਮਾਨ ਚੁੱਕਣ ਦੇ ਚੱਕਰ 'ਚ ਲੋਕ ਆਪਣੀ ਜਾਨ ਗਵਾ ਲੈਂਦੇ ਨੇ।




**ਸੋਸ਼ਲ ਮੀਡੀਆ ਦਾ ਚਸਕਾ: ਜਾਨ ਖ਼ਤਰੇ 'ਚ, ਪਰ ਫੋਟੋ ਖਿੱਚਣੀ ਜ਼ਰੂਰੀ !**

ਅਧਿਕਾਰੀਆਂ ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਅੱਜ-ਕੱਲ੍ਹ ਸੋਸ਼ਲ ਮੀਡੀਆ ਦੇ ਦੌਰ ਵਿੱਚ, ਲੋਕ ਐਮਰਜੈਂਸੀ ਦੌਰਾਨ ਵੀ ਜਹਾਜ਼ ਦੇ ਅੰਦਰੋਂ ਫੋਟੋਆਂ ਖਿੱਚਣ ਜਾਂ ਵੀਡੀਓ ਬਣਾਉਣ ਲੱਗ ਜਾਂਦੇ ਹਨ। ਪਿਛਲੇ ਸਾਲ ਮਾਰਚ ਵਿੱਚ ਡੈਨਵਰ ਏਅਰਪੋਰਟ 'ਤੇ ਜਦੋਂ ਇੱਕ ਅਮਰੀਕਨ ਏਅਰਲਾਈਨਜ਼ ਦੇ ਜਹਾਜ਼ ਨੂੰ ਅੱਗ ਲੱਗ ਗਈ ਸੀ, ਤਾਂ ਕਈ ਮੁਸਾਫਰ ਬਾਹਰ ਨਿਕਲਦੇ ਸਮੇਂ ਵੱਡੇ-ਵੱਡੇ ਬੈਗ ਨਾਲ ਘਸੀਟਦੇ ਹੋਏ ਅਤੇ ਵੀਡੀਓ ਬਣਾਉਂਦੇ ਹੋਏ ਦੇਖੇ ਗਏ ਸਨ, ਜੋ ਕਿ ਬਹੁਤ ਖ਼ਤਰਨਾਕ ਹੈ।

**'ਸਖ਼ਤ ਕਦਮ': ਸਾਮਾਨ ਹੋਵੇਗਾ ਲਾਕ ਜਾਂ ਲੱਗੇਗਾ ਮੋਟਾ ਜੁਰਮਾਨਾ**

ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ ਮੁਤਾਬਕ, ਫਿਲਹਾਲ ਮੁਸਾਫਰਾਂ ਨੂੰ ਜਾਗਰੂਕ ਕਰਨ ਲਈ 'ਬੈਗ ਨਹੀਂ, ਜਾਨ ਬਚਾਓ' (Save a life, not a bag) ਮੁਹਿੰਮ ਸ਼ੁਰੂ ਕੀਤੀ ਗਈ ਹੈ। ਪਰ ਜੇਕਰ ਲੋਕਾਂ ਦੇ ਵਤੀਰੇ ਵਿੱਚ ਬਦਲਾਅ ਨਾ ਆਇਆ, ਤਾਂ ਜਹਾਜ਼ ਉੱਡਣ ਦੌਰਾਨ ਸਾਮਾਨ ਰੱਖਣ ਵਾਲੇ ਕੈਬਿਨਾਂ ਨੂੰ ਸਖ਼ਤ ਲਾਕ (Lock) ਲਗਾ ਦਿੱਤੇ ਜਾਣਗੇ, ਜੋ ਸਿਰਫ਼ ਫਲਾਈਟ ਲੈਂਡ ਹੋਣ ਤੋਂ ਬਾਅਦ ਹੀ ਖੁੱਲ੍ਹਣਗੇ। ਇਸ ਤੋਂ ਇਲਾਵਾ ਭਾਰੀ ਜੁਰਮਾਨੇ ਵੀ ਲਗਾਏ ਜਾ ਸਕਦੇ ਹਨ।

**ਮੁੱਖ ਸੁਨੇਹਾ: ਪੈਸਾ ਅਤੇ ਸਾਮਾਨ ਦੁਬਾਰਾ ਕਮਾਇਆ ਜਾ ਸਕਦਾ ਹੈ, ਪਰ ਜ਼ਿੰਦਗੀ ਨਹੀਂ।**

ਹਵਾਈ ਸਫ਼ਰ ਦੌਰਾਨ ਕਿਸੇ ਵੀ ਐਮਰਜੈਂਸੀ ਵੇਲੇ ਸੁਰੱਖਿਆ ਅਮਲੇ ਦੇ ਨਿਰਦੇਸ਼ਾਂ ਦੀ ਪਾਲਣਾ ਕਰੋ। ਜਦੋਂ ਜਹਾਜ਼ ਖਾਲੀ ਕਰਨ ਦਾ ਹੁਕਮ ਹੋਵੇ, ਤਾਂ ਆਪਣਾ ਸਾਮਾਨ ਉੱਥੇ ਹੀ ਛੱਡ ਦਿਓ; ਕਿਉਂਕਿ ਤੁਹਾਡੀ ਇੱਕ ਛੋਟੀ ਜਿਹੀ ਲਾਪਰਵਾਹੀ ਜਾਂ ਬੈਗ ਚੁੱਕਣ ਦੀ ਜ਼ਿੱਦ, ਤੁਹਾਡੇ ਸਣੇ ਕਈ ਹੋਰਾਂ ਦੀ ਜਾਨ ਲੈ ਸਕਦੀ ਹੈ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

CHANDIGARH DRIVING SCHOOL
Don't Learn Safety by Accident
- Class 1, 3 & 5
- Brush up 1, 3 & 5
- Certification Courses
- Air Brake (Q endorsement)
- Advance Training Course
- Car & Tractor Trailor for Road Test

RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP

Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

ਐਂਬਲਿੰਟਨ ਦਾ ਆਖਿਰੀ ਫੇਸ
ਤੁਹਾਡੀ ਨਵੀਂ ਸੁਰੂਆਤ
*ਸੁਵਿਧਾਵਾਂ ਸਥਾਪਿਤ ਕੀਤੀਆਂ,ਵਾਕਆਊਟ ਲਾਟਾਂ*
ਐਂਬਲਟਨ ਉਹ ਥਾਂ ਹੈ ਜਿੱਥੇ ਉੱਤਰੀ-ਪੱਛਮੀ ਕੈਲਗਰੀ ਇਕੱਠੇ ਆਉਂਦੇ ਹਨ। ਜਿੱਥੇ ਹਰਿਆਲੀ, ਖੇਡ ਦੇ ਮੈਦਾਨ, ਪਾਰਕ ਅਤੇ ਖੇਡ ਦੇ ਮੈਦਾਨ, ਬਾਹਰ ਨਿਕਲਣਾ ਅਤੇ ਜੁੜੇ ਰਹਿਣਾ ਆਸਾਨ ਬਣਾਉਂਦੇ ਹਨ। ਵਾਕਆਊਟ ਲਾਟ ਉਪਲਬਧ ਹੋਣ ਅਤੇ ਭਵਿੱਖ ਵਿੱਚ ਸਕੂਲ ਸਾਈਟ ਦੀ ਯੋਜਨਾਬੰਦੀ ਦੇ ਨਾਲ, ਇਹ ਇੱਕ ਅਜਿਹੀ ਜਗ੍ਹਾ ਹੈ ਜੋ ਪਰਿਵਾਰ ਅਸਲ ਵਿੱਚ ਕਿਵੇਂ ਰਹਿੰਦੇ ਹਨ, ਇਸ ਲਈ ਤਿਆਰ ਕੀਤੀ ਗਈ ਹੈ। ਐਂਬਲਟਨ ਦੇ ਅੰਤਮ ਪੜਾਵਾਂ ਵਿੱਚ ਇੱਕ ਚੰਗੀ ਤਰ੍ਹਾਂ ਸਥਾਪਿਤ ਭਾਈਚਾਰੇ ਦੀਆਂ ਸਹੂਲਤਾਂ ਦੇ ਵਿਚਕਾਰ ਆਪਣਾ ਸੰਪੂਰਨ ਘਰ ਲੱਭੋ।

Laned Homes
FROM THE LOW
$500s
Front Garage
FROM THE MID
$700s
Award-Winning Builders
- Sterling Homes
- Shane Homes
- Broadview Homes
- Trico Homes
- Jayman BUILT

Ambleton
ਆਪਣੀ ਲਾਟ ਅੱਜ ਹੀ ਲੱਭੋ
Visit liveinambleton.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities

ਗੱਲ ਤਾਂ ਪਰਦੇ ਦੀ ਹੀ ਹੈ !
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings

ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS

# ਪੰਥ ਨੂੰ ਭਗਵੰਤ ਮਾਨ ਨਾਲੋਂ ਨਾਤਾ ਤੋੜਨ ਲਈ ਆਖਿਆ

## ਪੰਥ ਕਿਹੜਾ ਬਾਦਲਾਂ ਵਾਲਾ ਜਾਂ ਸਮੁੱਚਾ ਸਿੱਖ ਪੰਥ ?



**ਸੁਖਨੈਬ ਸਿੰਘ ਸਿੱਧੂ**

ਨਸ਼ਾ ਕੋਈ ਵੀ ਸਿਰ ਨੂੰ ਚੜ੍ਹਜੇ ਮਾੜਾ ਹੁੰਦਾ। ਉਹ ਸ਼ਰਾਬ ਦਾ ਹੋਵੇ ਜਾਂ ਸ਼ਬਾਬ ਦਾ , ਕੁਰਸੀ ਬਚਾਉਣ ਹੋਵੇ ਜਾਂ ਕੁਰਸੀ ਹਥਿਆਉਣ ਦਾ । ਨਸ਼ੇ 'ਚ ਬੰਦਾ ਵੱਡੀਆਂ ਵੱਡੀਆਂ ਗਲਤੀਆਂ ਕਰ ਜਾਂਦਾ ਅਤੇ ਦੋਸ਼ ਕਿਸੇ ਹੋਰ ਸਿਰ ਮੜ੍ਹ ਜਾਂਦਾ। ਕਈ ਗਲਤੀਆਂ ਮੁਆਫ਼ ਕਰਨ ਯੋਗ ਹੁੰਦੀਆਂ ਅਤੇ ਕਈ ਨਾ-ਕਾਬਿਲੇ ਬਰਦਾਸ਼ਤ । ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੱਜੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ 'ਇਤਰਾਜ਼ਯੋਗ ਵੀਡਿਓ ਦੇ ਮਾਮਲੇ 'ਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਦੋਸ਼ੀ ਕਰਾਰ ਦੇ ਕੇ ਪੰਥ ਨੂੰ ਇਸ ਨਾਲੋਂ ਨਾਤਾ ਤੋੜਨ ਲਈ ਆਖਿਆ ,' ਪਰ ਪੰਥ ਕਿਹੜਾ ਬਾਦਲਾਂ ਵਾਲਾ ਜਾਂ ਸਮੁੱਚਾ ਸਿੱਖ ਪੰਥ ? ਬਾਦਲਾਂ ਵੱਲੋਂ ਲਗਾਏ ਜਥੇਦਾਰਾਂ ਵਾਲਾ ਨੇ ਇਹ ਸਪੱਸ਼ਟ ਨਹੀਂ ਕੀਤਾ ।

ਕਿਉਂਕਿ ਵਾਰ-ਵਾਰ ਇੱਕ ਗੱਲ ਉੱਠਦੀ ਰਹਿੰਦੀ ਕਿ ਸਿੰਘ ਸਾਹਿਬਾਨ ਦੇ ਅਹੁਦੇ ਦੀ ਐਸਜੀਪੀਸੀ ਦੇ ਸੰਵਿਧਾਨ ਵਿੱਚ ਵੁੱਕਤ ? ਇਸ ਅਹੁਦੇ ਤੇ ਨਿਯੁਕਤ ਕੀਤੇ ਜਾਂਦੇ ਵਿਅਕਤੀਆਂ ਬਾਰੇ ਸਪੱਸ਼ਟ ਹੈ ਕਿ ਉਹ ਕਿਵੇਂ ਲੰਬੀਓ ਆਏ ਲਿਫ਼ਾਫੇ ਵਿੱਚ ਨਿਕਲਦੇ ਹਨ। ਮੌਜੂਦਾ ਜਥੇਦਾਰ ਦੀ ਦਸਤਾਰਬੱਧੀ ਕੀਹਨੂੰ ਭੁੱਲੀ ਜਿਹੜੀ ਸੰਗਤਾਂ ਦੇ ਵਿਰੋਧ ਦੇ ਡਰੋ ਵੱਡੇ ਤੜਕੇ ਕਰਨੀ ਪਈ। ਕੌਮ ਦੇ ਸਿਰਮੌਰ ਆਗੂ ਇਸ ਤਰ੍ਹਾਂ ਥਾਪੇ ਜਾਂਦੇ ?

ਜਥੇਦਾਰ ਸਾਹਿਬਾਨ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਰੁਤਬਾ ਉਦੋਂ ਬਰਕਰਾਰ ਸੀ ਜਦੋਂ ਮਹਾਰਾਜਾ ਰਣਜੀਤ ਸਿੰਘ ਵਰਗਿਆਂ ਨੂੰ ਸਜ਼ਾ ਦਾ ਐਲਾਨ ਕੀਤਾ ਸੀ। ਪਰ ' ਜਿਵੇਂ ਜਿਵੇਂ ਬਾਦਲ ਦਲ ਸਿੱਖ ਸੰਸਥਾਵਾਂ ਤੇ ਕਾਬਜ਼ ਹੋਇਆ ਤਾਂ ਇਸ ਸਰਬਉੱਚ ਸੰਸਥਾ ਦਾ ਵੱਕਾਰ ਘਟਾ ਦਿੱਤਾ ਗਿਆ । ਫੈਸਲੇ ਅਤੇ ਹੁਕਮਨਾਮੇ ਬਾਦਲਾਂ ਦੀਆਂ ਖਾਹਿਸ਼ਾਂ ਖਾਤਿਰ ਹੁੰਦੇ ਰਹੇ , ਇਸ ਸਮੇਂ ਦੌਰਾਨ ਕਿੰਨੇ ਲੋਕਾਂ ਨੂੰ ਪੰਥ ਵਿੱਚੋਂ ਛੇਕਿਆ ਪਰ ਪੰਥ ਨੇ ਇਹਨਾ ਹੁਕਮਨਾਮਿਆਂ / ਫੁਰਮਾਨਾਂ ਨੂੰ ਮੰਨਿਆ ਨਹੀਂ । ਸਪੋਕਸਮੈਨ ਵਾਲੇ ਜੋਗਿੰਦਰ ਸਿੰਘ ਨਾਲੇ ਕੀਹਨੇ ਰੋਟੀ ਬੇਟੀ ਦੀ ਸਾਂਝ ਤਿਆਗੀ ਸੀ ? ਉਦਾਹਰਨਾਂ ਬਹੁਤ ਹਨ ਅਤੇ ਪੰਥ ਭਲੀ ਭਾਂਤ ਜਾਣਦਾ ਹੈ।

ਮੈਂ ਕਿਸੇ ਤਰ੍ਹਾਂ ਵੀ ਭਗਵੰਤ ਮਾਨ ਦੀ ਤਰਫ਼ਦਾਰੀ ਨਹੀਂ ਕਰ ਰਿਹਾ ਤੇ ਕਦੇ ਕਰਨੀ ਵੀ ਨਹੀਂ। ਕਿਉਂਕਿ ਉਹਦਾ ਕਿਰਦਾਰ ਜਿੰਨ੍ਹਾਂ ਜਨਤਕ ਹੋ ਚੁੱਕਾ ਇਹਦੇ ਪਿੱਛੇ ਹੋਰ ਬਹੁਤ ਪਰਤਾਂ ਹਨ ਜਿੰਨ੍ਹੇ ਤੋਂ ਪਰਦੇ ਚੁੱਕੇ ਜਾ ਸਕਦੇ ਅਤੇ ਸਮੇਂ ਸਮੇਂ ਬਹੁਤ ਕੁਝ ਸਾਹਮਣੇ ਆਉਣਾ ।

ਪਰ ਕੱਲ੍ਹ ਵਾਲਾ ਫੈਸਲਾ ਉਦੋਂ ਆਇਆ ਜਦੋਂ ਸੁਖਬੀਰ ਸਿੰਘ ਬਾਦਲ ਕਸੂਤੇ ਘਿਰੇ ਹੋਏ ਹਨ । ਬੇਅਦਬੀ ਦੇ ਮਾਮਲੇ 'ਚ ਗ੍ਰਿਫ਼ਤਾਰੀ ਦਾ ਡਰ ਸਿੱਧਾ ਸਤਾ ਰਿਹਾ , ਜਿਵੇਂ ਕਿਆਸਅਰਾਈਆਂ ਹਨ ਭਗਵੰਤ ਮਾਨ ਵੀ ਇਸਨੂੰ ਵੋਟਾਂ ਦਾ ਲਾਹਾ ਲੈਣ ਲਈ ਗ੍ਰਿਫ਼ਤਾਰ ਕਰਵਾ ਸਕਦੇ ਹਨ ਬੇਅਦਬੀ ਦੇ ਮਾਮਲੇ 'ਚ ਇਨਸਾਫ਼ ਦੀ ਗੱਲ ਨੂੰ ਭੁੱਲ ਜੋ ।

ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਆਖਿਆ ਕਿ ਇਹ ਵੀਡਿਓ ਦੀ ਫਾਰੈਂਸਿਕ ਜਾਂਚ ਕਰਵਾਈ ਹੈ , ਵੀਡਿਓ ਅਸਲੀ ਹੈ। ਜਿਸ ਬਾਰੇ 'ਆਪ' ਆਦਮੀ ਪਾਰਟੀ ਦੇ ਬੁਲਾਰਿਆਂ ਨੇ ਮੰਨ ਵੀ ਲਿਆ ਕਿ ਵੀਡਿਓ ਅਸਲੀ ਹੈ। ਪਰ ਇਸ ਵੀਡਿਓ ਵਿੱਚ ਭਗਵੰਤ ਮਾਨ ਅਸਲੀ ਨਹੀਂ , ਇਹ ਜਾਂਚ ਰਿਪੋਰਟ 'ਚ ਕਿੱਥੇ ਲਿਖਿਆ ।

ਦੂਜਾ ਤਰਕ ਇਹ ਹੈ ਕਿ ਕਿਹੜੇ ਹੋਟਲ ਵਿੱਚ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਲੱਗੀਆਂ ਹੁੰਦੀਆਂ ?

ਖੈਰ ਇਸ ਤੋਂ ਹਟਕੇ ਵੀ ਦੇਖੀਏ ਹੋ ਸਕਦਾ ਵੀਡਿਓ ਵਾਲੇ ਬੰਦੇ ਨੇ ( ਜੋ ਕਿ ਭਗਵੰਤ ਮਾਨ ਹੈ ਜਾਂ ਨਹੀਂ ) ਤਸਵੀਰ ਦਾ ਨਿਰਾਦਰ ਕੀਤਾ ਹੈ। ਕਿਸੇ ਵੀ ਧਾਰਮਿਕ ਆਸਥਾ ਨੂੰ ਠੇਸ ਪਹੁੰਚਾਉਣਾ ਬਹੁਤ ਵੱਡਾ ਜੁਰਮ ਹੈ। ਪਰ ਤੁਸੀਂ ਸਿੱਧ ਕਿਵੇਂ ਕਰੋਗੇ ਕਿ ਇਹ ਤਸਵੀਰਾਂ ਸਿੱਖ ਗੁਰੂ-ਸਾਹਿਬਾਨ ਦੀਆਂ ।

ਸਿੱਖ ਧਰਮ ਮੁਤਾਬਿਕ ਮੂਰਤੀ ਪੂਜਾ -ਬੁੱਤ ਪੂਜਾ ਨੂੰ ਕੋਈ ਮਾਨਤਾ ਨਹੀਂ , ਜਿਹੜੀਆਂ ਤਸਵੀਰਾਂ ਤੇ ਅੱਜਕੱਲ੍ਹ ਸਿੱਖ ਹਾਰ ਚੜ੍ਹਾ ਕੇ ਧੂਪ ਬੱਤੀਆਂ ਕਰਦੇ ਉਹ ਸਿੱਖ ਗੁਰੂ ਸਾਹਿਬਾਨ ਦੀਆਂ ਨਹੀਂ ਬਲਕਿ ਸੋਭਾ ਸਿੰਘ ਦੇ ਬਣਾਏ ਪੋਰਟਰੇਟ ਹਨ। ਚਾਹੀਦਾ ਤਾਂ ਬਹੁਤ ਪਹਿਲਾਂ ਇਹ ਐਕਸ਼ਨ ਲੈਣਾ ਸੀ ਕਿ ਸਿੱਖ ਗੁਰੂ ਸਾਹਿਬਾਨ ਦੀ ਕੋਈ ਤਸਵੀਰ ਨਾ ਬਣਾਈ ਜਾਵੇ , ਉਲਟਾ ਅਸੀਂ ਉਹ ਤਸਵੀਰਾਂ ਘਰਾਂ , ਦਫਤਰਾਂ ਤੇ ਗੁਰੂ ਘਰਾਂ 'ਚ ਲਾਉਣ ਲੱਗੇ। ਤਕਨੀਕੀ ਪੱਖੋ ਅਸੀਂ ਹਮੇਸ਼ਾ ਮਾਰ ਖਾਂਧੀ ਹੈ। ਸਿਰਸੇ ਆਲ੍ਹੇ ਸਾਧ ਨੇ ਜਦੋਂ ਜਾਮ-ਏ-ਇੰਸਾ ਪਿਆਇਆ ਤਾਂ ਉਦੋਂ ਵੱਡਾ ਰੌਲਾ ਪਿਆ, ਦੋਵੇ ਪਾਸਿਓ ਕਿੰਨੇ ਪੰਜਾਬੀਆਂ ਦੀਆਂ ਜਾਨਾਂ ਗਈਆਂ , ਕਰੋੜਾਂ ਦਾ ਆਰਥਿਕ ਨੁਕਸਾਨ ਹੋਇਆ , ਪਰ ਉੱਥੇ ਵੀ ਉਹਨੇ ਸੋਭਾ ਸਿੰਘ ਦੀ ਬਣਾਈ ਤਸਵੀਰ ਦੀ ਨਕਲ ਕੀਤੀ ਸੀ । ਗੁਰੂ ਸਾਹਿਬਾਨ ਵੇਲੇ ਕੈਮਰੇ ਨਹੀਂ ਸਨ , ਇਸ ਕਰਕੇ ਉਹਨਾ ਦੀਆਂ ਅਸਲੀ ਤਸਵੀਰਾਂ ਨਹੀਂ ਹਨ, ਫਿਰ ਚਿੱਤਰਕਾਰਾਂ ਦੀਆਂ ਬਣਾਈਆਂ ਤਸਵੀਰਾਂ ਨੂੰ ਮਾਨਤਾ ਦੇ ਕੇ ਉਹਨਾ ਪੂਜਾ ਕਰਨੀ ਇੱਕ ਸੱਚੇ ਸਿੱਖ ਲਈ ਕਿਵੇਂ ਜਾਇਜ਼ ਹੋਈ। ਕਈ ਵਿਦਵਾਨ ਹਿੰਦੂ ਧਰਮ ਦਾ ਹਵਾਲਾ ਦੇਣਗੇ , ਉਹਨਾ ਦੇ ਧਰਮ 'ਚ ਮੂਰਤੀ ਪੂਜਾ ਅਤੇ ਬੁੱਤ ਪੂਜਾ ਨੂੰ ਮਾਨਤਾ ਹੈ , ਪਹਿਲਾਂ ਬੁੱਤ ਘਾੜਾ ਮੂਰਤੀ ਬਣਾਉਦਾ ਲੋਕ ਉਹਨੂੰ ਪੂਜਦੇ ਪਰ ਮੂਰਤੀ ਘਾੜੇ ਨੂੰ ਕੋਈ ਨਹੀਂ ਪੁੱਛਦਾ।ਅਗਲੀ ਗੱਲ ਇਹ ਜਿਹੜਾ ਕੱਲ੍ਹ ਫੁਰਮਾਨ ਆਇਆ ਇਹਦੇ ਵਿੱਚ ਭਗਵੰਤ ਮਾਨ ਭਾਵੇਂ ਦੋਸ਼ੀ ਹੈ ਜਾਂ ਨਹੀਂ , ਪਰ ਇਸਦਾ ਸਿੱਧਾ ਨੁਕਸਾਨ ਅਕਾਲੀ ਦਲ ਦੇ ਵੋਟ ਬੈਂਕ ਨੂੰ ਪੈਣਾ । ਨਿਰਪੱਖ ਸਿੱਖਾਂ ਨੂੰ ਇਹ ਸਿਆਸੀ ਸਵਾਰਥ ਹਿੱਤ ਕੀਤਾ ਫੈਸਲਾ ਲੱਗਦਾ।

# ਤੂਤਾਂ ਵਾਲੀ ਠੰਡੀ ਛਾਂ ਵਰਗਾ : ਸਤਵਿੰਦਰ ਬੁੱਗਾ



**ਕਾਲਾ ਸਿੰਘ ਸੈਣੀ,**
ਮੋਬਾ: 99882-80386

ਜਿਲ੍ਹਾ ਸ਼੍ਰੀ ਫਤਿਹਗੜ੍ਹ ਸਾਹਿਬ ਦੇ ਪਿੰਡ ਮੁਕਾਰੋਂਪੁਰ ਦਾ ਜੰਮਪਲ ਸਤਵਿੰਦਰ ਸਿੰਘ ਨੂੰ ਪਰਿਵਾਰਕ ਮੈਂਬਰ ਸਤਵਿੰਦਰ ਸਿੰਘ ਨੂੰ ਲਾਡ-ਪਿਆਰ 'ਚ 'ਬੁੱਗਾ' ਕਹਿ ਕੇ ਬੁਲਾਉਂਦੇ, ਅੱਗੇ ਵਧਕੇ ਮਾਪਿਆ ਦਾ ਲਾਡਲਾ ਸਤਵਿੰਦਰ ਸਿੰਘ ਗੀਤ,ਸੰਗੀਤ ਦੇ ਖੇਤਰ 'ਚ ਗਾਇਕ ਸਤਵਿੰਦਰ ਬੁੱਗਾ ਸੰਗੀਤ ਦੀ ਬੱਦਲੀ ਬਣ ਵਰਸਣ ਲੱਗਾ। ਰੱਜ ਕੇ ਮਿਹਨਤੀ ਅਤੇ ਮਿੱਠ ਬੋਲੜਾ ਸੁਭਾਅ ਦਾ ਮਾਲਕ ਗਾਇਕ ਸਤਵਿੰਦਰ ਬੁੱਗਾ ਜ਼ਮੀਨ ਨਾਲ ਜੁੜਿਆ ਕਲਾਕਾਰ ਹੈ। ਉਸ ਨੂੰ ਆਪਣੀ ਜਨਮ ਭੌਇੰ ਨਾਲ ਅੰਤਾਂ ਦਾ ਮੋਹ ਹੈ। ਆਪਣੇ ਗੀਤਾਂ ਨਾਲ ਸਮਾਜ ਪ੍ਰਤੀ ਜ਼ਿੰਮਵਾਰੀਆਂ ਨਿਭਾਉਣ ਦੇ ਨਾਲ-ਨਾਲ ਸਤਵਿੰਦਰ ਬੁੱਗਾ ਨੇ ਆਪਣੇ ਪਿੰਡ ਮੁਕਾਰੋਂਪੁਰ ਦੀ ਪੰਜ ਸਾਲ ਸਰਪੰਚੀ ਵੀ ਕੀਤੀ ਹੈ। ਪਿੰਡ ਦੇ ਸਰਪੰਚ ਵੱਜੋਂ ਸਤਵਿੰਦਰ ਬੁੱਗਾ ਨੇ ਆਪਣੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਇਆ ਹੈ। ਦਰਸ਼ਕਾਂ-ਸਰੋਤਿਆਂ ਦੇ ਦਿਲਾਂ ਦੀਆਂ ਤਾਰਾਂ ਨੂੰ ਛੂਹਦੇ ਉਸ ਦੇ ਰਿਕਾਰਡ ਗੀਤਾਂ 'ਚ ਕੁਝ ਗੀਤਾਂ ਦੇ ਬੋਲ ਸਤਵਿੰਦਰ ਬੁੱਗਾ ਦੇ ਸੁਭਾਅ ਦੀ ਗਵਾਹੀ ਵੀ ਭਰਦੇ ਹਨ।

ਗਾਉਣ ਦਾ ਸ਼ੌਕ ਸਤਵਿੰਦਰ ਬੁੱਗਾ ਨੂੰ ਬਚਪਨ ਤੋਂ ਹੀ ਪੈ ਗਿਆ ਸੀ। ਸਤਵਿੰਦਰ ਬੁੱਗਾ ਸਕੂਲ ਟਾਈਮ ਤੋਂ ਹੀ ਸੰਗੀਤਕ ਨਾਲ ਰੂਚੀ ਤਾਂ ਰੱਖਦਾ ਸੀ ਪਰ ਸੁਭਾਅ ਪੱਖੋਂ ਸ਼ਗਾਊ ਹੋਣ ਕਰਕੇ ਸਟੇਜ਼ 'ਤੇ ਨਹੀਂ ਸੀ ਜਾਂਦਾ। ਲੋਕ ਗਾਇਕ ਕਰਮਜੀਤ ਧੂਰੀ ਦੇ ਗੀਤ 'ਮਾਰ ਜਗੀਰੋ ਗੇੜਾ ਨੀਂ ਮੈਂ ਔਂਦਰ ਗਿਆ..,' ਨੂੰ ਅਕਸਰ ਗਾਉਂਦਾ ਰਹਿੰਦਾ। ਕੋਠੇ 'ਤੇ ਵੱਜਦੇ ਸਪੀਕਰਾਂ 'ਚ ਜਦੋਂ ਵੀ ਮਰਹੂਮ ਲੋਕ ਗਾਇਕ ਲਾਲ ਚੰਦ ਯਮਲਾ ਜੱਟ ਅਤੇ ਕਲੀਆਂ ਦੇ ਬਾਦਸ਼ਾਹ ਲੋਕ ਗਾਇਕ ਕੁਲਦੀਪ ਮਾਣਕ ਆਦਿ ਗਾਇਕ ਕਲਾਕਾਰਾਂ ਦੇ ਗੀਤ ਦੀ ਸੁਰੀਲੀ ਆਵਾਜ਼ ਉਸ ਨੂੰ ਸੁਣਾਈ ਦਿੰਦੀ ਤਾਂ ਸਤਵਿੰਦਰ ਬੁੱਗਾ ਖੇਤੀ 'ਚ ਹੱਥ ਵਟਾਉਂਦੇ ਵੇਲੇ ਟਰੈਕਟਰ ਚਲਾਉਂਦੇ ਸਮੇਂ ਅਤੇ ਦੋਸਤਾਂ 'ਚ ਬੈਠ ਗੀਤਾਂ ਨੂੰ ਗੁਣਗੁਣਾਉਂਦਾ ਰਹਿੰਦਾ। ਗਾਇਕੀ ਦੇ ਖੇਤਰ ਸਤਵਿੰਦਰ ਬੁੱਗਾ ਕੁਲਦੀਪ ਮਾਣਕ ਆਪਣਾ ਮਾਰਗ ਦਰਸ਼ਕ ਮੰਨਦਾ ਹੈ। ਸਕੂਲ ਟਾਈਮ ਤੋਂ ਲੋਕ ਨਾਚ ਭੰਗੜੇ ਦੀ ਟੀਮ ਦਾ ਮੋਹਰੀ ਬਣ ਕਾਲਜ ਦੀ ਪੜ੍ਹਾਈ ਦੌਰਾਨ ਵੀ ਸਤਵਿੰਦਰ ਬੁੱਗਾ ਨੇ ਆਪਣੀ ਭੰਗੜੇ ਦੀ ਟੀਮ ਦਾ ਕੈਪਟਨ ਰਹਿ ਕੇ ਅਗਵਾਈ ਕੀਤੀ। ਸਤਵਿੰਦਰ ਬੁੱਗਾ ਨੇ ਕਾਲਜ ਸਮੇਂ ਵੱਖੋਂ-ਵੱਖਰੇ ਮੁਕਾਬਲਿਆਂ 'ਚ ਗੀਤ,ਗਜ਼ਲ,ਲੋਕ ਗੀਤ,ਵਾਰ ਗਾਇਨ ਮੁਕਾਬਲਾ,ਭੰਗੜਾ ਆਦਿ 'ਚ ਇਨਾਮ ਹਾਸਿਲ ਕੀਤੇ ਹਨ।

ਸਤਵਿੰਦਰ ਬੁੱਗਾ ਨੇ ਗਾਇਕੀ ਦੇ ਖੇਤਰ 'ਚ ਆਪਣੀ ਪਹਿਲੀ ਟੇਪ 'ਲਾਈਆਂ ਯਾਰਾਂ ਨੇ ਮਹਿਫ਼ਲਾਂ' ਨਾਲ ਗਾਇਕੀ ਦੇ ਖੇਤਰ ਵਿਚ ਖਾਤਾ ਖੋਲ੍ਹਿਆ। ਫਿਰ ਟੇਪ 'ਉਡੀਕਾਂ ਤੇਰੀਆਂ' ਮਾਰਕਿਟ 'ਚ ਆਈ। ਇਸ ਟੇਪ 'ਚ ਸਤਵਿੰਦਰ ਬੁੱਗਾ ਨੇ 32 ਸੈਕਿੰਡ ਦੀ ਹੇਕ ਨਾਲ ਆਪਣੀ ਪਛਾਣ ਬਣਾਈ। ਫਿਰ 'ਤਵੀਤਾਂ ਵਾਲਾ ਜੱਟ ਮੋਹ ਲਿਆ','ਵਿਆਹ ਤੋਂ ਪਹਿਲਾ',ਐਲਬਮਾਂ ਝੋਲੀ ਪਾਈਆ ਹਨ। ਗਾਇਕ ਸਤਵਿੰਦਰ ਬੁੱਗਾ ਦੀ ਹਮੇਸ਼ਾਂ ਖਾਸੀਅਤ ਰਹੀ ਹੈ ਕਿ 'ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ' ਮੁਹਾਵਰੇ ਅਨੁਸਾਰ ਰੂਹ ਦੀ ਖੁਰਾਕ ਗਾਇਕੀ ਨੂੰ ਹਿੱਕ ਦੇ ਜੋਰ ਨਾਲ ਗਾ ਕੇ ਹਿੱਟ ਕਰ ਦਿਖਾਇਆ ਹੈ। ਉਸ ਨੇ ਸੱਭਿਆਚਾਰ ਤੇ ਮਿਆਰੀ ਗਾਇਕੀ ਨਾਲ ਆਪਣਾ ਵੱਖਰਾ ਮੁਕਾਮ ਹਾਸਿਲ ਕੀਤਾ ਹੈ। ਦਰਜ਼ਨ ਦੇ ਕਰੀਬ ਐਲਬਮਾਂ ਜਿਨ੍ਹਾਂ ਵਿਚ 'ਲਾਇਆਂ ਯਾਰਾਂ ਨੇ ਮਹਿਫ਼ਲਾਂ','ਉਡੀਕਾਂ ਤੇਰੀਆਂ', 'ਤਵੀਤਾਂ ਵਾਲਾ ਜੱਟ ਮੋਹ ਲਿਆ','ਵਿਆਹ ਤੋਂ ਪਹਿਲਾ','ਤੇਰਾ ਨੱਚਣਾ ਬੜਾ ਕਮਾਲ ', 'ਹਾਏ ਸੋਹਣੀਏ ','ਕੁੜੀ ਪੰਜਾਬਣ ਲੱਗਦੀ ਐ ', ' ਯਾਰ ਨਾ ਵਿੱਛੜੇ ',' ਬੇਦਰਦੇ ਨੀਂ ',' ਏਨੇਂ ਖੱਤ ਲਿਖਦੀ ਨਾ ', ਮਲਟੀ ਐਲਬਮਾਂ ਆਦਿ ਵਿੱਚਲੇ ਗੀਤ 'ਵਿੱਛੜਣ-ਵਿੱਛੜਣ ਕਰਦੀ ਏ ਜਦੋਂ ਵਿੱਛੜੇਗੀ..','ਅੱਖ ਮਸਤਾਨੀ','ਯਾਰ ਨਾ ਵਿੱਛੜੇ,ਸੱਜਣ ਨਾ ਵਿੱਛੜੇ','ਰੱਬ ਦੇ ਸਮਾਨ ਸਾਨੂੰ ਕਹਿਣ ਵਾਲੀਏ','ਬੇਦਰਦੇ ਨੀ','ਇਸ਼ਕ-ਇਸ਼ਕ','ਛੱਲੇ ਨਾਲ ਜੂੰਗਨੀ ਅਟੈਚ ਹੋ ਗਈ','ਤੂਤਾਂ ਵਾਲੀ ਠੰਡੀ ਛਾਂ ਦੋਸਤੋ','ਜ਼ਿੰਨੇ ਦੁੱਖ ਸਾਨੂੰ ਤੂੰ ਦਿੱਤੇ ਨੀ ਕੋਈ ਹੋਰ ਹੁੰਦਾ ਤਾਂ ਮਰ ਜਾਂਦਾ','ਕੁੜੀ ਪੰਜਾਬਣ ਲੱਗਦੀ ਏ..',ਆਦਿ ਆਪਣੇ ਹਰੇਕ ਗੀਤ ਨਾਲ ਸਫਲਤਾ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹਿਆ ਹੈ। ਪੰਜਾਬੀਆਂ ਦੇ ਹਰਮਨ ਪਿਆਰੇ ਗਾਇਕ ਸਤਵਿੰਦਰ ਬੁੱਗਾ ਦੇ ਗੀਤਾਂ ਵਿੱਚਲੀ ਬਾ-ਕਮਾਲ ਸ਼ਾਇਰੀ ਵੀ ਦਿਲਾਂ ਦੀ ਗੱਲ ਕਰਦੀ ਪ੍ਰਤੀਤ ਹੁੰਦੀ ਹੈ। ਉਸ ਨੇ ਪੰਜਾਬੀ ਗੀਤਾਂ ਦੇ ਨਾਲ-ਨਾਲ ਧਾਰਮਿਕ ਐਲਬਮਾਂ ਵਿੱਚਲੀਆਂ ਮਾਤਾ ਦੀਆਂ ਭੇਟਾਂ 'ਸ਼ਿਫਤ ਕਰੀ ਨਾ ਜਾਵੇ ਮੇਰੀ ਦਾਤੀ ਦੇ ਦਰਬਾਰ ਦੀ ', ਆਦਿ ਅਤੇ ਧਾਰਮਿਕ ਗੀਤ 'ਰੱਬਾ ਮੈਨੂੰ ਨੇਕਿਆਂ ਕਮਾਉਣ ਜੋਗਾ ਕਰਦੇ', ਆਦਿ ਵੀ ਸਰਧਾ ਨਾਲ ਰਿਕਾਰਡ ਕਰਵਾਏ ਹਨ। ਸੰਗੀਤ ਜਿਨ੍ਹਾਂ ਲਈ ਭਗਤੀ ਬਣ ਜਾਂਦਾ ਹੈ ਉਨ੍ਹਾਂ 'ਚ ਇੱਕ ਨਾਂ ਹੈ ਸੁਰੀਲਾ ਗਾਇਕ ਸਤਵਿੰਦਰ ਬੁੱਗਾ। ਸਤਵਿੰਦਰ ਬੁੱਗਾ ਦੀ ਚਾਹਤ ਨੂੰ ਬੂਰ ਪਿਆ,ਸੰਗੀਤਕ ਕੰਪਨੀ ਟੀ.ਪੀ.ਐਮ. 'ਚ ਕੰਮ ਕਰਕੇ ਵਿੱਕੀ ਮੋਦੀ ਦੀ ਬਦੋਲਤ ਸਤਵਿੰਦਰ ਬੁੱਗਾ ਦੀ ਮਰਹੂਮ ਸੰਗੀਤਕਾਰ ਸੰਗੀਤ ਸਮਰਾਟ ਜਨਾਬ ਚਰਨਜੀਤ ਅਹੂਜਾ ਨਾਲ ਹੋਈ ਮੁਲਾਕਾਤ ਜਾਨਦਾਰ ਪਛਾਣ ਦਾ ਸਬੱਬ ਬਣੀ। ਉਸਤਾਦ ਅਤੇ ਚੇਲੇ ਦੀ ਪ੍ਰੰਪਰਾ ਨੂੰ ਬਰਕਰਾਰ ਰੱਖਦੇ ਹੋਏ ਅਹੂਜਾ ਸਾਬ ਨੇ ਸਤਵਿੰਦਰ ਬੁੱਗਾ ਨੂੰ ਚਾਰ ਸਾਲ ਗੀਤ,ਸੰਗੀਤ 'ਤੇ ਮਿਹਨਤ ਕਰਵਾਈ। ਫਿਰ ਐਲਬਮ ' ਤੇਰਾ ਨੱਚਣਾ ਬੜਾ ਕਮਾਲ ', ਟਾਈਟਲ ਹੇਠ ਮਾਰਕਿਟ 'ਚ ਆਈ। ਕੈਸੇਟ ਵਿੱਚਲੇ ਗੀਤ ' ਨੀਂ ਤੂੰ ਵਿੱਛੜਣ-ਵਿੱਛੜਣ ਕਰਦੀ ਏਂ..', ਨੇ ਦੀ ਅਪਾਰ ਸਫਲਤਾ ਨੇ ਸਤਵਿੰਦਰ ਬੁੱਗਾ ਨੂੰ ਸਟਾਰ ਬਣਾ ਦਿੱਤਾ। ਫਿਰ ਐਲਬਮ ' ਹਾਏ ਸੋਹਣੀਏ ', ' ਕੁੜੀ ਪੰਜਾਬਣ ਲੱਗਦੀ ਏ ', ' ਯਾਰ ਨਾ ਵਿੱਛੜੇ ',' ਬੇਦਰਦੇ ਨੀਂ ',' ਏਨੇਂ ਖੱਤ ਲਿਖਦੀ ਨਾ ' ਆਦਿ ਐਲਬਮਾਂ ਵਿੱਚਲੇ ਗੀਤਾਂ ਨੂੰ ਸੰਗੀਤਕਾਰ ਸੰਗੀਤ ਸਮਰਾਟ ਜਨਾਬ ਚਰਨਜੀਤ ਅਹੂਜਾ ਦੇ ਬਾ-ਕਮਾਲ ਮਨਮੋਹਕ ਸੰਗੀਤਕ ਧੁੰਨਾਂ 'ਚ ਗੁੰਦ ਕੇ ਸਰੋਤਿਆਂ ਦੇ ਦਿਲਾਂ 'ਚ ਵਸਾਇਆ ਹੈ। ਗਾਇਕੀ ਦੇ ਖੇਤਰ 'ਚ ਸੁਰੀਲੇ ਗਾਇਕ ਸਤਵਿੰਦਰ ਬੁੱਗਾ ਨੂੰ ਚਾਹੁੰਣ ਵਾਲਿਆਂ ਦਾ ਘੇਰਾ ਵਿਸ਼ਾਲ ਹੈ। ਸਟੇਜ਼ਾਂ 'ਤੇ ਹਮੇਸ਼ਾਂ ਹੀ ਉਸ ਦੇ ਗੀਤਾਂ ਨੂੰ ਸੁਣਨ ਵਾਲਿਆਂ ਦੀ ਫਰਮਾਇਸ਼ ਦੀ ਲਿਸਟ ਲੰਮੀਂ ਰਹਿੰਦੀ ਹੈ। ਸਤਵਿੰਦਰ ਬੁੱਗਾ ਪਿੱਠਵਰਤੀ ਗਾਇਕ ਸੁਨਹਿਰੀ ਪਰਦੇ 'ਤੇ ਵੀ ਆਪਣੀ ਆਵਾਜ਼ ਨਾਲ ਪੰਜਾਬੀ ਫਿਲਮਾਂ 'ਵਿਦਰੋਹ', ਅਤੇ 'ਦੇਹ ਸ਼ਿਵਾ ਮਰ ਮੋਹਿ ਹੈ', ਲਈ ਗਾਇਆ ਹੈ। ਸਤਵਿੰਦਰ ਬੁੱਗਾ ਦੀ ਆਪਣੀ 'ਬੁੱਗਾ ਰਿਕਾਰਡਜ਼ ਸੰਗੀਤਕ ਕੰਪਨੀ' ਸੰਗੀਤ ਦੇ ਖੇਤਰ 'ਚ ਖੂਬ ਚਰਚਾ 'ਚ ਹੈ। ਸਤਵਿੰਦਰ ਬੁੱਗਾ ਦਾ ਬੇਟਾ ਅਮਨਿੰਦਰ ਬੁੱਗਾ



ਗਾਇਕ ਸਤਵਿੰਦਰ ਬੁੱਗਾ

ਵੀ ਗਾਇਕੀ ਦੇ ਖੇਤਰ 'ਚ ਅਮਿੱਟ ਪੈੜਾਂ ਪਾ ਰਿਹਾ ਹੈ। ਸੰਗੀਤ ਜਗਤ ਦੇ ਸਿਤਾਰੇ ਲੋਕ ਗਾਇਕ ਸਤਵਿੰਦਰ ਬੁੱਗਾ ਨੇ ਜਿੱਥੇ ਗੀਤ,ਸੰਗੀਤ ਵਿੱਚ ਆਪਣੇ ਹਿੱਟ ਗੀਤਾਂ ਨਾਲ ਆਪਣੀ ਬੁਲੰਦ ਆਵਾਜ਼ ਵਾਲੀ ਗਾਇਕੀ ਨਾਲ ਘੇਰਾ ਵਿਸ਼ਾਲ ਕੀਤੀ ਹੈ। ਉਸ ਕੋਲ ਸਟੇਜ਼ਾਂ ਦੀ ਸ਼ਾਨ ਬਣ ਮੇਲਾ ਲੁੱਟਣ ਦੀ ਕਲਾ ਹੈ,ਉੱਥੇ ਹੀ ਹਰ ਦਿਲ ਅਜੀਜ਼ ਸਤਵਿੰਦਰ ਬੁੱਗਾ ਯਾਰਾਂ ਦਾ ਯਾਰ ਵੀ ਹੈ। ਯਾਰਾਂ ਦੀ ਮਹਿਫ਼ਲਾਂ ਦੀ ਰੌਣਕ ਬਣ ਜਾਂਦਾ ਹੈ। ਤਮਾਮ ਦਿਲਾਂ 'ਚ ਵਸਦਾ ਪੰਜਾਬੀਆਂ ਦਾ ਹਰਮਨ ਪਿਆਰਾ ਗਾਇਕ ਸਤਵਿੰਦਰ ਬੁੱਗਾ ਵਲੋਂ ਹਾਲ ਹੀ 'ਚ ਨਵੇਂ ਸ਼ਿੰਗਲ ਟਰੈਕ 'ਯਾਰ ਨਾ ਦੇਵੇ' ਸਰੋਤਿਆਂ ਦੇ ਸਨਮੁੱਖ ਕੀਤਾ ਹੈ। ਮਿਊਜ਼ਿਕ ਵਾਵੇਸ਼ ਕੰਪਨੀ ਦੀ ਪੇਸ਼ਕਸ਼ ਦਾ ਗੀਤ ਗੀਤਕਾਰ ਕਮਲ ਮੇਹਟਾਂ ਦੀ ਕਲਮ ਦਾ ਉਪਜ ਹੈ। ਸੰਗੀਤ ਸੰਗੀਤ ਸਮਰਾਟ ਸਵ.ਚਰਨਜੀਤ ਅਹੂਜਾ ਦਾ ਦਿੱਤਾ ਹੋਇਆ ਹੈ। ਗੀਤ 'ਯਾਰ ਨਾ ਦੇਵੇ' ਨਾਲ ਸੰਗੀਤ ਦੇ ਖੇਤਰ ਵਿੱਚ ਚੁਫ਼ੇਰੇ ਚਰਚਾ 'ਚ ਹੈ। ਪੰਜਾਬੀ ਸੰਗੀਤ ਜਗਤ ਲਈ ਸ਼ੁਭ ਸ਼ਗਨ ਸਤਵਿੰਦਰ ਬੁੱਗਾ ਦੀ ਆਵਾਜ਼ ਦਾ ਜਾਦੂ ਸਰੋਤਿਆਂ ਦੇ ਦਿਲਾਂ ਦੀਆਂ ਤਾਰਾਂ ਨੂੰ ਛੂਹਦਾ ਪ੍ਰਤੀਤ ਹੁੰਦਾ ਹੈ। ਗੀਤ ਦੀ ਸਮੂਹ ਟੀਮ ਵਧਾਈ ਦੀ ਪਾਤਰ ਹੈ।


# ਅਲਵਿਦਾ : ਵਿਦਿਆ ਦੇ ਵਣਜਾਰੇ ਸਵਰਨ ਸਿੰਘ ਭੰਗੂ



ਉਜਾਗਰ ਸਿੰਘ

ਪੰਜਾਬੀ ਸਰੋਕਾਰਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਸਿਖਿਆ ਅਤੇ ਸਮਾਜਿਕ ਬਰਾਬਰੀ ਦੇ ਪੈਰੋਕਾਰ ਸਵਰਨ ਸਿੰਘ ਭੰਗੂ ਪ੍ਰਸ਼ਾਸ਼ਨਿਕ ਪ੍ਰਣਾਲੀ ਦੀ ਅਣਗਹਿਲੀ ਦਾ ਸ਼ਿਕਾਰ ਹੋ ਕੇ ਅਚਨਚੇਤ ਸਵਰਗ ਸਿਧਾਰ ਗਏ ਹਨ। ਉਹ ਸਮਾਜ ਵਿੱਚ ਫੈਲੀਆਂ ਜਿਹੜੀਆਂ ਊਣਤਾਈਆਂ ਦੇ ਗੰਦ ਨੂੰ ਖ਼ਤਮ ਕਰਨ ਲਈ ਸਾਰੀ ਉਮਰ ਜਦੋਜਹਿਦ ਕਰਦੇ ਰਹੇ, ਅਖ਼ੀਰ ਉਨ੍ਹਾਂ ਊਣਤਾਈਆਂ ਨੇ ਹੀ ਉਸਦੀ ਜਾਨ ਲੈ ਲਈ। ਇਹ ਮੌਤ ਇਕੱਲੇ ਸਵਰਨ ਸਿੰਘ ਭੰਗੂ ਦੀ ਮੌਤ ਨਹੀਂ, ਸਗੋਂ ਇਹ ਇੱਕ ਲਹਿਰ ਦੀ ਮੌਤ ਹੈ, ਜਿਹੜੀ ਸਵਰਨ ਸੰਘ ਭੰਗੂ ਨੇ ਸਮਾਜਿਕ ਨਾਬਰਾਬਰੀ ਅਤੇ ਬੇਇਨਸਾਫ਼ੀ ਦੇ ਖਾਤਮੇ ਲਈ ਸ਼ੁਰੂ ਕੀਤੀ ਸੀ। ਉਨ੍ਹਾਂ ਦੇ ਬੇਵਕਤੀ ਇਸ ਸੰਸਾਰ ਨੂੰ ਅਲਵਿਦਾ ਕਹਿਣ ਕਰਕੇ ਹਜ਼ਾਰਾਂ ਵਿਦਿਆਰਥੀਆਂ ਦੇ ਭਵਿਖ ਨੂੰ ਗ੍ਰਹਿਣ ਲੱਗ ਗਿਆ ਹੈ, ਜਿਹੜੇ ਸਵਰਨਸਿੰਘ ਭੰਗੂ ਦੀ ਰਹਿਨਮਾਈ ਵਿੱਚ ਸਿਖਿਆ ਪ੍ਰਾਪਤ ਕਰ ਰਹੇ ਸਨ। ਸਵਰਨ ਸਿੰਘ ਭੰਗੂ ਰੌਸ਼ਨ ਦਿਮਾਗ, ਸੁਜੱਗ, ਚੇਤੰਨ ਤੇ ਬਿਹਤਰੀਨ ਇਨਸਾਨ ਸਨ। ਉਨ੍ਹਾਂ ਨੇ ਸਮਾਜਿਕ ਬੁਰਾਈਆਂ ਦੂਰ ਕਰਨ ਲਈ ਇੱਕ ਲਹਿਰ ਪੈਦਾ ਕੀਤੀ ਹੋਈ ਸੀ। ਪੰਜਾਬ ਦੇ ਕਾਲੇ ਦਿਨਾ ਵਿੱਚ ਉਹ ਸਰਕਾਰੀਤੰਤਰ ਅਤੇ ਸਮਾਜ ਵਿਰੋਧੀ ਅਨਸਰਾਂ ਭਾਵ ਦੋਵੇਂ ਧਿਰਾਂ ਨੂੰ ਮਾਨਵਤਾ ਦੇ ਹਿਤਾਂ ਦੇ ਵਿਰੁੱਧ ਚੱਲਣ ਕਰਕੇ ਤਾੜਦੇ ਰਹਿੰਦੇ ਸਨ। ਉਹ ਬਹੁਤ ਹੀ ਬੇਬਾਕੀ ਨਾਲ ਪਬਲਿਕ ਸਮਾਗਮਾ ਵਿੱਚ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਲੋਕਾਂ ਨੂੰ ਮੋਹਰੇ ਬਣਾਕੇ ਵਰਤਣ ਤੋਂ ਗੁਰੇਜ ਕਰਨ ਲਈ ਰੋਕਦੇ ਸਨ। ਉਹ ਖੱਬੇ ਪੱਖੀ ਸੋਚ ਦੇ ਸਮਰੱਥਕ ਹੋਣ ਕਰਕੇ ਸਚਾਈ ਦਾ ਸਾਥ ਦਿੰਦੇ ਸਨ। ਉਹ ਲੋਕਾਂ ਨਾਲ ਹੋ ਰਹੀ ਹਰ ਜ਼ਿਆਦਤੀ ਵਿਰੁੱਧ ਆਵਾਜ਼ ਉਠਾਉਂਦੇ ਸਨ। ਸਚਾਈ ‘ਤੇ ਪਹਿਰਾ ਦਿੰਦੇ ਸਨ। ਸਮਾਜਿਕ ਬੁਰਾਈਆਂ ਦੀ ਲਾਹਣਤ ਨੂੰ ਦੂਰ ਕਰਨ ਲਈ ਪਿੰਡਾਂ ਵਿੱਚ ਜਾ ਕੇ ਨਾਟਕ ਖੇਡਦੇ ਰਹੇ ਹਨ।

ਸੰਸਾਰ ਵਿੱਚ ਅਣਗਿਣਤ ਲੋਕ ਆਉਂਦੇ ਜਾਂਦੇ ਰਹਿੰਦੇ ਹਨ ਤੇ ਆਪੋ ਆਪਣੀਆਂ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਕੇ ਇਸ ਸੰਸਾਰ ਤੋਂ ਚੁੱਪ ਚਾਪ ਰੁਖਸਤ ਹੋ ਜਾਂਦੇ ਹਨ। ਉਨ੍ਹਾਂ ਨੂੰ ਸਮਾਜ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ। ਉਨ੍ਹਾਂ ਦੇ ਜਾਣ ਦਾ ਸਮਾਜ ਨੂੰ ਬਹੁਤਾ ਫਰਕ ਵੀ ਨਹੀਂ ਪੈਂਦਾ, ਕਿਉਂਕਿ ਉਨ੍ਹਾਂ ਨੇ ਕੋਈ ਅਜਿਹਾ ਕੰਮ ਨਹੀਂ ਕੀਤਾ ਹੁੰਦਾ, ਜਿਸ ਕਰਕੇ ਉਨ੍ਹਾਂ ਨੂੰ ਯਾਦ ਕੀਤਾ ਜਾਵੇ। ਸਮਾਜ ਵਿੱਚ ਕੁਝ ਗਿਣਵੇਂ ਚੁਣਵੇਂ ਅਜਿਹੇ ਇਨਸਾਨ ਵੀ ਹੁੰਦੇ ਹਨ, ਜਿਹੜੇ ਆਪਣੇ ਸਮਾਜ ਵਿੱਚ ਪਾਏ ਯੋਗਦਾਨ ਕਰਕੇ ਜਾਣੇ ਜਾਂਦੇ ਹਨ, ਭਾਵ ਉਨ੍ਹਾਂ ਲੋਕਾਂ ਨੂੰ ਸਮਾਜ ਦੇ ਦਰਦ ਦੀ ਪਛਾਣ ਹੁੰਦੀ ਹੈ। ਉਨ੍ਹਾਂ ਦਾ ਦਿਲ ਸਮਾਜ ਲਈ ਧੜਕਦਾ ਹੁੰਦਾ ਹੈ। ਸਵਰਨ ਸਿੰਘ ਭੰਗੂ ਅਜਿਹੇ ਹੀ ਇਨਸਾਨ ਨਹੀਂ ਸਨ, ਸਗੋਂ ਇੱਕ ਫਰਿਸ਼ਤੇ ਦੇ ਰੂਪ ਵਿੱਚ ਜਾਣੇ ਜਾਂਦੇ ਵਿਅਕਤੀ ਸੀ, ਸਵਰਨ ਸਿੰਘ ਭੰਗੂ, ਜਿਨ੍ਹਾਂ ਨੇ ਸਮਾਜ ਦੇ ਗ਼ਰੀਬ, ਦੱਬੇ ਕੁਚਲੇ, ਪਛੜੇ, ਅਨੁਸੂਚਿਤ ਜਾਤੀਆਂ ਅਤੇ ਸਮਾਜ ਵੱਲੋਂ ਦੁਰਕਾਰੇ ਲੋਕਾਂ ਦੀ ਪੀੜ ਨੂੰ ਪਛਾਣਿਆਂ ਅਤੇ ਉਨ੍ਹਾਂ ਦੇ ਹੰਝੂ ਪੂੰਝੇ ਹੀ ਨਹੀਂ, ਸਗੋਂ ਉਨ੍ਹਾਂ ਦੇ ਚਿਹਰਿਆਂ ‘ਤੇ ਖ਼ੁਸ਼ੀਆਂ ਤੇ ਖੇੜੇ ਲੈ ਕੇ ਆਉਣ ਵਿੱਚ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਸਨ। ਉਹ ਇੱਕ ਖ਼ਰੇ ਸੋਨੇ ਵਰਗੇ ਸਨ, ਜਿਹੜੇ ਗ਼ਰੀਬਾਂ ਦੀਆਂ ਬਸਤੀਆਂ ਵਿੱਚ ਵਿਦਿਆ ਦੀ ਰੌਸ਼ਨੀ ਵੰਡਦੇ ਰਹਿੰਦੇ ਸੀ। ਉਨ੍ਹਾਂ ਦਾ ਸਵਰਨ ਸਿੰਘ ਨਾਮ ਹੀ ਸਹੀ ਅਰਥਾਂ ਵਿੱਚ ਪਵਿਤਰਤਾ, ਦਿਆਨਤਦਾਰੀ, ਇਮਾਨਦਾਰੀ ਅਤੇ ਆਪਣੇ ਫ਼ਰਜਾਂ ਦੀ ਪ੍ਰਤੀਬੱਧਤਾ ਦਾ ਪ੍ਰਤੀਕ ਸੀ। ਉਹ ਬਹੁ-ਪੱਖੀ, ਬਹੁ-ਦਿਸ਼ਾਵੀ ਅਤੇ ਉਚੀ ਤੇ ਸੁੱਚੀ-ਸੋਚ ਵਾਲੇ ਇਨਸਾਨ ਦੇ ਰੂਪ ਵਿੱਚ ਦੇਵਤਾ ਸਨ। ਉਹ ਨਾ ਕਿਸੀ ਸੇ ਦੋਸਤੀ ਨਾ ਕਿਸੀ ਸੇ ਵੈਰ ਦੇ ਸਿਧਾਂਤ ‘ਤੇ ਚਲਦੇ ਹੋਏ ਹਮੇਸ਼ਾ ਸਰਬੱਤ ਦੇ ਭਲੇ ਦੀ ਗੱਲ ਕਰਦੇ ਸਨ। ਉਨ੍ਹਾਂ ਦੀ ਨਿਰਪੱਖਤਾ ਦੀ ਪ੍ਰਵਿਰਤੀ ਵੀ ਲਾਮਿਸਾਲ ਸੀ। ਮਸਤ ਹਾਥੀ ਦੀ ਤਰ੍ਹਾਂ ਲੋਕ ਭਲਾਈ ਦੇ ਕਾਰਜਾਂ ਵਿੱਚ ਰੁੱਝੇ ਰਹਿੰਦੇ ਸਨ। ਬਹੁਤ ਹੀ ਸਾਧਾਰਨ ਜੀਵਨ ਬਤੀਤ ਕਰਦੇ ਸਨ। ਸਾਈਕਲ ਦੀ ਸਵਾਰੀ ਨੂੰ ਤਰਜੀਹ ਦਿੰਦੇ ਸਨ, ਸਾਈਕਲ ਹੀ ਉਸਦੀ ਦੀ ਮੌਤ ਦਾ ਕਾਰਨ ਬਣਿਆਂ। ਨਮਰਤਾ, ਸਮਾਜਿਕ ਜਾਗਰੂਕਤਾ, ਮਾਨਵਤਾ ਦੀ ਸੇਵਾ ਤੇ ਨੇਕਨੀਤੀ ਉਸਦੇ ਗਹਿਣੇ ਸਨ। ਉਹ ਸਮਾਜਿਕ ਕਦਰਾਂ ਕੀਮਤਾਂ ਦੀ ਪਹਿਰੇਦਾਰੀ ਕਰਦੇ ਸਨ। ਅਗਾਂਹਵਧੂ ਅਤੇ ਖੱਬੇ ਪੱਖੀ ਵਿਚਾਰਧਾਰਾ ਦੇ ਮਾਲਕ ਸਨ। ਸਮਾਜਿਕ ਤਾਣਾ ਬਾਣਾ ਹੀ ਉਸਦਾ ਪਰਿਵਾਰ ਸੀ। ਲੋਕਾਂ ਦੀ ਆਵਾਜ਼ ਬਣਕੇ ਉਸਨੂੰ ਖ਼ੁਸ਼ੀ ਮਿਲਦੀ ਸੀ। ਲੋਕ ਹਿਤਾਂ ਲਈ ਸਰਕਾਰ ਦਰਬਾਰ ਨਾਲ ਵੀ ਆਢ੍ਹਾ ਲਾ ਲੈਂਦੇ ਸਨ। ਡਰ ਭੈਅ ਤੋਂ ਕੋਹਾਂ ਦੂਰ ਸਨ।



ਸਵਰਨ ਸਿੰਘ ਭੰਗੂ

ਸਵਰਨ ਸਿੰਘ ਭੰਗੂ ਸਮਾਜ ਸੇਵੀ, ਸਿਖਿਆ ਸ਼ਾਸਤਰੀ, ਇਨਕਲਾਬੀ, ਆਦਰਸ਼ਵਾਦੀ, ਤਰਕਸ਼ੀਲਵਾਦੀ, ਚਿੰਤਕ, ਦਾਰਸ਼ਨਿਕ, ਨਿਆਸਰਿਆਂ ਦੇ ਆਸਰਾ, ਉਘੇ ਪੱਤਰਕਾਰ, ਕਾਲਮ ਨਵੀਸ ਅਤੇ ਜ਼ਮਹੂਰੀ ਹੱਕਾਂ ਦੇ ਰਾਖਵਾਲੇ ਸਨ। ਮੁੱਖ ਤੌਰ ‘ਤੇ ਉਹ ਸਮਾਜਿਕ ਸਰੋਕਾਰਾਂ ਨਾਲ ਗੜੁਚ ਸਨ। ਉਹ ਸਿਰਫ ਇੱਕ ਵਿਅਕਤੀ ਹੀ ਨਹੀਂ, ਸਗੋਂ ਇੱਕ ਸੰਸਥਾ ਤੋਂ ਵੀ ਵੱਧ ਕੰਮ ਕਰਦੇ ਸਨ। ਉਹ ਹਮੇਸ਼ਾ ਸਮਾਜ ਨੂੰ ਸਿਹਤਮੰਦ ਤੇ ਉਸਾਰੂ ਰਾਹਾਂ ‘ਤੇ ਤੋਰਨ ਦੀ ਕੋਸ਼ਿਸ਼ ਵਿੱਚ ਰਹਿੰਦੇ ਸਨ। ਅਸਲ ਵਿੱਚ ਉਹ ਸਮਾਜਿਕ ਕਾਰਕੁੰਨ ਸਨ, ਜਿਹੜੇ ਪੰਜਾਬੀ ਸਭਿਆਚਾਰ, ਦਿਹਾਤੀ ਰਹਿਤਲ, ਸਿਖਿਆ ਅਤੇ ਸਮਾਜਿਕ ਮੁੱਦਿਆਂ ਪ੍ਰਤੀ ਸਮਰਪਤ ਭਾਵਨਾ ਰੱਖਦੇ ਸਨ। ਸਵਰਨ ਸਿੰਘ ਭੰਗੂ ਆਪਣੇ ਲੇਖਾਂ, ਕਾਲਮਾਂ ਨਾਟਕਾਂ, ਸੈਮੀਨਾਰਾਂ ਅਤੇ ਭਾਸ਼ਣਾ ਰਾਹੀਂ ਸਮਾਜਿਕ ਬੁਰਾਈਆਂ ਵਿਰੁੱਧ ਆਵਾਜ਼ ਬੁਲੰਦ ਕਰਦੇ ਰਹਿੰਦੇ ਸਨ। ਚਮਕੌਰ ਸਾਹਿਬ ਨੇੜੇ ਉਹ ਬੱਸੀ ਗੁਜਰਾਂ ਵਿਖੇ ‘ਮਾਲਵਾ ਰੂਰਲ ਐਜੂਕੇਸ਼ਨ ਸੋਸਾਇਟੀ’ ਅਤੇ ਇੱਕ ਵਿਦਿਅਕ ਸੰਸਥਾ ‘ਡ੍ਰੀਮਲੈਂਡ ਪਬਲਿਕ ਸਕੂਲ’ ਚਲਾਉਂਦੇ ਸਨ, ਜਿਸ ਵਿੱਚ ਗ਼ਰੀਬ ਲੋਕਾਂ ਨੂੰ ਨਾਮਾਤਰ ਫੀਸ ‘ਤੇ ਹੀ ਮਿਆਰੀ ਪੜ੍ਹਾਈ ਕਰਵਾਈ ਜਾਂਦੀ ਸੀ। ਇਸ ਸੰਸਥਾ ਦਾ ਦਿਹਾਤੀ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਹੈ। ਮੰਨੇ ਪ੍ਰਮੰਨੇ ਸਿਖਿਆ ਸ਼ਾਸਤਰੀ ਦਿਹਾਤੀ ਖੇਤਰ ਦੀ ਇਸ ਸੰਸਥਾ ਨੂੰ ਸਵਰਨ ਸਿੰਘ ਭੰਗੂ ਮਾਡਲ ਦਾ ਨਾਮ ਦਿੰਦੇ ਸਨ। ਉਨ੍ਹਾਂ ਨੂੰ ਜਿਉਂਦੀ ਜਾਗਦੀ ਵਿਦਿਅਕ ਸੰਸਥਾ ਕਿਹਾ ਜਾਂਦਾ ਸੀ। ਉਨ੍ਹਾਂ ਦੀ ਸੰਸਥਾ ਵਿੱਚੋਂ ਸਿਖਿਆ ਪ੍ਰਾਪਤ ਕਰਕੇ ਵਿਦਿਆਰਥੀ ਉਚ ਅਹੁਦਿਆਂ ‘ਤੇ ਲੱਗੇ ਹੋਏ ਹਨ ਤੇ ਕਈ ਵਿਦੇਸ਼ਾਂ ਵਿੱਚ ਬਿਹਤਰੀਨ ਜ਼ਿੰਦਗੀ ਬਸਰ ਕਰ ਰਹੇ ਹਨ। ਉਹ ਵਿਦਿਆਰਥੀਆਂ ਨੂੰ ਸਭ ਤੋਂ ਪਹਿਲਾਂ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਨਿਸਚਤ ਕਰਵਾਉਂਦੇ ਤੇ ਫਿਰ ਉਸ ਦੀ ਪ੍ਰਾਪਤੀ ਲਈ ਪੜ੍ਹਾਈ ਸਮਾਂ ਬੱਧ ਕਰਨ ਤੇ ਜ਼ੋਰ ਦਿੰਦੇ ਸਨ। ਸਕੂਲ ਦੇ ਸਾਰੇ ਵਿਦਿਆਰਥੀ ਸਵਰਨ ਸਿੰਘ ਭੰਗੂ ਦੀ ਸਿਖਿਆ ਪ੍ਰਤੀ ਬਚਨਵੱਧਤਾ ਕਰਕੇ ਉਸਦੇ ਕਦਰਦਾਨ ਸਨ। ਉਹ ਸਕੂਲ ਦੇ ਵਿਦਿਆਰਥੀਆਂ ਨੂੰ ਵੀ ਆਪਣੇ ਪਰਿਵਾਰਿਕ ਮੈਂਬਰ ਹੀ ਸਮਝਦੇ ਸਨ। ਉਹ ਮੋਹਵੰਤੀ ਇਨਸਾਨ ਸਨ, ਜਿਹੜੇ ਮਾਨਵਤਾ ਨਾਲ ਮੋਹ ਕਰਦੇ ਸਨ।

ਸਵਰਨ ਸਿੰਘ ਭੰਗੂ ਦਾ ਅਚਾਨਕ 4 ਜੂਨ 2026 ਨੂੰ ਇਸ ਸੰਸਾਰ ਤੋਂ ਚਲੇ ਜਾਣ ਦਾ ਦੁੱਖ ਤੇ ਦਰਦ ਦੇਸ਼ ਵਿਦੇਸ਼ ਦੇ ਹਜ਼ਾਰਾਂ ਨਹੀਂ ਲੱਖਾਂ ਲੋਕਾਂ ਨੇ ਮਹਿਸੂਸ ਕੀਤਾ ਹੈ। ਅਸਮਾਨ ਰੂਪੀ ਧਰਤੀ ‘ਤੇ ਚਮਕਦੇ ਧਰੂ ਤਾਰੇ ਦੀ ਰੌਸ਼ਨੀ ਤੋਂ ਮਾਨਵਤਾ ਵਾਂਝੀ ਹੋ ਗਈ ਹੈ। ਸਵਰਨ ਸਿੰਘ ਭੰਗੂ 68 ਸਾਲ ਦੀ ਉਮਰ ਵਿੱਚ ਸਵਰਗ ਸਿਧਾਰ ਗਏ ਹਨ। ਉਸਦਾ ਅਜੇ ਪਹਿਲੀ ਜੂਨ ਨੂੰ ਹੀ ਜਨਮ ਦਿਨ ਸੀ। ਸਵਰਨ ਸਿੰਘ ਭੰਗੂ ਸਾਰੀ ਉਮਰ ਜਿਸ ਮਾੜੀ ਪ੍ਰਸ਼ਾਸ਼ਨਿਕ ਪ੍ਰਣਾਲੀ ਵਿਰੁੱਧ ਲੜਦਾ ਰਿਹਾ, ਉਸਦੀ ਅਣਗਹਿਲੀ ਦੀ ਭੇਂਟ ਚੜ੍ਹ ਗਿਆ। ਸਵਰਨ ਸਿੰਘ ਭੰਗੂ ਨੇ ਆਪਣੀ ਵਸੀਅਤ ਕੀਤੀ ਹੋਈ ਸੀ ਕਿ ਉਸ ਦਾ ਸਰੀਰ ਪੀ ਜੀ ਆਈ ਨੂੰ ਦਾਨ ਕਰ ਦਿੱਤਾ ਜਾਵੇ ਤਾਂ ਜੋ ਉਸਦਾ ਸਰੀਰ ਵੀ ਮਾਨਵਤਾ ਦੇ ਲੇਖੇ ਲੱਗ ਸਕੇ। ਉਸਦੀ ਉਸਾਰੂ ਸੋਚ ਨੂੰ ਸਲਾਮ ਕਰਨੀ ਬਣਦੀ ਹੈ। ਉਸਦੇ ਲੜਕੇ ਦੇ ਆਸਟਰੇਲੀਆ ਤੋਂ ਆਉਣ ਤੋਂ ਬਾਅਦ ਪੀ ਜੀ ਆਈ ਨੂੰ ਸਰੀਰ ਦਾਨ ਕਰ ਦਿੱਤਾ। ਉਸਦੀ ਪਤਨੀ ਗੁਰਪ੍ਰੀਤ ਕੌਰ ਭੰਗੂ ਪਹਿਲਾਂ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਭਾਅ ਜੀ ਨਾਲ ਨਾਟਕਾਂ ਵਿੱਚ ਅਦਾਕਾਰੀ ਕਰਦੇ ਸਨ। ਗੁਰਪ੍ਰੀਤ ਕੌਰ ਭੰਗੂ ਅਧਿਆਪਕਾ ਸਨ, ਪ੍ਰੰਤੂ ਫਿਰ ਉਹ ਪੰਜਾਬੀ ਫਿਲਮਾਂ ਦੀ ਅਦਾਕਾਰੀ ਕਰਨ ਲੱਗ ਪਏ। ਸਵਰਨ ਸਿੰਘ ਭੰਗੂ ਨੇ ਆਪਣੀ ਪਤਨੀ ਗੁਰਪ੍ਰੀਤ ਕੌਰ ਭੰਗੂ ਨੂੰ ਫਿਲਮਾ ਵਿੱਚ ਕੰਮ ਕਰਨ ਲਈ ਪੂਰੀ ਖੁਲ੍ਹਦਿਲੀ ਵਿਖਾਈ ਅਤੇ ਹਮੇਸ਼ ਉਸਦੀ ਅਦਾਕਾਰੀ ਦੀ ਪ੍ਰੋੜ੍ਹਤਾ ਕੀਤੀ। ਅੱਜ ਕਲ੍ਹ ਕੋਈ ਪੰਜਾਬੀ ਫਿਲਮ ਨਹੀਂ ਜਿਸ ਵਿੱਚ ਗੁਰਪ੍ਰੀਤ ਕੌਰ ਭੰਗੂ ਦੀ ਅਦਾਕਾਰੀ ਨਾ ਹੋਵੇ। ਉਸਦਾ ਲੜਕਾ ਗਾਇਕ ਬਾਗੀ ਭੰਗੂ ਵੀ ਆਪਣੀ ਪਰਿਵਾਰਿਕ ਸਭਿਆਚਾਰਕ ਵਿਰਾਸਤ ਦਾ ਪਹਿਰੇਦਾਰ ਬਣ ਰਿਹਾ ਹੈ। ਉਹ ਆਸਟਰੇਲੀਆ ਵਿੱਚ ਰਹਿੰਦਾ ਹੈ। ਸਮੁੱਚਾ ਪੰਜਾਬੀ ਭਾਈਚਾਰਾ ਸਵਰਨ ਸਿੰਘ ਭੰਗੂ ਦੀ ਮੌਤ ਦੇ ਮਾਤਮ ਵਿੱਚ ਹੈ।

# ਦੂਰਦਰਸ਼ਨ ਕੇਂਦਰ ਜਲੰਧਰ ਦੀ ਵਾਂਗਡੋਰ ਨਵੇਂ ਹੱਥਾਂ ਵਿਚ



ਪ੍ਰੋ. ਕੁਲਬੀਰ ਸਿੰਘ
ਸੀਨੀਅਰ ਕਾਲਮਨਵੀਸ ਤੇ ਮੀਡੀਆ ਆਲੋਚਕ

ਲੰਘੇ ਸਾਲਾਂ ਦੌਰਾਨ ਦੂਰਦਰਸ਼ਨ ਕੇਂਦਰ ਜਲੰਧਰ ਵਿਖੇ ਜਿਹੜੇ ਵੀ ਪ੍ਰੋਗਰਾਮ ਮੁਖੀ ਨਿਯੁਕਤ ਹੁੰਦੇ ਰਹੇ ਹਨ ਉਨ੍ਹਾਂ ਕੋਲ ਬੜਾ ਸੀਮਤ ਸੇਵਾ-ਕਾਲ ਬਾਕੀ ਹੁੰਦਾ ਸੀ। ਨਤੀਜੇ ਵਜੋਂ ਉਨ੍ਹਾਂ ਦੁਆਰਾ ਆਪਣੀ ਸਮਝ-ਸਮਰੱਥਾ ਅਤੇ ਤਜ਼ਰਬੇ ਦਾ ਨਿੱਠ ਕੇ ਪ੍ਰਯੋਗ ਕਰਨਾ ਮੁਸ਼ਕਲ ਹੋ ਜਾਂਦਾ ਸੀ।

ਹੁਣ ਸ੍ਰੀ ਗੁਰਵਿੰਦਰ ਸਿੰਘ ਨੇ ਬੀਤੇ ਦਿਨੀਂ ਦੂਰਸ਼ਨ ਕੇਂਦਰ ਜਲੰਧਰ ਵਿਖੇ ਬਤੌਰ ਪ੍ਰੋਗਰਾਮ ਮੁਖੀ ਕਾਰਜਭਾਰ ਸੰਭਾਲਿਆ ਹੈ ਅਤੇ ਉਨ੍ਹਾਂ ਕੋਲ ਸਮਾਂ ਵੀ ਹੈ ਕਿ ਉਹ ਆਪਣੇ ਹੁਨਰ, ਆਪਣੀ ਸਮਝ, ਆਪਣੀ ਸਮਰੱਥਾ ਦਾ ਪ੍ਰਯੋਗ ਕਰ ਸਕਣ।

ਇਸ ਸਿਲਸਿਲੇ ਵਿਚ ਉਨ੍ਹਾਂ ਨਾਲ ਗੱਲ ਹੋਈ ਤਾਂ ਉਨ੍ਹਾਂ ਦਾ ਜਵਾਬ ਸੀ, ਜਿਹੜੇ ਪ੍ਰੋਗਰਾਮਾਂ ਦੀ ਟੀ.ਆਰ.ਪੀ. ਚੰਗੀ ਨਹੀਂ ਆ ਰਹੀ ਉਹ ਬੰਦ ਕਰ ਜਾਣਗੇ। ਕੁਝ ਨਵੇਂ ਪ੍ਰੋਗਰਾਮ ਆਰੰਭ ਕੀਤੇ ਜਾਣਗੇ ਜਿਨ੍ਹਾਂ ਬਾਰੇ ਜਲਦੀ ਦਰਸ਼ਕਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ।

ਪ੍ਰੋਗਰਾਮ ਮੁਖੀ ਸ੍ਰੀ ਗੁਰਵਿੰਦਰ ਸਿੰਘ ਲੰਮੇ ਸਮੇਂ ਤੋਂ ਦੂਰਦਰਸ਼ਨ ਕੇਂਦਰ ਜਲੰਧਰ ਵਿਖੇ ਸੇਵਾਵਾਂ ਦੇ ਰਹੇ ਹਨ ਪਰ ਉਨ੍ਹਾਂ ਦਾ ਸੇਵਾ- ਕਾਲ ਡੀ.ਡੀ. ਨੈਸ਼ਨਲ ਤੋਂ ਆਰੰਭ ਹੋਇਆ ਸੀ। ਉਥੇ ਉਹ ਬੜੇ ਮਹੱਤਵਪੂਰਨ ਦੋ ਪ੍ਰੋਗਰਾਮ ਕਰਿਆ ਕਰਦੇ ਸਨ। ਪਹਿਲਾ ‘ਡੀ.ਡੀ. ਮੌਰਨਿੰਗ ਸ਼ੋਅ ਲਾਈਵ’ ਅਤੇ ਦੂਸਰਾ ‘ਈਵਨਿੰਗ ਲਾਈ ਸ਼ੋਅ’।

‘ਡੀ.ਡੀ. ਮੌਰਨਿੰਗ ਸ਼ੋਅ ਲਾਈਵ’ ਹਫ਼ਤੇ ਵਿਚ ਪੰਜ ਦਿਨ ਸਵੇਰੇ 8 ਵਜੇ ਪ੍ਰਸਾਰਿਤ ਹੁੰਦਾ ਹੈ। ਇਹ ਸਵੇਰ ਦਾ ਬੇਹੱਦ ਚਰਚਿਤ ਪ੍ਰੋਗਰਾਮ ਹੈ। ਇਸ ਵਿਚ ਖਬਰਾਂ, ਸਿਹਤ, ਮਨੋਰੰਜਨ ਅਤੇ ਸਿੱਖਿਆ ਨਾਲ ਸੰਬੰਧਤ ਰੌਚਿਕ ਜਾਣਕਾਰੀ ਸ਼ਾਮਿਲ ਹੁੰਦੀ ਹੈ। ਇਹ ਇਕ ਪਰਿਵਾਰਕ ਸ਼ੋਅ ਹੈ ਜਿਸ ਵਿਚ ਆਰਟ ਐਂਡ ਕਲਚਰ, ਹਿੰਦੀ ਪਾਠਸ਼ਾਲਾ ਅਤੇ ਕਈ ਤਰ੍ਹਾਂ ਦੀ ਮਹੱਤਵਪੂਰਨ ਜਾਣਕਾਰੀ ਦਿੱਤੀ ਜਾਂਦੀ ਹੈ।

ਸਤੰਬਰ 2000 ਵਿਚ ਉਨ੍ਹਾਂ ਦਾ ਡੀ.ਡੀ. ਨੈਸ਼ਨਲ ਤੋਂ ਡੀ.ਡੀ. ਪੰਜਾਬੀ ਵਿਖੇ ਤਬਾਦਲਾ ਹੋਇਆ। ਇਥੇ ਉਨ੍ਹਾਂ ਨੂੰ ਖੇਡਾਂ ਅਤੇ ਸੰਗੀਤ ਨਾਲ ਸੰਬੰਧਤ ਪ੍ਰੋਗਰਾਮਾਂ ਦੀ ਜ਼ਿੰਮੇਵਾਰੀ ਸੌਂਪੀ ਗਈ। ਬਹੁਤ ਮਹੱਤਵਪੂਰਨ ਵਿਅਕਤੀਆਂ ਅਤੇ ਖੇਡਰ ਸਰਗਰਮੀਆਂ ਲਈ ਆਊਟਸਾਈਡ ਬ੍ਰਾਡਕਾਸਟ ਦੀ ਜ਼ਿੰਮੇਵਾਰੀ ਵੀ ਨਿਭਾਉਂਦੇ ਰਹੇ। ਇਹ ਸਿਲਸਲਾ ਲਗਾਤਾਰ 15 ਸਾਲ ਜਾਰੀ ਰਿਹਾ।



ਗੁਰਵਿੰਦਰ ਸਿੰਘ

ਦੂਰਦਰਸ਼ਨ ਕੇਂਦਰ ਜਲੰਧਰ ਵਿਖੇ ਸਾਲ 2003 ਵਿਚ ਉਨ੍ਹਾਂ ਨੇ ਇਕ ਨਵਾਂ ਪ੍ਰੋਗਰਾਮ ‘ਪਬਲਿਕ ਟਾਈਮ ਏ ਰੋਡ ਸ਼ੋਅ@ ਆਰੰਭ ਕੀਤਾ ਜਿਹੜਾ ਦਰਸ਼ਕਾਂ ਵਿਚ ਕਾਫ਼ੀ ਚਰਚਿਤ ਹੋਇਆ। ਇਸੇ ਤਰ੍ਹਾਂ ਸ੍ਰੀ ਗੁਰਵਿੰਦਰ ਸਿੰਘ ਨਾਲ ਸੰਬੰਧਤ ਇਕ ਮਹੱਤਵਪੂਰਨ ਤੇ ਮਕਬੂਲ ਪ੍ਰੋਗਰਾਮ ਕਈ ਸਾਲਾਂ ਤੱਕ ਕਰਦੇ ਰਹੇ ਜਿਸਦਾ ਨਾਂ ਵੀ ਬੜਾ ਆਕਰਸ਼ਕ ਸੀ- ‘ਹੈਲੋ ਡਾਕਟਰ’। ਮੈਨੂੰ ਯਾਦ ਹੈ ਮੈਂ ਇਹ ਪ੍ਰੋਗਰਾਮ ਅਕਸਰ ਵੇਖਦਾ ਸਾਂ ਕਿਉਂਕਿ ਇਸ ਵਿਚ ਸਿਹਤ ਨਾਲ ਸੰਬੰਧਤ ਵੇਖਦਾ ਸਾਂ ਕਿਉਂਕਿ ਇਸ ਵਿਚ ਸਿਹਤ ਨਾਲ ਸੰਬੰਧਤ ਬੜੀ ਮੁੱਲਵਾਨ ਜਾਣਕਾਰੀ ਦਿੱਤੀ ਜਾਂਦੀ ਸੀ। ਇਹ ਲਾਈਵ ਫੋਨ-ਇਨ ਅਤੇ ਟਾਕ ਸ਼ੋਅ ਹੈ। ਸ਼ੋਅ ਵਿਚ ਵੱਖ-ਵੱਖ ਮਾਹਿਰ ਡਾਕਟਰਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਦਰਸ਼ਕ ਫੋਨ ਰਾਹੀਂ ਸਿੱਧੀ ਡਾਕਟਰ ਨਾਲ ਗੱਲਬਾਤ ਕਰ ਸਕਦੇ ਹਨ। ਮੌਸਮੀ ਬਿਮਾਰੀਆਂ, ਜੀਵਨ-ਸ਼ੈਲੀ, ਖ਼ੁਰਾਕ ਅਤੇ ਤੰਦਰੁਸਤੀ ਬਾਰੇ ਅਹਿਮ ਜਾਣਕਾਰੀ ਦਰਸ਼ਕਾਂ ਤੱਕ ਪਹੁੰਚਾਈ ਜਾਂਦੀ ਹੈ।

ਇਸੇ ਤਰ੍ਹਾਂ ‘ਪਬਲਿਕ ਟਾਈਮ@ ਜਨ-ਸੰਵਾਦ ਅਤੇ ਚਰਚਾ ’ਤੇ ਆਧਾਰਿਤ ਪ੍ਰੋਗਰਾਮ ਸੀ। ਐਂਕਰ ਸਿੱਧੇ ਲੋਕਾਂ ਨਾਲ ਗੱਲਬਾਤ ਕਰਦੇ ਸਨ। ਦਰਅਸਲ ਇਸਦਾ ਮਕਸਕ ਲੋਕਾਂ ਦੀਆਂ ਸਮੱਸਿਆਵਾਂ, ਆਵਾਜਾਈ-ਪ੍ਰਬੰਧ, ਸਥਾਨਕ ਮੁੱਦੇ, ਵਾਤਾਵਰਨ ਅਤੇ ਸਰਕਾਰੀ ਯੋਜਨਾਵਾਂ ਬਾਰੇ ਲੋਕਾਂ ਦਾ ਪ੍ਰਭਾਵ ਪਤਾ ਕਰਨਾ ਹੁੰਦਾ ਸੀ।

ਉਹ ਲੰਮੇ ਸਮੇਂ ਤੋਂ ਸਪਾਂਸਰਡ ਅਤੇ ਕਮਰਸ਼ੀਅਲ ਸੈਕਸ਼ਨ ਦੇ ਇੰਨਚਾਰਜ ਚਲੇ ਆ ਰਹੇ ਹਨ।ਦੂਰਦਰਸ਼ਨ ਕੇਂਦਰ ਜਲੰਧਰ, ਦੂਰਦਰਸ਼ਨ ਦੇ ਸਾਰੇ ਖੇਤਰੀ ਕੇਂਦਰਾਂ ਨਾਲੋਂ ਵੱਡਾ ਤੇ ਵਿਸ਼ਾਲ ਹੈ। ਇਹ ਕੇਂਦਰ ਕਈ ਮਹਾਂ-ਨਗਰਾਂ ਦੇ ਕੇਂਦਰਾਂ ਦਾ ਮੁਕਾਬਲਾ ਕਰਦਾ ਹੈ। ਇਸ ਕੇਂਦਰ ਦਾ ਡਾਇਰੈਕਟਰ ਜਾਂ ਪ੍ਰੋਗਰਾਮ ਮੁਖੀ ਹੋਣਾ ਆਪਣੇ ਆਪ ਵਿਚ ਬੜੇ ਮਾਣ ਵਾਲੀ ਗੱਲ ਹੈ।ਬਤੌਰ ਪ੍ਰੋਗਰਾਮ ਮੁਖੀ ਸ੍ਰੀ ਗੁਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਡੀ.ਡੀ. ਪੰਜਾਬੀ ਟੀ.ਆਰ.ਪੀ. ਪੱਖੋਂ ਹਰੇਕ ਹਫਤੇ ਪਹਿਲੇ ਜਾਂ ਦੂਸਰੇ ਸਥਾਨ ’ਤੇ ਰਹਿੰਦਾ ਹੈ। ਪੰਜਾਬੀ ਚੈਨਲਾਂ ਵਿਚੋਂ ਅਤੇ ਦੂਰਦਰਸ਼ਨ ਦੇ ਖੇਤਰੀ ਚੈਨਲਾਂ ਵਿਚੋਂ।ਵੈਸੇ ਇਸਦਾ ਨਿੱਜੀ ਪੰਜਾਬੀ ਚੈਨਲਾਂ ਨਾਲ ਕੋਈ ਮੁਕਾਬਲਾ ਨਹੀਂ ਹੈ। ਇਹ ਲੋਕ ਪ੍ਰਸਾਰਨ ਸੇਵਾ ਹੈ। ਇਸਦਾ ਆਪਣਾ ਏਜੰਡਾ ਹੈ। ਇਹ ਲੋਕਾਂ ਦਾ ਹੈ, ਲੋਕਾਂ ਲਈ ਹੈ। ਨਿੱਜੀ ਪੰਜਾਬੀ ਚੈਨਲਾਂ ਦੀਆਂ ਆਪਣੀਆਂ ਤਰਜੀਹਾਂ ਹਨ।

ਉਨ੍ਹਾਂ ਦਾ ਕਹਿਣਾ ਹੈ ਕਿ ਡੀ.ਡੀ. ਪੰਜਾਬੀ ਦੇ ਪ੍ਰੋਗਰਾਮ ਸਿੱਖਿਆ, ਸੂਚਨਾ ਤੇ ਮਨੋਰੰਜਨ ਨੂੰ ਮੱਦੇਨਜ਼ਰ ਰੱਖ ਕੇ ਤਿਆਰ ਕੀਤੇ ਜਾਂਦੇ ਹਨ। ਹਰ ਰੋਜ਼, ਹਰੇਕ ਹਫ਼ਤੇ ਦਰਸ਼ਕਾਂ ਦੇ ਹੁੰਗਾਰੇ ਅਨੁਸਾਰ ਪ੍ਰੋਗਰਾਮਾਂ ਦਾ ਰੀਵਿਊ ਕੀਤਾ ਜਾਂਦਾ ਹੈ। ਦਰਸ਼ਕਾਂ ਦੀਆਂ ਮੰਗਾਂ- ਉਮੰਗਾਂ ਮੁਤਾਬਕ ਪ੍ਰੋਗਰਾਮਾਂ ਵਿਚ ਅਦਲ-ਬਦਲ ਕੀਤੇ ਜਾਂਦੇ ਹਨ।ਪ੍ਰੋਗਰਾਮ ਮੁਖੀ ਸ੍ਰੀ ਗੁਰਵਿੰਦਰ ਸਿੰਘ ਕੋਲ ਭਾਂਤ-ਭਾਂਤ ਦੇ ਪ੍ਰੋਗਰਾਮਾਂ ਦਾ ਲੰਮਾ ਤਜ਼ਰਬਾ ਹੈ। ਉਮੀਦ ਕਰਦੇ ਹਾਂ ਉਹ ਡੀ.ਡੀ. ਪੰਜਾਬੀ ਦੀ ਪੰਜਾਬੀ ਸੱਭਿਆਚਾਰ, ਪੰਜਾਬੀ ਭਾਸ਼ਾ, ਸਾਹਿਤ, ਸੰਗੀਤ, ਕਲਾ, ਖੇਤੀਬਾੜੀ ਪ੍ਰਤੀ ਪ੍ਰਤੀਬੱਧਤਾ ਨੂੰ ਸੰਜੀਦਗੀ ਨਾਲ ਸਮਝਦੇ ਹੋਏ, ਚੈਨਲ ਨੂੰ ਹੋਰ ਬੁਲੰਦੀਆਂ ਵੱਲ ਲੈ ਕੇ ਜਾਣਗੇ।ਦੂਰਦਰਸ਼ਨ ਕੇਂਦਰ ਜਲੰਧਰ ਵਿਖੇ ਹੁਣ ਤੱਕ ਏ.ਐਸ. ਤਾਤਾਰੀ ਬੀ.ਏ.ਭੱਟ, ਐਨ.ਐਸ. ਰਾਵਤ, ਐਮ.ਐਲ.ਪੰਡਿਤ, ਐਮ.ਜੀ. ਗੌਤਮ, ਸਿਰਾਜ ਕੁਰੈਸ਼ੀ, ਅਸ਼ੋਕ ਜਲੇਖਾਨੀ, ਐਫ ਸ਼ਹਰਯਾਰ, ਗੋਵਰਧਨ ਸ਼ਰਮਾ, ਐਸ.ਐਸ. ਰਹਿਮਾਨ, ਡਾ.ਦਲਜੀਤ ਸਿੰਘ, ਡਾ.ਓਮ ਗੌਰੀ ਦੱਤ ਸ਼ਰਮਾ, ਅਨੂਪ ਖਜੂਰੀਆ, ਕੇਵਲ ਕ੍ਰਿਸ਼ਨ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਚੁੱਕੇ ਹਨ। ਇਸ ਅਮਰੀ ਪਰਪੰਰਾ ਦੀ ਵਾਗਡੋਰ ਹੁਣ ਸ੍ਰੀ ਗੁਰਵਿੰਦਰ ਸਿੰਘ ਨੂੰ ਸੌਂਪੀ ਗਈ ਹੈ।

# ਬਗੈਰ ਛੱਤ ਤੋਂ ਸੜਕ ਕਿਨਾਰੇ ਰਾਤਾਂ ਕੱਟ ਰਹੇ ਬੇਘਰ ਮਰੀਜ਼ ਦਾ ਸਹਾਰਾ ਬਣਿਆ ਸਰਾਭਾ ਆਸ਼ਰਮ

ਕੁੱਝ ਦਿਨਾਂ ਦੀ ਗੱਲ ਹੈ ਕਿ ਲੁਧਿਆਣਾ ਸ਼ਹਿਰ ਵਿੱਚ ਗਿੱਲ ਰੋਡ ‘ਤੇ ਬਣੇ ਅਰੋੜਾ ਪੈਲੇਸ ਦੇ ਨਜ਼ਦੀਕ ਸ਼ਮਸ਼ਾਨ ਘਾਟ ਕੋਲ ਪੈਂਦੇ ਪਾਰਕ ਦੇ ਬਾਹਰ ਇੱਕ ਲਾਵਾਰਸ ਹਾਲਤ ਵਿੱਚ ਬਿਮਾਰ ਬਜ਼ੁਰਗ ਪਿਆ ਸੀ। ਉਸਦੇ ਪਾਏ ਮੈਲੇ-ਕੁਚੈਲੇ ਕੱਪੜੇ, ਕੰਬਦੇ ਹੱਥ, ਢਿੱਡੋਂ ਭੁੱਖਾ ਇੰਝ ਲੱਗਦਾ ਸੀ ਜਿਵੇਂ ਮੌਤ ਨੂੰ ਉਡੀਕ ਰਿਹਾ ਹੋਵੇ।



ਕੇਵਲ ਕ੍ਰਿਸ਼ਨ ਨੂੰ ਚੁੱਕਦੇ ਹੋਏ ਆਸ਼ਰਮ ਦੇ ਸੇਵਾਦਾਰ ਹਰਮਿੰਦਰ ਸਿੰਘ

ਆਪਣੀ ਡਿਊਟੀ ਕਰਨ ਜਾ ਰਹੇ ਗਗਨਜੋਤ ਸਿੰਘ ਨਾਮ ਦੇ ਵਿਆਕਤੀ ਨੇ ਇਸ ਬਜ਼ੁਰਗ ਨੂੰ ਦੇਖਿਆ। ਜਦੋਂ ਉਸਨੇ ਬਜ਼ੁਰਗ ਨਾਲ ਗੱਲ-ਬਾਤ ਕੀਤੀ ਤਾਂ ਉਸ ਬਜ਼ੁਰਗ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ। ਬਜ਼ੁਰਗ ਨੇ ਦੱਸਿਆ ਕਿ ਮੇਰਾ ਨਾਂ ਕੇਵਲ ਕ੍ਰਿਸ਼ਨ ਹੈ, ਉਮਰ 52 ਕੁ ਸਾਲ ਹੈ। ਮੈਂ, ਮੇਰੀ ਪਤਨੀ ਅਤੇ ਬੇਟਾ ਮਜ਼ਦੂਰੀ ਕਰਕੇ ਕਿਰਾਏ ਦੇ ਮਕਾਨ ਵਿੱਚ ਰਹਿੰਦਿਆਂ ਆਪਣਾ ਗੁਜ਼ਾਰ ਕਰ ਰਹੇ ਸੀ। ਬੇਟੀ ਨੂੰ ਮਿਰਗੀ ਦੇ ਦੌਰੇ ਪੈਂਦੇ ਸਨ ਜਿਸ ਕਰਕੇ ਉਹ ਘਰ ਹੀ ਰਹਿੰਦੀ ਸੀ। ਪਰ ਵਕਤ ਦੀ ਅਜਿਹੀ ਮਾਰ ਪਈ ਕਿ ਪਹਿਲਾਂ ਬੇਟੀ ਪੂਰੀ ਹੋ ਗਈ ਫਿਰ ਦੋ ਸਾਲ ਬਾਅਦ ਪਤਨੀ ਦੀ ਮੌਤ ਹੋ ਗਈ ਅਤੇ 7-8 ਮਹੀਨੇ ਪਹਿਲਾਂ ਬੇਟੇ ਦੀ ਮੌਤ ਹੋ ਗਈ। ਫਿਰ ਤਾਂ ਮੈਂ ਟੁੱਟ ਹੀ ਗਿਆ, ਕੰਮ-ਕਾਜ ਵੀ ਛੁੱਟ ਗਿਆ, ਮਕਾਨ ਦਾ ਕਿਰਾਇਆ ਤੇ ਗੁਜ਼ਾਰਾ ਵੀ ਮੁਸ਼ਕਿਲ ਹੋ ਗਿਆ। ਅਖੀਰ ਮੈਂ ਸੜਕਾਂ ‘ਤੇ ਰਹਿਣ ਲੱਗ ਪਿਆ। ਕਦੇ ਕੋਈ ਰੋਟੀ ਦੇ ਦਿੰਦਾ ਤਾਂ ਖਾ ਲੈਂਦਾ, ਨਹੀ ਤਾਂ ਭੁੱਖਾ ਹੀ ਪਿਆ ਰਹਿੰਦਾ। ਇੱਕ ਦਿਨ ਸੜਕ ਪਾਰ ਕਰਨ ਲੱਗਿਆ, ਤਾਂ ਆਟੋ ਵਾਲਾ ਸਾਇਡ ਮਾਰ ਗਿਆ ਅਤੇ ਲੱਤ ‘ਤੇ ਸੱਟ ਲੱਗ ਗਈ ਜਿਸ ਨਾਲ ਤੁਰਨਾ-ਫਿਰਨਾ ਵੀ ਮੁਸ਼ਕਿਲ ਹੋ ਗਿਆ।

ਕੇਵਲ ਕ੍ਰਿਸ਼ਨ ਬਜ਼ੁਰਗ ਦੀ ਦੁੱਖਾਂ ਭਰੀ ਦਾਸਤਾਨ ਸੁਣਕੇ ਗਗਨਜੋਤ ਸਿੰਘ ਵੱਲੋਂ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਫੋਨ ਕਰਕੇ ਸਾਰੀ ਕਹਾਣੀ ਦੱਸੀ ਗਈ ਤਾਂ ਆਸ਼ਰਮ ਦੇ ਸੇਵਾਦਾਰਾਂ ਵੱਲੋਂ ਬਜ਼ੁਰਗ ਕੇਵਲ ਕ੍ਰਿਸ਼ਨ ਨੂੰ ਆਸ਼ਰਮ ਵਿੱਚ ਲਿਆਂਦਾ ਗਿਆ। ਇੱਥੇ ਇਸਨੂੰ ਲੋੜੀਂਦੀ ਮੈਡੀਕਲ ਸਹੂਲਤ, ਮੰਜਾ-ਬਿਸਤਰਾ ਅਤੇ ਹੋਰ ਜ਼ਰੂਰਤ ਦਾ ਸਮਾਨ ਵੀ ਦਿੱਤਾ ਗਿਆ। ਇਸਦਾ ਇਲਾਜ਼ ਵੀ ਸ਼ੁਰੂ ਹੋ ਗਿਆ ਹੈ। ਉਮੀਦ ਕਰਦੇ ਹਾਂ ਕਿ ਆਉਣ ਵਾਲੇ ਦਿਨਾਂ ਵਿੱਚ ਇਹ ਠੀਕ ਹੋ ਕੇ ਆਪਣੀ ਆਉਣ ਵਾਲੀ ਜ਼ਿੰਦਗੀ ਵਧੀਆ ਬਤੀਤ ਕਰ ਸਕੇਗਾ।

ਇਸ ਸੰਸਥਾ ਦੇ ਬਾਨੀ ਡਾ.ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਦੋ ਸੌ ਪੰਤਾਲੀ (245) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆਂ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ ਜਿਹਨਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਤਰਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਬਾਰੇ ਹੋਰ ਜਾਣਕਾਰੀ ਲੈਣ ਲਈ ਮੋਬਾਇਲ 95018-42505, ਵੱਟਸਐਪ 95018-42506 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਹੁਣ ਵੀ ਖੰਡ ਨੂੰ ਖੰਡ ਖੰਡ ਨਹੀਂ ਆਖੀਦਾ!

## ਸੁਖਨੈਬ ਸਿੱਧੂ ਪੂਹਲੇ ਆਲਾ

ਜਦੋਂ ਛੋਟੇ ਹੁੰਦੇ ਸੀ ਖੰਡ ਖਾਣ ਨੂੰ ਬਹੁਤ ਜੀਅ ਕਰਦਾ ਸੀ ਜੇ ਕਦੇ ਦਾਅ ਲੱਗ ਵੀ ਜਾਂਦਾ ਤਾਂ ਉਹ ਘਰ ਦੇ ਕਹਿਣ ਲੱਗ ਜਾਂਦੇ ’ ਖੰਡ ਖਾਣ ਨਾਲ ਹੱਡੀਆਂ ਖੁਰ ਜਾਣਗੀਆਂ’। ਪਹਿਲਾਂ ਘਰਦੇ ਨਹੀਂ ਖਾਣ ਦਿੰਦੇ ਸੀ ਹੁਣ ਡਾਕਟਰ ਬੰਦ ਕਰਾਈ ਜਾਂਦੇ। ਵਿੱਚੋਂ ਰਹਿੰਦੀ




ਕਸਰ ਸਸਤੀਆਂ ਵਲੋਗਰ ਜੋੜੀਆਂ ਪੂਰੀ ਕਰ ਦਿੰਦੀਆਂ, ਸੋਸ਼ਲ ਮੀਡੀਆ ਦੇ ਉੱਤੇ ਇਹਨਾਂ ਨੇ ਮਾਰ ਮਾਰ ਟਰਪੱਲ ਲੋਕਾਂ ਦੀ ਜਾਨ ਕੱਢੀ ਹੋਈ ’ਗੁੜ ਤੇ ਸ਼ੱਕਰ’ ਦਾ ਪ੍ਰਚਾਰ ਕਰਕੇ ਖੰਡ ਨੂੰ ਜ਼ਹਿਰ ਦੱਸਣਾ ਸ਼ੁਰੂ ਕਰਤਾ ਇਸ ਕਰਕੇ ਹੁਣ ਇਹ ਵੀ ਬੰਦ ਹੈ। ਉਂ ਇੱਕ ਪੜ੍ਹੇ ਲਿਖੇ ਡਾਕਟਰ ਨੇ ਦੱਸਿਆ ਕਿ ਚੰਗਾ ਤਾਂ ਗੁੜ ਸ਼ੱਕਰ ਵੀ ਨਹੀਂ। ਨਾ ਬਚਪਨ ’ਚ ਖਾਧੀ ਗਈ ਨਾ ਹੁਣ ਖਾਣ ਦਿੰਦੇ। ਪਰ ਜੇ ਗੱਲ ਕਰੀਏ ਜਿਹੜੀ ਕੋਆਪਰੇਵਿਟ ਸੋਸਾਇਟੀਆਂ ਦੇ ਵਿੱਚ ਆਉਂਦੀ ਖੰਡ ਦੀ। ਸਾਡੇ ਪਿੰਡ ਸੋਸਾਇਟੀ ਨੂੰ ਬੈਂਕ ਹੀ ਕਹਿੰਦੇ ਸੀ, ਉਦੋਂ ਡਿਪੂ ਵਿਰਲੇ ਵਿਰਲੇ ਹੁੰਦੇ ਸੀ। ਸੋਸਾਇਟੀ ਸਾਡੇ ਘਰਾਂ ਦੇ ਕੋਲ ਹੀ ਆ। ਹਰੇਕ ਮਹੀਨੇ ਗੁਰਦੁਆਰੇ ਜਾ ਕੇ ਸੁਸਾਇਟੀ ਦਾ ਸੇਵਾਦਾਰ ਰਾਵਲ ਆਪ ਹੋਕਾ ਦਿੰਦਾ,’ਭਾਈ ਖੰਡ ਆ ਗਈ ਖੰਡ’ ਤੇ ਅਗਲੇ ਦਿਨ ਹੀ ਰਾਸ਼ਨ ਕਾਰਡ ਲੈ ਕੇ ਪਿੰਡ ਦੇ ਮਾਈ, ਭਾਈ ਤੇ ਬਜ਼ੁਰਗ ਸੁਸਾਇਟੀ ਚ ਆ ਜਾਂਦੇ। ਗਰਮੀ ’ਚ ਖਾਸ ਕਰਕੇ ਸਾਡੇ ਘਰੇ ਰੌਣਕ ਲੱਗ ਜਾਂਦੀ ਕਿਉਂ ਵਿਹੜੇ ’ਚ ਵੱਡਾ ਨਿੰਮ ਸੀ ਤੇ ਪਿੰਡ ਵੱਡਾ ਹੋਣ ਕਰਕੇ ਪਰਲੇ ਪਾਸੋਂ ਜੇ ਕਿਸੇ ਨੇ ਆਉਣਾ ਕੋਈ ਮੂੰਹ ਮੱਥੇ ਵਾਲਾ ਘਰੇ ਆ ਜਾਂਦਾ ਨਾਲੇ ਪਾਣੀ ਧਾਣੀ ਪੀ ਜਾਂਦਾ ਨਾਲੇ ਖੰਡ ਲੈਣ ਆਏ ਚਾਰ ਗੱਲਾਂ ਕਰ ਜਾਂਦੇ। ਉਦੋਂ ਪੰਜ ਜੀਆਂ ਨੂੰ ਦੋ ਕੁ ਕਿਲੋ ਖੰਡ ਮਸਾਂ ਮਿਲਦੀ ਹੁੰਦੀ। ਸੁਸਾਇਟੀ ਦਾ ਸੇਲਜਮੈਨ ਦਰਸ਼ਨ ਹੁੰਦਾ ਸੀ। ਕਦੇ ਤਾਂ ਲੋਕ ਕਹਿੰਦੇ ਦਰਸ਼ਨ ਪਾਣੀ ਪਾਉਂਦਾ ਤੇ ਕਦੇ ਜੇ ਕੋਈ ਦਰਸ਼ਨ ਨੂੰ ਪੁੱਛਦਾ ਵੀ ਉਹ ਕਹਿੰਦਾ ’ਗਾਹਾਂ ਤੋਂ ਭਾਈ ਇਹੋ ਜਿਹੀ ਆਉਂਦੀ ਆ’, ਖੰਡ ਸਲਾਬੀ ਹੁੰਦੀ। ਫਿਰ ਪਹਿਲਾਂ ਇਹਨੂੰ ਧੁੱਪੈ ਰੱਖਣਾ ਪੈਂਦਾ। ਬਾਰੀਕ ਖੰਡ ਹੁੰਦੀ ਹਰੇਕ ਉਦੋਂ ਫੱਕਾ ਮਾਰ ਲੈਂਦਾ। ਉਦੋਂ ਹਾਲਾਤ ਇਹ ਸੀ ਕਿ ਜਦੋਂ ਕੋਈ ਆਇਆ -ਗਿਆ ਹੁੰਦਾ ਖਾਸ ਪਰਾਹੁਣਾ, ਉਦੋਂ ਖੰਡ ਵਾਲੀ ਚਾਹ ਬਣਦੀ ਪੱਕੇ ਮਿੱਠੇ ਵਾਲੀ ਤੇ ਬਾਕੀ ਸਾਰਾ ਟੱਬਰ ਗੁੜ ਵਾਲੀ ਚਾਹ ਪੀਂਦੇ। ਹੁਣ ਕੰਮ ਉਲਟ ਆ ਹੁਣ ਜਦੋਂ ਕੋਈ ਵਾਅਲਾ ਖਾਸ ਹੋਵੇ ਜਾਂ ਫਿਰ ਦੱਸਣਾ ਹੋਵੇ ਅਸੀਂ ਚਾਹ ਵਾਲੀ ਘੈਂਟ ਬਣਾਉਦੇ ਆ ਫੇਰ ਦੱਸਦੇ ਆ ਸ਼ੱਕਰ ਵਾਲੀ ਚਾਹ ਇਹ ਗੁੜ ਵਾਲੀ ਚਾਹ। ਕਦੇ ਕਦੇ ਇਹ ਵੀ ਦੱਸਣਾ ਪੈਂਦਾ ਵੀ ਇਹ ਗੁੜ ਬਰਗਾੜੀ ਵਾਲਾ ਤੇ ਜਾਂ ਫਿਰ ਕਹਿੰਦੈ ਖਿਆਲੇ ਵਾਲਾ ਗੁੜ ਮਲਵਈ ਸਟੋਰ ਦਾ। ਗੱਲ ਮੁੱਕਦੀ ਕਿ ਗੁੜ ਤੋਂ ਸ਼ੁਰੂ ਹੋਏ ਸੀ ਗੁੜ ਤੇ ਫਿਰ ਆ ਗਏ। ਖੰਡ ਬੇਵਫ਼ਾ ਹੀ ਰਹੀ ਹੁਣ ਵੀ ਖੰਡ ਨੂੰ ਖੰਡ ਖੰਡ ਨਹੀਂ ਆਖੀਦਾ।

THE FIVE RIVERS SOCIETY OF CALGARY
Preserve Our Heritage Inspire Our Future
Presents
ਵਿਰਾਸਤ ਦੀ ਗੂੰਜ
SUNDAY JUNE 28 | 12.30 PM TO 5.30 PM | VENUE : MAGNOLIA HALL CALGARY
Program Highlights
• ਗੱਤਕਾ
• ਢਾਡੀ ਵਾਰਾਂ
• ਬੱਚਿਆਂ ਦੀਆਂ ਕਵਿਤਾਵਾਂ
• ਇਤਿਹਾਸਿਕ ਗੀਤ/ਕਵਿਤਾਵਾਂ
• ਤਕਰੀਰਾਂ (ਡੈਨ ਸਿੱਧੂ, ਸੁਖਦੀਪ ਸਿੰਘ ਬਰਨਾਲਾ, ਯੂਨੀਵਰਸਿਟੀ ਦੇ ਨੌਜਵਾਨ)
• ਵਿਸ਼ੇਸ਼ ਪ੍ਰਦਰਸ਼ਨੀ
ਰਣਜੀਤ ਸਿੱਧੂ ਵੱਲੋਂ ਨਿਰਦੇਸ਼ਿਤ ਨਾਟਕ
ਕੁਰਬਾਨੀਆਂ ਦੀ ਵਿਰਾਸਤ

ਦਾਖਲਾ ਮੁਫ਼ਤ FREE ENTRY ਚਾਹ-ਪਾਣੀ ਦਾ ਪ੍ਰਬੰਧ ਹੈ
For any information, please contact
BALJIT SINGH PANDHER 4033991399 | BHOLA SINGH CHAUHAN 4047082901 | MANJOT SINGH GILL 403667529 | PARDEEP SINGH BENIPAL 4034340036

CAM TRANSPORT REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ

Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

Call Romi Sidhu For Insurance & Financial Needs

StateFarm IS NOW Desjardins Insurance
Monday-Friday 9:00 am to 5:30 PM
Weekends: All Other Times Appointments only

4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
*HOME *DISABILITY *VEHICLE FINANCE
*AUTO *RRSP *CRITICAL ILLNESS
*LIFE *RESP *MUTUAL FUNDS
Romi Sidhu, Agent

COLDWELL BANKER | YAD REALTY
RESIDENTIAL, COMMERCIAL & PROPERTY MANAGEMENT

ਜੇਕਰ ਤੁਹਾਡਾ ਘਰ 88 ਦਿਨਾਂ ਵਿੱਚ ਨਾ ਵਿਕਿਆ ਤਾਂ ਉਸ ਤੋਂ ਬਾਅਦ ਅਸੀਂ 'ਬਿਨਾ ਕਿਸੇ ਫੀਸ ਦੇ ਵੇਚਾਂਗੇ'
YADREALTY.CA

ANDY BHALLA OWNER, BROKER, REALTOR® 403-899-7171
HIRING BEST REAL ESTATE AGENTS
3130, 6520 36 Street NE, Calgary AB
AMRIT BEDI OWNER & REALTOR® 403-414-9191

# ਸਿਵਾਲਿਕ ਟੀ ਵੀ ਚੈਨਲ ਵੱਲੋਂ ਸਨਮਾਨ ਸਮਾਰੋਹ ਕੀਤਾ ਗਿਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨ ਸਿਵਾਲਿਕ ਟੀ ਵੀ ਚੈਨਲ ਵੱਲੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸਿਤਾਰਿਆਂ ਦਾ ਇੰਡੀਅਨ ਐਕਸ ਸਰਵਿਮੈਨ ਇੰਮੀਗਰਾਂਟ ਐਸੋਸੀਏਸ਼ਨ ਦੇ ਹਾਲ ਵਿੱਚ ਇੰਡੋ-ਕੈਨੇਡੀਅਨ ਸੰਸਥਾ ਦੇ ਪ੍ਰਧਾਨ ਜਰਨੈਲ ਸਿੰਘ ਤੱਗੜ ਦੀ ਪ੍ਰਧਾਨਗੀ ਹੇਠ ਵਿਸਾਲ ਸਨਮਾਨ ਸਮਾਗਮ ਕਰਵਾਇਆ ਗਿਆ। ਮੁੱਖ ਮਹਿਮਾਨ ਦੇ ਤੌਰ ਤੇ ਜਨਾਬ ਇਰਫਾਨ ਸਬੀਰ ਐਮ ਐਲ ਏ ਕੈਲਗਰੀ, ਗੁਰਿੰਦਰ ਸਿੰਘ ਬਰਾੜ ਐਮ ਐਲ ਏ ਕੈਲਗਰੀ




ਅਤੇ ਭਾਰਤ ਤੋਂ ਆਏ ਸਿਵਾਲਿਕ ਟੀ ਵੀ ਚੈਨਲ ਦੇ ਚੀਫ ਐਡੀਟਰ ਨੇ ਸਿਰਕਤ ਕੀਤੀ। ਪ੍ਰਧਾਨਗੀ ਮੰਡਲ ਵਿੱਚ ਉੱਘੀ ਸਾਹਿਤਕਾਰਾ ਗੁਰਚਰਨ ਕੌਰ ਥਿੰਦ ਵੀ ਸਾਮਿਲ ਹੋਏ। ਜਨਾਬ ਇਰਫਾਨ ਸਬੀਰ ਨੇ ਪੰਜਾਬੀਆਂ ਨੂੰ ਸੰਬੋਧਨ ਕਰਦਿਆਂ ਕੈਨੇਡਾ ਸਰਕਾਰ ਵੱਲੋਂ ਬਜੁਰਗਾਂ ਨੂੰ ਦਿਤੀਆਂ ਜਾ ਰਹੀਆਂ ਸਹੂਲਤਾਂ ਦੀ ਸਰਾਹਨਾ ਕੀਤੀ ਅਤੇ ਅਲਬਰਟਾ ਐਸੰਬਲੀ ਵਿੱਚ ਦਿੱਤੇ ਜਾ ਰਹੇ ਸਾਥ ਦਾ ਸਾਥੀ ਐਮ ਐਲ ਏਜ ਦਾ ਧੰਨਵਾਦ ਕੀਤਾ। ਗੁਰਿੰਦਰ ਸਿੰਘ ਬਰਾੜ ਐਮ ਐਲ ਏ ਨੇ ਕਿਹਾ ਕਿ ਅਸੀਂ ਸੱਤ ਸਮੁੰਦਰੋਂ ਪਾਰ ਕਰਕੇ ਪਹਿਲਾ ਆਪਣੀ ਰੋਜੀ ਰੋਟੀ ਕਮਾਈ ਫਿਰ ਰਾਜਨੀਤੀ ਵਿੱਚ ਆ ਕੇ ਪੰਜਾਬੀਆਂ ਦੀ ਸੇਵਾ ਕਰ ਰਹੇ ਹਾਂ। ਉੱਘੀ ਲੇਖਕਾ ਗੁਰਚਰਨ ਕੌਰ ਥਿੰਦ ਨੇ ਕਿਹਾ ਕੈਨੇਡਾ ਮਲਟੀਕਲਚਰ ਦੇਸ ਹੈ ਏਥੇ ਵੱਖੋ ਵੱਖ ਦੇਸਾਂ ਦੇ ਲੋਕ ਰਹਿੰਦੇ ਹਨ ਜਿਥੇ ਪੰਜਾਬੀ ਵੀ ਭਾਰੀ ਗਿਣਤੀ ਵਿੱਚ ਰਹਿੰਦੇ ਹਨ ਉਥੇ ਪੰਜਾਬੀ ਸਭਿਆਚਾਰ ਵੀ ਕਿਸੇ ਤੋਂ ਘੱਟ ਨੀ। ਉੱਘੀ ਸਾਹਿਤਕਾਰਾ ਗੁਰਦੀਸ਼ ਕੌਰ ਗਰੇਵਾਲ ਨੇ ਪੰਜਾਬੀਆਂ ਨੂੰ ਚੰਗੀਆਂ ਅਤੇ ਮਿਆਰੀ ਪੁਸਤਕਾਂ ਪੜਨੀਆਂ ਜਰੂਰੀ ਹਨ ਤਾਂ ਕਿ ਆਉਣ ਵਾਲੀ ਪੀੜੀ ਵੀ ਪੰਜਾਬੀ ਸਾਹਿਤ ਨਾਲ ਜੁੜ ਸਕੇ। ਭਾਰਤ ਤੋਂ ਆਏ ਸਿਵਾਲਿਕ ਟੀ ਵੀ ਚੈਨਲ ਦੇ ਚੀਫ ਐਡੀਟਰ ਭੁਪਿੰਦਰ ਸਿੰਘ ਭਾਗੋਮਾਜਰਾ ਨੇ ਕਿਹਾ ਪੰਜਾਬੀ ਸਾਡੀ ਮਾਂ ਬੋਲੀ ਹੈ, ਸਾਡੀ ਮਾਤਾ ਹੈ ਉਥੇ ਅੰਗਰੇਜ਼ੀ ਸਾਡੀ ਮਾਸੀ, ਹਿੰਦੀ ਸਾਡੀ ਭੂਆ ਅਤੇ ਉਰਦੂ ਆਦਿ ਭਾਸਾਵਾਂ ਨਾਲ ਸਾਡਾ ਗਹਿਰਾ ਰਿਸਤਾ ਹੈ। ਸਾਨੂੰ ਸਾਰੀਆਂ ਭਾਸਾਵਾਂ ਨਾਲ ਪਿਆਰ ਕਰਨਾ ਚਾਹੀਦਾ ਹੈ। ਕਵੀ ਦਰਬਾਰ ਵਿੱਚ ਸੁਖਵਿੰਦਰ ਤੁਰ, ਗੁਰਦੀਸ਼ ਕੌਰ ਗਰੇਵਾਲ, ਗੁਰਦੀਪ ਸਿੰਘ ਧਾਲੀਵਾਲ, ਜਸਬੀਰ ਸਿੰਘ ਸਹੋਤਾ, ਡਾ। ਹਰਮਿੰਦਰਪਾਲ ਸਿੰਘ, ਮਾ। ਗੁਰਮੇਲ ਸਿੰਘ, ਜਸਵੰਤ ਸਿੰਘ ਸੇਖੋਂ, ਸਰਬਜੀਤ ਕੌਰ ਉਪਲ, ਜਰਨੈਲ ਤੱਗੜ, ਮੋਹਨ ਸਿੰਘ ਪਪਰਾਲਾ ਅਤੇ ਸੁਭਾਸ਼ ਸਰਮਾ ਆਦਿ ਸਹਿਤਕਾਰਾਂ ਨੇ ਆਪੋ ਆਪਣੇ ਫਨ ਦਾ ਮੁਜਾਹਰਾ ਕੀਤਾ। ਆਖਰ ਵਿੱਚ ਸਿਵਾਲਿਕ ਟੀ ਵੀ ਚੈਨਲ ਵੱਲੋਂ ਪੰਜਾਬੀ ਸਿਤਾਰਿਆਂ ਜਿਨਾਂ ਵਿੱਚ ਜਨਾਬ ਇਰਫਾਨ ਸਬੀਰ। ਗੁਰਿੰਦਰ ਸਿੰਘ ਬਰਾੜ, ਜਰਨੈਲ ਤੱਗੜ, ਗੁਰਦੀਸ਼ ਕੌਰ ਗਰੇਵਾਲ, ਸਰਬਜੀਤ ਕੌਰ ਉਪਲ, ਗੁਰਚਰਨ ਕੌਰ ਥਿੰਦ, ਡਾ: ਹਰਮਿੰਦਰਪਾਲ ਸਿੰਘ, ਜਸਵੰਤ ਸਿੰਘ ਸੇਖੋਂ, ਸੁਖਵਿੰਦਰ ਤੁਰ, ਮਾ: ਗੁਰਮੇਲ ਸਿੰਘ, ਸੁਭਾਸ ਸ਼ਰਮਾ, ਪਰਮਜੀਤ ਸਿੰਘ ਭੰਗੂ, ਜੈ ਸਿੰਘ ਉਪਲ ਅਤੇ ਦਵਿੰਦਰ ਮਲਹਾਂਸ ਆਦਿ ਦਾ ਟਰਾਫੀਆਂ ਮੈਡਲਾਂ ਨਾਲ ਸਨਮਾਨ ਕੀਤਾ। ਸਟੇਜ ਦੀ ਕਾਰਵਾਈ ਕੈਲਗਰੀ ਤੋਂ ਸਿਵਾਲਕ ਟੀ ਵੀ ਦੇ ਪੱਤਰਕਾਰ ਪਰਮਜੀਤ ਸਿੰਘ ਭੰਗੂ ਅਤੇ ਸੁਭਾਸ ਸਰਮਾ ਨੇ ਕੀਤੀ।






















# ਕੁਦਰਤੀ ਸੁਹੱਪਣ ਦੇ ਸਫਰਾਂ ’ਤੇ

**ਪਿਆਰਾ ਸਿੰਘ**
ਗੁਰਨੇ ਕਲਾਂ
ਮੋਬਾਇਲ: 99 156 21 188



ਕੁਦਰਤ ਮਨੁੱਖ ਨੂੰ ਭੂਤਕਾਲ ਨਾਲੋਂ ਤੋੜ ਕੇ ਵਰਤਮਾਨ ਨਾਲ ਜੋੜਦੀ ਹੈ। ਕੁਦਰਤ ਵਰਤਮਾਨ ਵਿੱਚ ਕੀਤਾ ਗਿਆ ਨਿਵੇਸ਼ ਹੈ ਅਤੇ ਭਵਿੱਖ ਦੀਆਂ ਖੁਸ਼ੀਆਂ ਵਿੱਚ ਅਥਾਹ ਵਾਧਾ ਕਰਦਾ ਹੈ। ਕੁਦਰਤ ਨੂੰ ਸਾਂਭਣ ਦਾ ਫਲਸਫਾ ਸਾਡੇ ਅਤੀਤ ਵਿੱਚ ਪਿਆ । ਜਦੋਂ ਗੁਰੂ ਨਾਨਕ ਹਵਾ ਨੂੰ ਗੁਰੂ , ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਕਹਿੰਦਾ ਹੈ। ਬਾਬੇ ਨਾਨਕ ਦੀਆਂ ਉਦਾਸੀਆਂ ਕੁਦਰਤ ਦੇ ਸੁਹੱਪਣਾਂ ਨੂੰ ਮਾਨਣ ਦਾ ਸਫਰ ਹੈ। ਜਦੋਂ ਕਿਹਾ ਜਾਂਦਾ ਹੈ ਕਿ ਧਰਤੀ ਪਰੇ ਤੋਂ ਪਰੇ ਹੈ ਤਾਂ ਇਹਦਾ ਅਰਥ ਕੁਦਰਤ ਦੀ ਅਸੀਮਤ ਸੀਮਾ ਤੋਂ ਹੈ। ਕੁਦਰਤ ਨੂੰ ਮਾਨਣ ਦੀ ਸੀਮਾ ਵੀ ਅਸੀਮਤ ਹੈ। ਜਿੰਨਾ ਕੁਦਰਤ ਦੇ ਸੁਹੱਪਣ ਵਿੱਚ ਡੂੰਘੇ ਉੱਤਰਦੇ ਜਾਓਗੇ ਉਨੀ ਹੀ ਆਨੰਦ ਦੀ ਚਰਮ ਸੀਮਾ ਪ੍ਰਾਪਤ ਹੋਵੇਗੀ। ਕੁਦਰਤ ਦੀ ਸੁੰਦਰਤਾ ਦੀ ਡਿਗਰੀ ਬਹੁਤ ਵੱਡੀ ਹੈ। ਕੁਦਰਤ ਨੂੰ ਸਾਂਭ ਕੇ ਇਹਨੂੰ ਅਗਲੀ ਪੀੜੀ ਦੇ ਸਪੁਰਦ ਕਰਨਾ ਐਰੇ ਗੈਰੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਤਹਿਜੀਬ ਰੱਖਣ ਵਾਲੀਆਂ ਕੌਮਾਂ ਹੀ ਕੁਦਰਤ ਨੂੰ ਸਾਂਭਣ ਦੇ ਸਮਰੱਥ ਹੁੰਦੀਆਂ ਹਨ। ਜੰਗਲਾਤ ਮੰਤਰੀ ਦਰੱਖਤਾਂ ਦੇ ਦਰੱਖਤ ਛਕ ਜਾਂਦੇ ਹਨ । ਪਾਣੀ ਮੰਤਰੀ ਲਾਲਚ ਦੀ ਭੱਠੀ ਵਿੱਚ ਤਪਦੇ ਹੋਏ ਸਮੁੰਦਰਾਂ ਨਦੀਆਂ ਤੱਕ ਨੂੰ ਗੰਦਾ ਕਰ ਜਾਂਦੇ ਹਨ। ਪਹਾੜ ਮੰਤਰੀ ਨਿੱਜੀ ਮੁਫਾਦਾਂ ਲਈ ਪਹਾੜਾਂ ਨੂੰ ਪੱਧਰਾ ਕਰ ਦਿੰਦੇ ਹਨ। ਹੈ ਨਾ ਕਮਾਲ ਦੀ ਗੱਲ ਕਿ ਰਾਖੇ ਕਿਵੇਂ ਉਜਾੜਾ ਕਰਦੇ ਹਨ ਅਤੇ ਫਰਜ਼ਾਂ ਦੀ ਪਿੱਠ ਵਿੱਚ ਛੁਰਾ ਮਾਰਦੇ ਹਨ। ਸੁੰਦਰ ਰਸਤਿਆਂ ਤੇ ਗੰਦ ਪਾਉਣਾ ਸਾਨੂੰ ਚੰਗਾ ਲੱਗਦਾ। ਸਾਫ ਪਾਣੀ ਨੂੰ ਗੰਦਾ ਕਰਕੇ ਸਾਨੂੰ ਆਨੰਦ ਮਿਲਦਾ। ਸ਼ੁੱਧ ਹਵਾ ਨੂੰ ਅਸ਼ੁੱਧ ਕਰਕੇ ਸਾਨੂੰ ਸਕੂਨ ਮਿਲਦਾ। ਧਰਤੀ ਦੀ ਕੁੱਖ ਸਾੜ ਕੇ ਅਸੀਂ ਭੰਗੜੇ ਪਾਉਂਦੇ ਹਾਂ। ਇਹ ਸਾਡੀ ਨੈਤਿਕਤਾ ਦਾ ਪੱਧਰ ਹੈ। ਚੰਗਾ ਕਰਨ ਲਈ ਸਾਨੂੰ ਡੰਡਾ ਚਾਹੀਦਾ। ਫਰਜ਼ਾਂ ਦੀ ਬਜਾਏ ਅਸੀਂ ਅਧਿਕਾਰਾਂ ਦੇ ਗੁਲਾਮ ਹੋ ਰਹੇ ਹਾਂ।

ਕੈਨੇਡਾ ਵਿੱਚ ਕੈਲਗਰੀ ਤੋਂ ਵੈਨਕੂਵਰ ਤੱਕ ਸੜਕ ਕੁਦਰਤ ਦੇ ਸੁਹੱਪਣ ਨਾਲ ਭਰੀ ਪਈ ਹੈ। ਇੱਥੋਂ ਦੇ ਲੋਕਾਂ ਨੂੰ ਤਹਿਜੀਬ ਹੈ ਕਿ ਪਾਣੀ ਦੀ ਸ਼ੁੱਧਤਾ ਕੀ ਹੈ , ਦਰੱਖਤਾਂ ਦੀ ਕੀ ਮਹੱਤਤਾ ਹੈ , ਪਹਾੜਾਂ ਦੀ ਸੁੰਦਰਤਾ ਕੀ ਹੈ। ਇਹਨਾਂ ਲੋਕਾਂ ਨੂੰ ਕੁਦਰਤ ਸਾਂਭਣੀ ਵੀ ਆਉਂਦੀ ਹੈ ਅਤੇ ਇਸ ਦਾ ਆਨੰਦ ਲੈਣਾ ਵੀ ਆਉਂਦਾ ਹੈ ।ਕੁਦਰਤ ਦੇ ਸੁਹੱਪਣ ਨੂੰ ਪਿਆਰ ਕਰਨਾ ਇਹਨਾਂ ਦਾ ਸਵੈ ਅਨੁਸ਼ਾਸਨ ਹੈ। ਸੜਕ ਦੇ ਆਲੇ ਦੁਆਲੇ ਦਰੱਖਤਾਂ , ਪਹਾੜਾਂ ਅਤੇ ਪਾਣੀਆਂ ਦਾ ਅਨੁਸ਼ਾਸਨ ਬਾਕਮਾਲ ਹੈ। ਮਜਾਲ ਹੈ ਕਿ ਇਹਨਾਂ ਦੀ ਤਰਤੀਬ ਟੁੱਟਦੀ ਹੋਵੇ। ਸੜਕਾਂ ਦੇ ਆਲੇ ਦੁਆਲੇ ਹਰਿਆਲੀ, ਪਹਾੜਾਂ ਦੇ ਉੱਤੇ ਜੰਮੀ ਦੁੱਧ ਰੰਗੀ ਬਰਫ ਅਤੇ ਝੀਲਾਂ ਵਿੱਚ ਵਹਿ ਰਹੇ ਲੇਡੀ ਡਾਇਨਾ ਦੀਆਂ ਅੱਖਾਂ ਵਰਗੇ ਨੀਲੇ ਪਾਣੀ ਨੂੰ ਦੇਖ ਅੱਖਾਂ ਕਿੱਥੇ ਰੱਜਦੀਆਂ ਹਨ। ਇਹ ਸੁੰਦਰਤਾ ਤੁਹਾਡੇ ਅੰਦਰ ਦੀ ਉਦਾਸੀ ਨੂੰ ਮਾਰਦੀ ਹੈ ਅਤੇ ਤੁਹਾਨੂੰ ਤਰੋਤਾਜ਼ਾ ਕਰਦੀ ਹੈ। ਇੰਜ ਮਹਿਸੂਸ ਹੁੰਦਾ ਜਿਵੇਂ ਸਾਰੀ ਦੁਨੀਆਂ ਦੀ ਸੁੰਦਰਤਾ ਇਕੱਠੀ ਕਰਕੇ ਇਸ ਸੜਕ ਦੇ ਆਲੇ ਦੁਆਲੇ ਖਿੰਡਾਅ ਦਿੱਤੀ ਹੋਵੇ। ਕੁਦਰਤ ਦੇ ਅਜ਼ਬ ਨਜ਼ਾਰੇ ਮਨ ਨੂੰ ਮੋਹ ਲੈਂਦੇ ਹਨ। ਇਹ ਰੋਡ ਕੁਦਰਤ ਦੀ ਸੁੰਦਰਤਾ ਦੀ ਟੀਸੀ ਹੈ। ਦੇਖ ਕੇ ਇੰਝ ਲੱਗਦਾ ਸੀ ਜਿਵੇਂ ਸਵਰਗਾਂ ਦੀ ਸੈਰ ਕੀਤੀ ਜਾ ਰਹੀ ਹੋਵੇ। ਜੇ ਕਿਤੇ ਰੱਬ ਹੈਗਾ ਤਾਂ ਜਰੂਰ ਉਹ ਇਸ ਥਾਂ ਤੇ ਰਹਿੰਦਾ ਹੋਊ।

ਮੈਂ ਹੁਣ ਕੈਲਗਿਰੀ ਕੈਨੇਡਾ ਵਿੱਚ ਹਾਂ। ਯੋਜਨਾ ਬਣਦੀ ਹੈ ਕਿ ਇਸ ਰਸਤੇ ਦੀ ਸੁੰਦਰਤਾ ਨਿਹਾਰਨ ਦੇ ਨਾਲ ਨਾਲ ਬੈਂਫ ਅਤੇ ਲੇਕ ਲੂਇਸ ਦਾ ਆਨੰਦ ਮਾਣਿਆ ਜਾਵੇ । ਸਵੇਰੇ 9 ਵਜੇ ਕਾਰ ਰਾਹੀਂ ਇਸ ਰਸਤੇ ਤੇ ਚਾਲੇ ਪਾ ਦਿੱਤੇ ਜਾਂਦੇ ਹਨ। ਕੁਝ ਸਮੇਂ ਬਾਅਦ ਹੀ ਕੁਦਰਤ ਆਪਣਾ ਜਲਵਾ ਦਿਖਾਉਣਾ ਸ਼ੁਰੂ ਕਰ ਦਿੰਦੀ ਹੈ । ਅੱਖਾਂ ਯਕੀਨ ਨਹੀਂ ਕਰਦੀਆਂ ਕਿ ਇਹ ਵੀ ਹੋ ਸਕਦਾ ਹੈ। ਸੜਕਾਂ ਦੇ ਨਾਲ -ਨਾਲ ਕੁਦਰਤ ਦਾ ਸੁਹੱਪਣ ਵੀ ਨਾਲ- ਨਾਲ ਵਹਿੰਦਾ ਹੈ। ਜੋ ਇਸ ਰਸਤੇ ਦੀ ਖਾਸੀਅਤ ਹੈ , ਉਹ ਇਹ ਹੈ ਕਿ ਮਨੁੱਖ ਦੀ ਕੁਦਰਤ ਨਾਲ ਛੇੜ ਛਾੜ ਇੱਥੇ ਜੀਰੋ ਹੈ । ਪਾਣੀ ਬਿਨਾਂ ਕਿਸੇ ਡਰ ਤੋਂ ਵਹਿ ਰਿਹਾ ਹੈ। ਦਰੱਖਤ ਬਿਨਾਂ ਭੈਅ ਦੇ ਆਪਣੀ ਜ਼ਿੰਦਗੀ ਜਿਉ ਰਿਹਾ ਹੈ। ਪਹਾੜ ਨਿਡਰ ਹੋ ਕੇ ਪਾਣੀ ਅਤੇ ਦਰੱਖਤਾਂ ਨਾਲ ਅਠਖੇਲੀਆਂ ਕਰਦੇ ਹਨ । ਇੱਥੇ ਧਰਤੀ , ਪਾਣੀ , ਹਵਾ , ਪਹਾੜ ਅਤੇ ਬਰਫ ਦਾ ਆਪਸੀ ਪਿਆਰ ਬਾ ਕਮਾਲ ਹੈ। ਇਹਨਾਂ ਦਾ ਆਪਣਾ ਹੀ ਜਾਪਤਾ ਹੈ। ਇਹਨਾਂ ਦਾ ਮੰਨਣਾ ਹੈ ਕਿ ਆਪਾਂ ਨੂੰ ਇੱਕ ਦੂਜੇ ਤੋਂ ਕੋਈ ਖਤਰਾ ਨਹੀਂ। ਹਾਂ ਮਨੁੱਖ ਰੂਪੀ ਜਾਨਵਰ ਜਰੂਰ ਸਾਡੇ ਲਈ ਖਤਰਾ ਬਣ ਸਕਦਾ ਹੈ। ਖੁਸ਼ਗਵਾਰ ਗੱਲ ਇਹ ਹੈ ਕਿ ਇੱਥੇ ਮਨੁੱਖ ਕੁਦਰਤ ਨੂੰ ਅਥਾਹ ਮੁਹੱਬਤ ਕਰਨ ਵਾਲੇ ਹਨ।

ਉੱਚੀਆਂ ਉੱਚੀਆਂ ਪਹਾੜੀਆਂ ਦੁੱਧ ਰੰਗੀ ਬਰਫ ਨੇ ਢੱਕੀਆਂ ਹੋਈਆਂ ਹਨ । ਇੰਝ ਲੱਗਦਾ ਜਿਵੇਂ ਕਿਸੇ ਸੁੰਦਰ ਮੁਟਿਆਰ ਨੇ ਚਿੱਟੀ ਚੁੰਨੀ ਤਾਣੀ ਹੋਵੇ। ਧੁੱਪ ਵਿੱਚ ਚਿੱਟੀ ਬਰਫ ਚਮਕਦੀ ਹੈ। ਇਹ ਦ੍ਰਿਸ਼ ਮਨ ਨੂੰ ਮੋਹਦਾ ਹੈ। ਬੈਂਫ ਨੈਸ਼ਨਲ ਪਾਰਕ ਵਿੱਚ ਲੇਕ ਲੂਇਸ ਬਰਫ ਨਾਲ ਢੱਕੀਆਂ ਪਹਾੜੀਆਂ ਦੇ ਵਿੱਚ ਘਿਰੀ ਹੋਈ ਹੈ। ਇਸ ਲੇਕ ਦਾ ਨੀਲਾ ਪਾਣੀ ਰੂਹ ਨੂੰ ਰੱਜ ਨਾਲ ਭਰਦਾ ਹੈ। ਇੰਝ ਲੱਗਦਾ ਜਿਵੇਂ ਕੁਦਰਤ ਨੇ ਇੱਥੇ ਜੰਨਤ ਨੂੰ ਉਤਾਰ ਦਿੱਤਾ ਹੋਵੇ। ਇੱਥੇ ਕੁਦਰਤ ਨੂੰ ਪੂਜਿਆ ਨਹੀਂ ਜਾਂਦਾ, ਪਿਆਰ ਕੀਤਾ ਜਾਂਦਾ ਹੈ। ਜਿੱਥੇ ਕੁਦਰਤ ਪੂਜੀ ਜਾਂਦੀ ਹੈ ਉੱਥੇ ਵੱਖ- ਵੱਖ ਤਰ੍ਹਾਂ ਦੀਆਂ ਸਮੱਗਰੀਆਂ ਕੁਦਰਤ ਦੀ ਸੁੰਦਰਤਾ ਨੂੰ ਢਾਹ ਲਾਉਂਦੀਆਂ ਹਨ। ਇੱਥੇ ਕੁਦਰਤ ਦੀ ਸੁੰਦਰਤਾ ਜਿੱਥੇ ਵਰਤਮਾਨ ਨੂੰ ਖੁਸ਼ੀਆਂ ਨਾਲ ਭਰਦੀ ਹੈ ਉੱਥੇ ਹੀ ਭਵਿੱਖ ਵਿੱਚ ਖੁਸ਼ੀਆਂ ਦੀ ਯਾਦ ਨੂੰ ਸਾਂਭ ਕੇ ਰੱਖਦੀ ਹੈ। ਜਦ ਦਿਲ ਕਰੇਗਾ , ਯਾਦਾਂ ਦੀਆਂ ਖੁਸ਼ੀਆਂ ਦੀ ਫਿਰ ਤੋਂ ਬਾਰਿਸ਼ ਮਨੁੱਖ ਨੂੰ ਤਰੋ ਤਾਜ਼ਾ ਕਰੇਗੀ।

ਬੈਂਫ ਜਿੱਥੇ ਸੰਸਾਰ ਵਿਰਾਸਤੀ ਥਾਂ ਹੈ ਉੱਥੇ ਹੀ ਕੁਦਰਤੀ ਸੁੰਦਰਤਾ ਦਾ ਉੱਤਮ ਨਮੂਨਾ ਹੈ। ਹੋਰ ਸਥਾਨਾਂ ਤੋਂ ਘੁੰਮਣ ਆਉਣ ਵਾਲਿਆਂ ਲਈ ਇਹ ਕੇਂਦਰੀ ਥਾਂ ਹੈ। ਇਸ ਥਾਂ ਦੀ ਕੇਂਦਰੀ ਗਲੀ ਹਰ ਸਮੇਂ ਸੈਲਾਨੀਆਂ ਨਾਲ ਭਰੀ ਰਹਿੰਦੀ ਹੈ। ਇਸ ਗਲੀ ਵਿੱਚੋਂ ਦੀ ਲੰਘਦੇ ਹੋਏ ਗੰਡੋਲਾ ਦੇ ਝੂਟਿਆਂ ਕੋਲ ਪਹੁੰਚਿਆ ਜਾ ਸਕਦਾ ਹੈ। ਗੰਡੋਲਾ ਝੂਟਾ ਇੱਕ ਅਦਭੁਤ ਤਜਰਬਾ ਹੈ। ਇਹ ਝੂਟਾ ਮਨੁੱਖ ਨੂੰ ਅੱਧੇ ਆਸਮਾਨ ਤੱਕ ਲੈ ਜਾਂਦਾ ਹੈ। ਉਸ ਥਾਂ ਤੇ ਪਹੁੰਚ ਕੇ ਚਾਰ ਚੁਫੇਰੇ ਜਦ ਨਿਗਾਹ ਘੁੰਮਦੀ ਹੈ ਤਾਂ ਕੁਦਰਤ ਚਾਂਬਲਾਂ ਪਾਉਂਦੀ ਨਜ਼ਰ ਆਉਂਦੀ ਹੈ। ‘ਅਖੀ ਵੇਖ ਨ ਰਜੀਆ ਬਹੁ ਰੰਗ ਤਮਾਸੇ’ ਭਾਈ ਗੁਰਦਾਸ ਜੀ ਦੀ ਤੁਕ ਇੱਥੇ ਹੂਬਹੂ ਢੁੱਕਦੀ ਹੈ। ਦਿਲ ਕਰਦਾ ਕਿ ਇਸ ਸੁੰਦਰਤਾ ਨੂੰ ਨਿਹਾਰੀ ਹੀ ਜਾਈਏ। ਚਾਰ ਚੁਫੇਰੇ ਦੁੱਧ ਵਰਗੀ ਚਿੱਟੀ ਬਰਫ ਨਾਲ ਢਕੇ ਪਹਾੜ , ਪਹਾੜਾਂ ਦੇ ਆਲੇ ਦੁਆਲੇ ਬਾਂਕੇ ਨੌਜਵਾਨਾਂ ਵਾਂਗ ਝੂਲਦੇ ਦਰੱਖਤ ਅਤੇ ਤਿਰਸ਼ੀ ਨਜ਼ਰ ਮਾਰਿਆ ਦਿਸਦਾ ਸੋਹਣਾ ਜਿਹਾ ਟਾਊਨ ਬੈਂਫ ਸਦੀਵੀਂ ਖੁਸ਼ੀ ਦਾ ਸੋਮਾ ਜਾਪਦਾ ਹੈ। ਕੁਦਰਤ ਦੇ ਰੰਗ ਵਿੱਚ ਰੰਗੇ ਲੋਕ ਕੁਦਰਤ ਵਰਗੀਆਂ ਹੀ ਗੱਲਾਂ ਕਰਦੇ ਹਨ। ਇੱਕ ਅੰਗਰੇਜ਼ ਨੂੰ ਜਦ ਫੋਟੋ ਖਿੱਚਣ ਲਈ ਕਿਹਾ ਜਾਂਦਾ ਹੈ ਤਾਂ ਉਹ ਬੇਟੀ ਨੂੰ ਕਹਿੰਦਾ ਹੈ , ÷ ਯੂਅਰ ਫਾਦਰ ਇਜ ਸੋ ਯੰਗ , ਮਿਸਟਰ ਸਿੰਘ ਕੀਪ ਇਟ ਅਪ ।÷ ਬੈਂਫ ਦੇ ਬਾਜ਼ਾਰ ਵਿੱਚ ਇੱਕ ਬੰਦਾ ਟੁੱਟੀ - ਫੁੱਟੀ ਪੰਜਾਬੀ ਵਿੱਚ ਮੈਨੂੰ ਇਕੱਲੇ ਪੱਗ ਵਾਲੇ ਨੂੰ ਦੇਖ ਕੇ ਕਹਿੰਦਾ ਹੈ ,÷ ਭਾਜੀ ਸੋਹਣੇ ਲੱਗ ਰਹੇ ਹੋ।÷ ਮੈਨੂੰ ਲੱਗਦਾ ਕਿ ਕੁਦਰਤ ਨੇ ਉਹਨਾਂ ਨੂੰ ਅੰਦਰੋਂ ਵੀ ਸੋਹਣਾ ਬਣਾ ਦਿੱਤਾ ਹੈ ਅਤੇ ਉਸੇ ਕਰਕੇ ਬਾਹਰ ਵੀ ਉਹਨਾਂ ਨੂੰ ਸੁਹੱਪਣ ਹੀ ਦਿੱਸਦਾ ਹੈ।

ਕੁਦਰਤੀ ਸੁਹੱਪਣ ਨੂੰ ਮਾਨਣ ਵਾਲੇ ਸਫਰਾਂ ਤੇ ਅਨੇਕਾਂ ਲੋਕ ਨਿਕਲਦੇ ਹਨ। ਸਵਾਲ ਇਹ ਬਣਦਾ ਹੈ ਕਿ ਕੁਦਰਤੀ ਸੁਹੱਪਣ ਕਿੰਨਿਆਂ ਲਈ ਸਦੀਵੀਂ ਬਣਦਾ ਹੈ। ਕੁਝ ਲਈ ਇਹ ਮਹਿਜ਼ ਪਾਣੀ ਹੋਵੇਗਾ , ਕੁਝ ਲਈ ਇਹ ਮਹਿਜ਼ ਪਹਾੜ ਹੋਣਗੇ , ਕੁਝ ਲਈ ਦਰੱਖਤਾਂ ਤੇ ਬਰਫ ਹੋਵੇਗੀ , ਕੁਝ ਖਾ ਪੀ ਕੇ ਵਾਪਸ ਮੁੜ ਆਉਣਗੇ , ਕੁਝ ਕਹਿਣਗੇ ਕਿ ਇਹ ਪੈਸੇ ਦੀ ਬਰਬਾਦੀ ਹੈ ਆਦਿ। ਇਸ ਲਈ ਇਹਨਾਂ ਸਫਰਾਂ ਤੇ ਨਿਕਲਣ ਲਈ ਨਜ਼ਰ ਤੇ ਨਜ਼ਰੀਆ ਦੋਵੇਂ ਹੋਣੇ ਜਰੂਰੀ ਹਨ। ਨਜ਼ਰ ਕੁਦਰਤੀ ਸੁਹੱਪਣ ਨੂੰ ਵਾਚੇ ਅਤੇ ਨਜ਼ਰੀਆ ਉਹਦੀ ਫੋਟੋਗ੍ਰਾਫੀ ਰਾਹੀਂ ਪੇਸ਼ਕਾਰੀ ਕਰੇ। ਕੁਦਰਤ ਦੀ ਗੋਦੀ ਵਿੱਚ ਬੈਠ ਉਸ ਵਿੱਚ ਲੀਨ ਹੋ ਜਾਣਾ ਮਨੁੱਖੀ ਜ਼ਿੰਦਗੀ ਦਾ ਪਰਮ ਆਨੰਦ ਹੈ। ਸੋ ਆਓ ਕੁਦਰਤ ਦੇ ਸੁਹੱਪਣ ਦੇ ਸਫਰਾਂ ਤੇ ਨਿਕਲਣ ਦੀ ਜਾਂਚ ਅਤੇ ਤੌਫੀਕ ਸਿੱਖੀਏ।

MIDWEST DIESEL REPAIR INC.
Midwest Truck Parts
Gurprit Gill (Sony)
Midwest Diesel Repair Inc.
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ ’ਤੇ ਖਰੀਦਣ ਲਈ ਸੰਪਰਕ ਕਰੋ।
• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ONE-STOP TRUCK SALES
ਘੱਟ ਰੇਟ ਉੱਪਰ ਕੁੱਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
YOUR ONE STOP SHOP FOR TRUCK SALES AND FINANCING
ਵਨ-ਸਟਾਪ ਟਰੱਕ ਸੇਲਜ਼ ਵਾਲੇ ਹੀ ਤੁਹਾਨੂੰ ਬਣਾ ਸਕਦੇ ਹਨ ਹੈਵੀ ਡਿਊਟੀ ਟਰੱਕ ਟਰੇਲਰ, ਟਰੱਕ ਦੇ ਮਾਲਕ
Davinder Gill & Jatinder Gill
306 490 2205, 306 880 3869
56 Bryan Bay, Rosser, MB R3C 2E6
Office: 204-987-7300
Email: admin@onestoptrucksales.com
Mob. 204-396-5404

# ਅਸੀਂ ਸਾਰੇ ਮਖੌਟੇ ਵਾਲੀ ਜ਼ਿੰਦਗੀ ਕਿਉਂ ਜੀ ਰਹੇ ਹਾਂ?



**ਡਾ: ਸੇਠੀ ਕੇ.ਸੀ.**
ਲੇਖਕ ਦਮਨ,ਇੰਡੀਆ
ਆਕਲੈਂਡ, ਨਿਊਜ਼ੀਲੈਂਡ

ਮਨੁੱਖੀ ਜੀਵਨ ਸਿਰਫ਼ ਕੰਮਾਂ, ਉਪਲਬਧੀਆਂ, ਗੱਲਬਾਤਾਂ ਅਤੇ ਰਿਸ਼ਤਿਆਂ ਦੀ ਭੌਤਿਕ ਯਾਤਰਾ ਨਹੀਂ ਹੈ। ਜਦੋਂ ਵੀ ਅਸੀਂ ਕਿਸੇ ਦੇ ਚਿਹਰੇ ਉੱਤੇ ਮੁਸਕਾਨ ਵੇਖਦੇ ਹਾਂ, ਉਸ ਦੇ ਅੰਦਰ ਇੱਕ ਅਣਦਿੱਖੀ ਦੁਨੀਆ ਵੀ ਹੁੰਦੀ ਹੈ—ਚੁੱਪ, ਲੁਕੀ ਹੋਈ ਅਤੇ ਬਹੁਤ ਨਿੱਜੀ। ਹਰ ਮਨੁੱਖ ਕਿਸੇ ਨਾ ਕਿਸੇ ਰੂਪ ਵਿੱਚ ਇੱਕ -ਹਲੀ ਜ਼ਿੰਦਗੀ ਜੀਉਂਦਾ ਹੈ, ਭਾਵੇਂ ਉਸ ਨੂੰ ਇਸ ਦਾ ਅਹਿਸਾਸ ਨਾ ਹੋਵੇ। ਇਹ -ਹਲਾਪਣ ਹਮੇਸ਼ਾ ਧੋਖਾ ਨਹੀਂ ਹੁੰਦਾ। ਬਹੁਤ ਵਾਰ ਇਹ ਸੁਰੱਖਿਆ ਦਾ ਸਾਧਨ ਹੁੰਦਾ ਹੈ। ਇਹ ਉਹ ਮਾਨਸਿਕ ਕਵਚ ਹੈ ਜਿਸ ਨਾਲ ਲੋਕ ਆਪਣੇ ਡਰਾਂ, ਅਸੁਰੱਖਿਆਵਾਂ, ਨਿਰਾਸ਼ਾਵਾਂ, ਭਾਵਨਾਤਮਕ ਜ਼ਖ਼ਮਾਂ, ਇਕੱਲੇਪਣ ਅਤੇ ਅਧੂਰੀਆਂ ਲੜਾਈਆਂ ਤੋਂ ਆਪਣੇ ਆਪ ਨੂੰ ਬਚਾਉਂਦੇ ਹਨ। ਸਭਿਆਚਾਰ ਨੇ ਮਨੁੱਖ ਨੂੰ ਨਿਯਮਾਂ ਅਨੁਸਾਰ ਜੀਣਾ ਤਾਂ ਸਿਖਾਇਆ ਹੈ, ਪਰ ਹਮੇਸ਼ਾ ਆਪਣੀ ਅਸਲ ਹਕੀਕਤ ਨੂੰ ਖੁੱਲ੍ਹ ਕੇ ਪ੍ਰਗਟ ਕਰਨਾ ਨਹੀਂ ਸਿਖਾਇਆ। ਇਸ ਕਰਕੇ ਲੋਕ ਹੌਲੀ-ਹੌਲੀ ਸਮਾਜ ਅੱਗੇ ਇੱਕ ਖਾਸ ਤਸਵੀਰ ਪੇਸ਼ ਕਰਨ ਵਿੱਚ ਮਾਹਰ ਹੋ ਜਾਂਦੇ ਹਨ। ਕਈ ਵਾਰ ਕੋਈ ਵਿਅਕਤੀ ਲੋਕਾਂ ਵਿਚ ਖੁੱਲ੍ਹ ਕੇ ਹੱਸ ਰਿਹਾ ਹੁੰਦਾ ਹੈ, ਪਰ ਅੰਦਰੋਂ ਟੁੱਟ ਰਿਹਾ ਹੁੰਦਾ ਹੈ। ਕੋਈ ਬਾਹਰੋਂ ਬਹੁਤ ਆਤਮ-ਵਿਸ਼ਵਾਸੀ ਦਿਸਦਾ ਹੈ, ਪਰ ਅੰਦਰ ਸਾਲਾਂ ਦੇ ਡਰ ਅਤੇ ਸ਼ੰਕਾਵਾਂ ਨੂੰ ਲੁਕਾਈ ਬੈਠਾ ਹੁੰਦਾ ਹੈ। ਕੋਈ ਦੂਜਿਆਂ ਨਾਲ ਬਹੁਤ ਚੰਗਾ ਹੁੰਦਾ ਹੈ, ਪਰ ਆਪਣੇ ਆਪ ਨਾਲ ਨਹੀਂ। ਲੋਕ ਅਕਸਰ ਉਹ ਨਹੀਂ ਹੁੰਦੇ ਜੋ ਉਹ ਦਿਸਦੇ ਹਨ, ਅਤੇ ਸਮਾਜ ਵੀ ਹਰ ਵੇਲੇ ਭਾਵਨਾਤਮਕ ਸੱਚਾਈ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੁੰਦਾ। ਮਨੋਵਿਗਿਆਨ ਦੇ ਅਨੁਸਾਰ ਇਹ -ਹਲਾਪਣ ਬਚਪਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਜਦੋਂ ਬੱਚੇ ਦੀ ਹਰ ਗੱਲ ਦਾ ਨਿਰਣਾ ਕੀਤਾ ਜਾਂਦਾ ਹੈ, ਉਹ ਆਪਣੀਆਂ ਭਾਵਨਾਵਾਂ ਲੁਕਾਉਣ ਸਿੱਖ ਲੈਂਦਾ ਹੈ। ਜਦੋਂ ਕਿਸੇ ਨੂੰ ਰੱਦ ਕੀਤਾ ਜਾਂਦਾ ਹੈ, ਉਹ ਆਪਣੇ ਬਚਾਅ ਲਈ ਨਵੀਂ ਸ਼ਖ਼ਸੀਅਤ ਬਣਾਉਣ ਲੱਗਦਾ ਹੈ। ਜਿਸ ਮਨੁੱਖ ਨੂੰ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਸਮਾਜਕ ਹਾਲਾਤਾਂ ਨਾਲ ਨਜਿੱਠਣ ਲਈ ਬਣਾਵਟੀ ਆਤਮ-ਵਿਸ਼ਵਾਸ ਵਿਕਸਿਤ ਕਰ ਲੈਂਦਾ ਹੈ। ਇਸ ਤਰ੍ਹਾਂ ਮਨ ਵਿੱਚ ਭਾਵਨਾਤਮਕ ਕੰਧਾਂ ਖੜ੍ਹੀਆਂ ਹੋਣ ਲੱਗਦੀਆਂ ਹਨ।ਇਹ ਲੁਕਿਆ ਹੋਇਆ ਮਨੋਵਿਗਿਆਨਕ ਬਦਲਾਅ ਹੌਲੀ-ਹੌਲੀ ਜੀਵਨ ਬਚਾਉਣ ਦਾ ਸਾਧਨ ਬਣ ਜਾਂਦਾ ਹੈ। ਦੁਨੀਆ ਅਕਸਰ ਇਸ -ਹਲਾਪਣ ਨੂੰ ਅਸਲੀ ਸ਼ਖ਼ਸੀਅਤ ਸਮਝ ਲੈਂਦੀ ਹੈ। ਪਰ ਕਈ ਸ਼ਖ਼ਸੀਅਤਾਂ ਅਸਲ ਨਹੀਂ ਹੁੰਦੀਆਂ; ਉਹ ਦਰਦ, ਡਰ, ਉਮੀਦਾਂ ਅਤੇ ਸਮਾਜਕ ਦਬਾਅ ਦੇ ਨਤੀਜੇ ਵਜੋਂ ਬਣਦੀਆਂ ਹਨ।ਅੱਜ ਦੇ ਸਮੇਂ ਵਿੱਚ ਇਹ ਸਮੱਸਿਆ ਹੋਰ ਵੱਧ ਗਈ ਹੈ। ਅੱਜ ਦਾ ਮਨੁੱਖ ਸਮਾਜਕ, ਪੇਸ਼ਾਵਰ, ਭਾਵਨਾਤਮਕ ਅਤੇ ਡਿਜ਼ੀਟਲ ਤੌਰ 'ਤੇ ਲਗਾਤਾਰ ਨਿਗਰਾਨੀ ਹੇਠ ਹੈ। ਸੋਸ਼ਲ ਮੀਡੀਆ ਨੇ ਆਮ ਜੀਵਨ ਨੂੰ ਇੱਕ ਮੰਚ ਵਿੱਚ ਬਦਲ ਦਿੱਤਾ ਹੈ। ਹੁਣ ਲੋਕ ਸਿਰਫ਼ ਜੀਉਂਦੇ ਨਹੀਂ, ਸਗੋਂ ਆਪਣੇ ਆਪ ਨੂੰ ਲਗਾਤਾਰ ਪੇਸ਼ ਵੀ ਕਰਦੇ ਹਨ। ਮੁਸਕਾਨਾਂ ਦੀ ਭਰਮਾਰ ਹੈ, ਸਫਲਤਾ ਦੀਆਂ ਕਹਾਣੀਆਂ ਬਹੁਤ ਹਨ, ਪਰ ਅੰਦਰਲੇ ਦੁੱਖ ਅਤੇ ਸੰਘਰਸ਼ ਅਕਸਰ ਲੁਕਾਏ ਜਾਂਦੇ ਹਨ।ਇਸ ਕਾਰਨ ਲੋਕ ਆਪਣੇ ਅਸਲੀ ਆਪ ਤੋਂ ਦੂਰ ਹੋਣ ਲੱਗਦੇ ਹਨ।ਕੋਈ ਮਨੁੱਖ ਸਾਲਾਂ ਤੱਕ ਐਸੀ ਤਸਵੀਰ ਬਣਾਉਂਦਾ ਰਹਿ ਸਕਦਾ ਹੈ ਕਿ ਇੱਕ ਸਮੇਂ ਉਸ ਲਈ ਅਸਲ ਅਤੇ ਦਿਖਾਵੇ ਵਿੱਚ ਫ਼ਰਕ ਕਰਨਾ ਮੁਸ਼ਕਲ ਹੋ ਜਾਂਦਾ ਹੈ। ਇਹ -ਹਲਾਪਣ ਉਸ ਦੀ ਬੋਲੀ, ਵਿਹਾਰ, ਰਿਸ਼ਤਿਆਂ ਅਤੇ ਇੱਥੋਂ ਤੱਕ ਕਿ ਸੋਚ ਦਾ ਹਿੱਸਾ ਬਣ ਜਾਂਦਾ ਹੈ।ਇੱਥੇ ਇੱਕ ਵੱਡਾ ਪ੍ਰਸ਼ਨ ਖੜ੍ਹਾ ਹੁੰਦਾ ਹੈ—ਕੀ ਸਮਾਜ ਅਸਲ ਮਨੁੱਖ ਨੂੰ ਜਾਣਦਾ ਹੈ ਜਾਂ ਕੇਵਲ ਉਸ ਰੂਪ ਨੂੰ ਜਿਸ ਨੂੰ ਉਹ ਜਾਣਨਾ ਚਾਹੁੰਦਾ ਹੈ?

ਮਨੁੱਖ ਦੀ ਸਭ ਤੋਂ ਵੱਡੀ ਦੁਖਦਾਈ ਸਥਿਤੀ ਇਹ ਹੈ ਕਿ ਉਹ ਸਮਝਿਆ ਜਾਣਾ ਤਾਂ ਚਾਹੁੰਦਾ ਹੈ, ਪਰ ਪੂਰੀ ਤਰ੍ਹਾਂ ਖੁਲ੍ਹ ਜਾਣ ਤੋਂ ਡਰਦਾ ਵੀ ਹੈ। ਅਸੀਂ ਦੂਜਿਆਂ ਨਾਲ ਜੁੜਨਾ ਚਾਹੁੰਦੇ ਹਾਂ, ਪਰ ਨਿਰਣਾ ਹੋਣ ਤੋਂ ਡਰਦੇ ਹਾਂ। ਇਸ ਲਈ ਅਸੀਂ ਕੁਝ ਹੱਦ ਤੱਕ ਆਪਣੇ ਆਪ ਨੂੰ ਦਿਖਾਉਂਦੇ ਹਾਂ ਅਤੇ ਕੁਝ ਹਿੱਸਾ ਲੁਕਾ ਲੈਂਦੇ ਹਾਂ।

**ਡਾ: ਸੇਠੀ ਕੇ ਸੀ ਕਹਿੰਦੇ ਹਨ:**"ਲੋਕ ਸਿਰਫ਼ ਸਰੀਰ ਉੱਤੇ ਹੀ ਕੱਪੜੇ ਨਹੀਂ ਪਹਿਨਦੇ, ਉਹ ਆਪਣੇ ਮਨ ਉੱਤੇ ਵੀ ਅਣਦਿੱਖੇ ਕੱਪੜੇ ਪਹਿਨੇ ਹੋਏ ਹੁੰਦੇ ਹਨ।"ਇਹ ਇੱਕ ਮਨੋਵਿਗਿਆਨਕ ਅਲਮਾਰੀ ਹੈ ਜੋ ਦਿਖਾਈ ਨਹੀਂ ਦਿੰਦੀ, ਪਰ ਹਰ ਹਾਲਾਤ ਵਿੱਚ ਬਦਲ ਜਾਂਦੀ ਹੈ। ਘਰ ਵਾਲਾ ਮਨੁੱਖ ਕੁਝ ਹੋਰ ਹੁੰਦਾ ਹੈ, ਦੋਸਤਾਂ ਵਿਚ ਕੁਝ ਹੋਰ, ਕੰਮ ਵਾਲੀ ਥਾਂ ਤੇ ਕੁਝ ਹੋਰ ਅਤੇ ਇਕੱਲੇ ਵਿੱਚ ਕੁਝ ਹੋਰ। ਮਨੁੱਖੀ ਸ਼ਖ਼ਸੀਅਤ ਇੱਕ-ਪੱਖੀ ਨਹੀਂ, ਸਗੋਂ ਬਹੁ-ਪੱਖੀ ਹੁੰਦੀ ਹੈ।ਪਹਿਲੀ ਪਰਤ ਸਮਾਜਕ ਸ਼ਖ਼ਸੀਅਤ ਦੀ ਹੁੰਦੀ ਹੈ ਜੋ ਅਸੀਂ ਦੁਨੀਆ ਨੂੰ ਦਿਖਾਉਂਦੇ ਹਾਂ। ਦੂਜੀ ਪਰਤ ਭਾਵਨਾਤਮਕ ਸ਼ਖ਼ਸੀਅਤ ਦੀ ਹੁੰਦੀ ਹੈ ਜਿਸ ਵਿੱਚ ਸਾਡੇ ਨਿੱਜੀ ਵਿਚਾਰ, ਡਰ, ਇੱਛਾਵਾਂ, ਪਛਤਾਵੇ ਅਤੇ ਯਾਦਾਂ ਵੱਸਦੀਆਂ ਹਨ।ਤੀਜੀ ਪਰਤ -ਹਲੀ ਸ਼ਖ਼ਸੀਅਤ ਦੀ ਹੁੰਦੀ ਹੈ ਉਹ ਨਕਾਬ ਜੋ ਸਵੀਕਾਰਤਾ, ਸੁਰੱਖਿਆ ਅਤੇ ਭਾਵਨਾਤਮਕ ਬਚਾਅ ਲਈ ਬਣਾਇਆ ਜਾਂਦਾ ਹੈ।ਬਹੁਤ ਸਾਰੇ ਲੋਕ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਇਸ ਤੀਜੀ ਪਰਤ ਵਿੱਚ ਹੀ ਬਿਤਾਉਂਦੇ ਹਨ। ਅੱਜ ਦੇ ਪੇਸ਼ਾਵਰ ਅਤੇ ਸਮਾਜਕ ਜੀਵਨ ਵਿੱਚ ਇਹ ਨਕਾਬ ਹੋਰ ਵੀ ਮਜ਼ਬੂਤ ਹੋ ਗਿਆ ਹੈ। ਲੋਕ ਕੰਮ ਵਾਲੀ ਥਾਂ ਤੇ ਆਪਣੀ ਥਕਾਵਟ ਲੁਕਾ ਲੈਂਦੇ ਹਨ। ਕਈ ਰਿਸ਼ਤਿਆਂ ਵਿੱਚ ਆਪਣੇ ਦੁੱਖ ਨੂੰ ਸਮਝੌਤੇ ਦੀ ਚਾਦਰ ਹੇਠ ਢੱਕ ਲੈਂਦੇ ਹਨ। ਪਰਿਵਾਰਾਂ ਵਿੱਚ ਲੋਕ ਸ਼ਾਂਤੀ ਬਣਾਈ ਰੱਖਣ ਲਈ ਆਪਣੀਆਂ ਭਾਵਨਾਵਾਂ ਨੂੰ ਦਬਾ ਲੈਂਦੇ ਹਨ। ਦੋਸਤੀ ਵੀ ਕਈ ਵਾਰ ਪੂਰੀ ਸੱਚਾਈ ਉੱਤੇ ਨਹੀਂ ਟਿਕੀ ਹੁੰਦੀ।ਇਹ ਨਕਾਬ ਮਨ ਅਤੇ ਮਨੋਵਿਗਿਆਨ ਉੱਤੇ ਭਾਰੀ ਬੋਝ ਬਣ ਸਕਦਾ ਹੈ।ਜੇ ਕੋਈ ਮਨੁੱਖ ਲਗਾਤਾਰ ਇੱਕ ਕਿਰਦਾਰ ਨਿਭਾਉਂਦਾ ਰਹੇ, ਤਾਂ ਇੱਕ ਸਮੇਂ ਬਾਅਦ ਉਹ ਮਾਨਸਿਕ ਥਕਾਵਟ ਦਾ ਸ਼ਿਕਾਰ ਹੋ ਸਕਦਾ ਹੈ, ਕਿਉਂਕਿ ਬਣਾਵਟੀ ਸ਼ਖ਼ਸੀਅਤ ਨੂੰ ਕਾਇਮ ਰੱਖਣ ਲਈ ਬਹੁਤ ਭਾਵਨਾਤਮਕ ਊਰਜਾ ਦੀ ਲੋੜ ਹੁੰਦੀ ਹੈ। ਇਸੇ ਕਰਕੇ ਕਈ ਬਹੁਤ ਸਫਲ ਲੋਕ ਵੀ ਅੰਦਰੋਂ ਖਾਲੀਪਣ ਮਹਿਸੂਸ ਕਰਦੇ ਹਨ।ਸਭ ਤੋਂ ਡੂੰਘਾ ਇਕੱਲਾਪਣ ਇਕੱਲੇ ਰਹਿਣਾ ਨਹੀਂ, ਸਗੋਂ ਆਪਣੇ ਆਪ ਤੋਂ ਦੂਰ ਹੋ ਕੇ ਜੀਉਣਾ ਹੈ।ਜਦੋਂ ਬਾਹਰੀ ਅਤੇ ਅੰਦਰੂਨੀ ਸ਼ਖ਼ਸੀਅਤ ਵਿਚਕਾਰ ਫ਼ਰਕ ਬਹੁਤ ਵੱਧ ਜਾਂਦਾ ਹੈ, ਤਾਂ ਮਨੋਵਿਗਿਆਨਕ ਤਣਾਅ ਪੈਦਾ ਹੁੰਦਾ ਹੈ। ਇਹ ਅਣਦਿੱਖੀ ਲੜਾਈ ਚਿੰਤਾ, ਉਲਝਣ, ਭਾਵਨਾਤਮਕ ਥਕਾਵਟ ਅਤੇ ਪਹਿਚਾਣ ਦੇ ਸੰਕਟ ਦਾ ਕਾਰਨ ਬਣ ਸਕਦੀ ਹੈ।ਫਿਰ ਵੀ, -ਹਲਾਪਣ ਹਮੇਸ਼ਾ ਮਾੜੀ ਚੀਜ਼ ਨਹੀਂ ਹੁੰਦਾ।ਕੁਦਰਤ ਵਿੱਚ ਵੀ ਜੀਵ ਆਪਣੇ ਆਪ ਨੂੰ ਬਚਾਉਣ ਲਈ ਛੁਪਾਉਂਦੇ ਹਨ। ਮਨੁੱਖ ਵੀ ਕਈ ਵਾਰ ਜੀਵਨ ਦੀਆਂ ਮੁਸ਼ਕਲਾਂ ਨਾਲ ਨਜਿੱਠਣ ਲਈ ਆਪਣੀਆਂ ਭਾਵਨਾਵਾਂ ਨੂੰ ਢੱਕ ਲੈਂਦਾ ਹੈ। ਕਈ ਹਾਲਾਤਾਂ ਵਿੱਚ ਚੁੱਪ ਰਹਿਣਾ ਅਤੇ ਆਪਣੇ ਆਪ ਨੂੰ ਬਚਾ ਕੇ ਰੱਖਣਾ ਸਮਝਦਾਰੀ ਹੁੰਦੀ ਹੈ।ਇਸ ਲਈ ਇਹ ਨਕਾਬ ਇੱਕ ਢਾਲ ਵੀ ਹੈ ਅਤੇ ਇੱਕ ਕੈਦਖਾਨਾ ਵੀ।ਇਹ ਤੁਰੰਤ ਭਾਵਨਾਤਮਕ ਖ਼ਤਰੇ ਤੋਂ ਬਚਾਉਂਦਾ ਹੈ, ਪਰ ਜੇ ਇਹ ਬਹੁਤ ਲੰਬੇ ਸਮੇਂ ਤੱਕ ਬਣਿਆ ਰਹੇ, ਤਾਂ ਮਨੁੱਖ ਨੂੰ ਆਪਣੀ ਅਸਲ ਹਕੀਕਤ ਤੋਂ ਦੂਰ ਕਰ ਦਿੰਦਾ ਹੈ।ਸ਼ਹਿਰੀ ਜੀਵਨ ਵਿੱਚ ਇਹ ਗੱਲ ਹੋਰ ਸਪਸ਼ਟ ਦਿਸਦੀ ਹੈ। ਲੋਕ ਇੱਕ-ਦੂਜੇ ਨਾਲ ਜੁੜੇ ਹੋਏ ਲੱਗਦੇ ਹਨ, ਪਰ ਮਨੋਵਿਗਿਆਨਕ ਤੌਰ ਤੇ ਇਕੱਲੇ ਹੁੰਦੇ ਹਨ। ਜਿੰਨੀ ਵੱਧ ਤਕਨਾਲੋਜੀ ਅਤੇ ਸੰਚਾਰ ਵਧਦਾ ਹੈ, ਉੱਨੀ ਹੀ ਅਸਲੀ ਭਾਵਨਾਤਮਕ ਖੁੱਲ੍ਹਾਪਣ ਘਟਦਾ ਜਾਂਦਾ ਹੈ। ਮਨੁੱਖ ਪਹਿਲਾਂ ਨਾਲੋਂ ਵੱਧ ਗੱਲਾਂ ਕਰ ਰਿਹਾ ਹੈ, ਪਰ ਆਪਣੇ ਆਪ ਨੂੰ ਘੱਟ ਦਿਖਾ ਰਿਹਾ ਹੈ।

**ਡਾ: ਸੇਠੀ ਕੇ ਸੀ ਕਹਿੰਦੇ ਹਨ:** "ਸੱਭਿਆਚਾਰ ਨੇ ਮਨੁੱਖ ਨੂੰ ਜਨਤਕ ਤੌਰ 'ਤੇ ਗੱਲ ਕਰਨੀ ਤਾਂ ਸਿਖਾ ਦਿੱਤੀ ਹੈ, ਪਰ ਸੱਚਾਈ ਨਾਲ ਗੱਲ ਕਰਨੀ ਲਾਜ਼ਮੀ ਨਹੀਂ ਸਿਖਾਈ।"ਅੱਜ ਦਾ ਸਮਾਜ ਅਕਸਰ ਅਸਲੀਅਤ ਨਾਲੋਂ ਪੇਸ਼ਕਾਰੀ ਨੂੰ ਵੱਧ ਮਹੱਤਵ ਦਿੰਦਾ ਹੈ। ਲੋਕਾਂ ਦੀ ਤਸਵੀਰ, ਦਰਜਾ, ਪ੍ਰਭਾਵ ਅਤੇ ਉਪਲਬਧੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ।ਸਮੱਸਿਆ ਤਦ ਪੈਦਾ ਹੁੰਦੀ ਹੈ ਜਦੋਂ ਨਕਾਬ ਸਥਾਈ ਬਣ ਜਾਂਦਾ ਹੈ।

ਜਦੋਂ ਮਨੁੱਖ ਆਪਣੇ ਅਸਲ ਜਜ਼ਬਾਤਾਂ ਨੂੰ ਬਹੁਤ ਲੰਬੇ ਸਮੇਂ ਲਈ ਦਬਾ ਲੈਂਦਾ ਹੈ, ਤਾਂ ਉਹ ਆਪਣੀ ਅਸਲੀ ਪਛਾਣ ਤੋਂ ਦੂਰ ਹੋ ਸਕਦਾ ਹੈ। ਉਸ ਦਾ ਚਿਹਰਾ ਅਤੇ ਉਸ ਦੀ ਸੱਚਾਈ ਵੱਖ-ਵੱਖ ਹੋ ਜਾਂਦੇ ਹਨ। ਬਹੁਤ ਸਾਰੇ ਲੋਕਾਂ ਕੋਲ ਸੁਖ-ਸੁਵਿਧਾਵਾਂ, ਦੌਲਤ, ਰਿਸ਼ਤੇ ਅਤੇ ਮਾਣ-ਸਨਮਾਨ ਹੁੰਦੇ ਹਨ, ਫਿਰ ਵੀ ਉਹ ਅੰਦਰੋਂ ਖਾਲੀ ਮਹਿਸੂਸ ਕਰਦੇ ਹਨ। ਇਹ ਅਕਸਰ ਵਸਤੂਆਂ ਦੀ ਘਾਟ ਨਹੀਂ, ਸਗੋਂ ਆਪਣੇ ਆਪ ਨਾਲ ਸੰਬੰਧ ਟੁੱਟ ਜਾਣ ਦਾ ਨਤੀਜਾ ਹੁੰਦਾ ਹੈ।ਮਨੁੱਖੀ ਆਤਮਾ ਅਸਲੀ ਹੋਣਾ ਚਾਹੁੰਦੀ ਹੈ। ਹਰ ਮਨੁੱਖ ਦੇ ਅੰਦਰ ਇਹ ਇੱਛਾ ਹੁੰਦੀ ਹੈ ਕਿ ਉਸ ਨੂੰ ਉਸੇ ਰੂਪ ਵਿੱਚ ਸਮਝਿਆ, ਸਵੀਕਾਰਿਆ ਅਤੇ ਪਿਆਰ ਕੀਤਾ ਜਾਵੇ ਜਿਵੇਂ ਉਹ ਅਸਲ ਵਿੱਚ ਹੈ, ਬਿਨਾਂ ਕਿਸੇ ਨਕਾਬ ਜਾਂ ਦਿਖਾਵੇ ਦੇ। ਦਰਸ਼ਨ ਸਾਨੂੰ ਸਿਖਾਉਂਦਾ ਹੈ ਕਿ ਮਨੁੱਖ ਸਿਰਫ਼ ਸਮਾਜਕ ਜੀਵ ਨਹੀਂ, ਸਗੋਂ ਅਰਥ ਦੀ ਖੋਜ ਕਰਨ ਵਾਲਾ ਜੀਵ ਵੀ ਹੈ। ਜੇ ਜੀਵਨ ਪੂਰੀ ਤਰ੍ਹਾਂ ਦਿਖਾਵੇ ਵਿੱਚ ਬੀਤ ਜਾਵੇ, ਤਾਂ ਉਹ ਕੁਦਰਤੀ ਅਤੇ ਸੰਤੁਲਿਤ ਜੀਵਨ ਨਹੀਂ ਰਹਿੰਦਾ। ਚੁਣੌਤੀ ਇਹ ਨਹੀਂ ਕਿ ਨਕਾਬ ਨੂੰ ਪੂਰੀ ਤਰ੍ਹਾਂ ਛੱਡ ਦਿੱਤਾ ਜਾਵੇ, ਕਿਉਂਕਿ ਵਿਹਾਰਕ ਜੀਵਨ ਵਿੱਚ ਕੁਝ ਹੱਦ ਤੱਕ ਇਹ ਜ਼ਰੂਰੀ ਹੈ। ਅਸਲ ਚੁਣੌਤੀ ਇਹ ਹੈ ਕਿ ਨਕਾਬ ਚਿਹਰਾ ਨਾ ਬਣ ਜਾਵੇ।

ਡਾ: ਸੇਠੀ ਕੇ ਸੀ ਇਸ ਨੂੰ ਸੁੰਦਰ ਢੰਗ ਨਾਲ ਕਹਿੰਦੇ ਹਨ: "ਜਦੋਂ ਜੀਵਨ ਬਚਾਉਣ ਲਈ ਨਕਾਬ ਪਹਿਨਣਾ ਪਵੇ, ਤਾਂ ਪਹਿਨੋ; ਪਰ ਉਸ ਚਿਹਰੇ ਨੂੰ ਕਦੇ ਨਾ ਭੁੱਲੋ ਜੋ ਨਕਾਬ ਦੇ ਪਿੱਛੇ ਹੈ।" ਇਹੀ ਮਨੋਵਿਗਿਆਨਕ ਵਿਕਾਸ ਦੀ ਇੱਕ ਮਹੱਤਵਪੂਰਨ ਪੌੜੀ ਹੈ।ਅਸਲੀਅਤ ਵੱਲ ਪਹਿਲਾ ਕਦਮ ਆਪਣੇ ਆਪ ਨੂੰ ਪਛਾਣਨਾ ਹੈ। ਜੇ ਕੋਈ ਦਰਸ਼ਕ ਨਾ ਹੋਵੇ, ਤਾਂ ਮੈਂ ਕੌਣ ਹਾਂ? ਮੈਂ ਕਿਹੜੀਆਂ ਭਾਵਨਾਵਾਂ ਤੋਂ ਹਮੇਸ਼ਾ ਬਚਦਾ ਹਾਂ? ਮੇਰੀ ਸ਼ਖ਼ਸੀਅਤ ਦਾ ਕਿੰਨਾ ਹਿੱਸਾ ਕੁਦਰਤੀ ਹੈ ਅਤੇ ਕਿੰਨਾ ਹਿੱਸਾ ਸੁਰੱਖਿਆ ਲਈ ਬਣਾਇਆ ਗਿਆ ਹੈ? ਇਹ ਸਵਾਲ ਅਸਾਨ ਨਹੀਂ, ਪਰ ਜੀਵਨ ਬਦਲ ਸਕਦੇ ਹਨ। ਸ਼ਾਇਦ ਸਮਾਜਕ ਪੂਰਨਤਾ ਕਦੇ ਪੂਰੀ ਤਰ੍ਹਾਂ ਪ੍ਰਾਪਤ ਨਾ ਹੋਵੇ, ਪਰ ਅਸੀਂ ਆਪਣੀ ਬਾਹਰੀ ਅਤੇ ਅੰਦਰੂਨੀ ਸ਼ਖ਼ਸੀਅਤ ਵਿਚਕਾਰ ਦੀ ਦੂਰੀ ਘਟਾ ਸਕਦੇ ਹਾਂ। ਜਦੋਂ ਦਿਖਾਵਾ ਘਟਦਾ ਹੈ, ਮਨੁੱਖ ਮਨੋਵਿਗਿਆਨਕ ਤੌਰ ਤੇ ਹਲਕਾ ਮਹਿਸੂਸ ਕਰਦਾ ਹੈ।

ਅਖੀਰ ਵਿੱਚ, ਸਾਡੇ ਹਰ ਇੱਕ ਕੋਲ ਅਜਿਹੀਆਂ ਕਹਾਣੀਆਂ ਹਨ ਜੋ ਸਿਰਫ਼ ਅਸੀਂ ਜਾਣਦੇ ਹਾਂ। ਚਿਹਰਿਆਂ ਦੇ ਪਿੱਛੇ ਲੜਾਈਆਂ, ਡਰ, ਅੰਸੂ, ਸੁਪਨੇ ਅਤੇ ਸਾਲਾਂ ਤੋਂ ਲੁਕਾਈਆਂ ਭਾਵਨਾਵਾਂ ਹੁੰਦੀਆਂ ਹਨ। ਇਸ ਲਈ ਮਨੁੱਖ ਨੂੰ ਹਮਦਰਦੀ ਸਿੱਖਣੀ ਚਾਹੀਦੀ ਹੈ।

ਸਾਡੇ ਸਾਹਮਣੇ ਖੜ੍ਹਾ ਵਿਅਕਤੀ ਸਿਰਫ਼ ਆਪਣੇ ਸ਼ਬਦਾਂ ਨਾਲ ਹੀ ਨਹੀਂ, ਸਗੋਂ ਆਪਣੇ ਅੰਦਰ ਲੁਕਾਏ ਦਰਦ ਨਾਲ ਵੀ ਆਪਣੀ ਗੱਲ ਕਹਿ ਰਿਹਾ ਹੁੰਦਾ ਹੈ।ਅਤੇ ਜੀਵਨ ਦੀ ਸਭ ਤੋਂ ਵੱਡੀ ਸਿਆਣਪ ਇਹ ਹੈ ਕਿ ਮਨੁੱਖ ਹੌਲੀ-ਹੌਲੀ ਹੀ ਸਹੀ, ਪਰ ਸੱਚਾਈ ਦੀ ਰੌਸ਼ਨੀ ਵਿੱਚ ਜੀਣਾ ਸਿੱਖੇ।



ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS


DAWSON'S LANDING
CHESTERMERE
Your Perfect Landing Spot Awaits
ਚੈਸਟਰਮੇਰ ਦੇ ਕੁਦਰਤ ਨਾਲ ਜੁੜੇ ਭਾਈਚਾਰੇ ਵਿੱਚ ਨਿਰਮਾਣ ਕਰਨ ਦਾ ਤੁਹਾਡਾ ਆਖਰੀ ਮੌਕਾ ਇੱਥੇ ਹੈ।
ਆਖਿਰੀ ਫੇਸ
ਹੁਣ ਵੇਚ ਰਹੇ ਹਾਂ
LANED HOMES from the high $400s
FRONT GARAGE DUPLEXES from the high $500s
FRONT GARAGE HOMES from the low $700s
SEMI-ESTATE HOMES from the high $700s
ਡਾਸਨਜ਼ ਲੈਂਡਿੰਗ ਝੀਲ ਦੇ ਕਿਨਾਰੇ ਸਥਿਤ ਚੈਸਟਰਮੇਰ ਸ਼ਹਿਰ ਵਿੱਚ ਇੱਕ ਸਥਾਪਿਤ ਭਾਈਚਾਰਾ ਹੈ,ਜੋ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਭਾਈਚਾਰੇ ਦੇ 5 ਪਾਰਕਾਂ ਵਿੱਚੋਂ ਇੱਕ ਵਿੱਚ ਦੋਸਤਾਂ ਨਾਲ ਇਕੱਠੇ ਹੋਵੋ, ਖੇਡ ਦੇ ਮੈਦਾਨ ਵਿੱਚ ਇੱਕ ਦੁਪਹਿਰ ਬਿਤਾਓ, ਬਾਸਕਟਬਾਲ ਪੈਡ 'ਤੇ ਕੁੱਝ ਹੂਪਸ ਸ਼ੂਟ ਕਰੋ, ਜਾਂ ਸੁੰਦਰ ਮਾਰਗ ਪ੍ਰਣਾਲੀ ਦੇ ਨਾਲ ਸੈਰ ਕਰੋ। ਇੱਕ ਡੌਗ ਪਾਰਕ ਹੁਣ ਖੁੱਲ੍ਹਾ ਹੈ, ਅਤੇ ਨੇੜਲੇ ਭਵਿੱਖ ਲਈ ਇੱਕ ਈਕੋ ਪਾਰਕ ਦੀ ਯੋਜਨਾ ਬਣਾਈ ਗਈ ਹੈ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਸੰਪੂਰਨ ਸੁਮੇਲ ਪੇਸ਼ ਕਰਦਾ ਹੈ।
ਆਪਣੇ ਮਨਪਸੰਦ ਬਿਲਡਰ ਨਾਲ ਅੱਜ ਹੀ ਸੰਪਰਕ ਕਰੋ!
• Broadview Homes • Sterling Homes • NuVista Homes
• Truman • Trico Homes • Genesis Builders
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


bridgeport
CHESTERMERE
ਇਸ ਨੂੰ ਬਣਾਓ
ਇਸ ਨੂੰ ਅਕਾਰ ਦਿਓ
ਇਸ ਨੂੰ ਪਿਆਰ ਕਰੋ
ਚੈਸਟਰਮੀਅਰ ਵਿੱਚ ਇੱਕ ਬਿਲਕੁਲ ਨਵੀਂ ਕਮਿਓਨਿਟੀ ਬਣਨ ਜਾ ਰਹੀ ਹੈ, ਅਤੇ ਜਿੰਦਗੀ ਦੀ ਕਹਾਣੀ ਲਿਖਣ ਵਿੱਚ ਤੁਹਾਡੀ ਮੱਦਦ ਕਰ ਸਕਦੀ ਹੈ। ਜਲਦੀ ਪਹੁੰਚੋ, ਜੜ੍ਹਾਂ ਨੂੰ ਹੇਠਾਂ ਰੱਖੋ, ਅਤੇ ਪਹਿਲੇ ਦਿਨ ਤੋਂ ਹੀ ਬ੍ਰਿਜਪੋਰਟ ਦੇ ਕਿਰਦਾਰ ਨੂੰ ਆਕਾਰ ਦੇਣ ਵਿੱਚ ਮਦਦ ਕਰੋ। ਇੱਕ ਘਰ ਲੱਭੋ ਜੋ ਅੱਜ ਤੁਹਾਡੀ ਜ਼ਿੰਦਗੀ ਦੇ ਅਨੁਕੂਲ ਹੈ ਅਤੇ ਇੱਕ ਭਾਈਚਾਰੇ ਵਿੱਚ ਸ਼ਾਮਿਲ ਹੋਵੋ ਜੋ ਤੁਹਾਡੀ ਜਿੰਦਗੀ ਦੀ ਕਹਾਣੀ ਦੇ ਨਾਲ ਨਾਲ ਵਧੇਗਾ।
Find Your Dream Home!
liveinbridgeport.com
LANED DUPLEXES from the mid $500s
LANED HOMES from the high $500s
FRONT GARAGE HOMES from the mid $700s
Our Premier Builders:
• NuVista Homes • Shane Homes
• Sterling Homes • Broadview Homes
• Truman • Trico Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


BHINDER EXTERIORS LTD.
BHINDER
EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com


ਅੰਤ ਵਿੱਚ, ਸਾਊਥ ਵੈਸਟ ਦਾ ਰਹਿਣ-ਸਹਿਣ ਜੋ ਤੁਹਾਡੇ ਬਜਟ ਦੇ ਅਨੁਕੂਲ ਹੈ
FROM THE MID $500s
TOWNHOMES from the mid $500s
LANED DUPLEXES from the low $600s
LANED HOMES from the mid $600s
FRONT GARAGE from the low $700s
ਵਰਮਿਲੀਅਨ ਹਿੱਲ 'ਤੇ ਦੌੜਨ ਦਾ ਜਸ਼ਨ ਮਨਾਓ, ਇੱਕ ਅਜਿਹਾ ਭਾਈਚਾਰਾ ਜਿੱਥੇ ਕੁਦਰਤ ਨਾਲ ਭਰਪੂਰ ਰਹਿਣ-ਸਹਿਣ ਅਤੇ ਸ਼ਹਿਰੀ ਸਹੂਲਤਾਂ ਦਾ ਸੰਪੂਰਨ ਮਿਸ਼ਰਣ ਹੈ। ਕੁਝ ਮਿੰਟਾਂ ਦੀ ਦੂਰੀ 'ਤੇ ਸਥਾਪਿਤ ਰਸਤੇ, ਪਾਰਕਾਂ, ਖੇਡ ਦੇ ਮੈਦਾਨਾਂ ਅਤੇ ਜ਼ਰੂਰੀ ਸਹੂਲਤਾਂ ਦਾ ਆਨੰਦ ਮਾਣੋ, ਨਾਲ ਹੀ ਡਾਊਨਟਾਊਨ, ਫਿਸ਼ ਕਰੀਕ ਪਾਰਕ ਅਤੇ ਕਨਾਨਾਸਕਿਸ ਤੱਕ ਨਿਰਵਿਘਨ ਪਹੁੰਚ ਦਾ ਆਨੰਦ ਮਾਣੋ। ਅੱਜ ਹੀ ਦੱਖਣ-ਪੱਛਮ ਦੇ ਪੂਰੇ ਜੀਵਨ ਸ਼ੈਲੀ ਪੈਕੇਜ ਦੀ ਖੋਜ ਕਰੋ — ਪ੍ਰੀਮੀਅਮ ਕੀਮਤ ਟੈਗ ਤੋਂ ਬਿਨਾਂ।
• NuVista Homes • Genesis Builders • Shane Homes • Homes by Avi
• Sterling Homes • Broadview Homes
FIND YOUR HOME TODAY AT
liveinvermilionhill.com
Vermilion Hill
QUALICO communities
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.